I N T E R N A T I O N A L
# ਪੰਜਾਬੀ ਟ੍ਰਿਬਿਊਨ
Funded by the Government of Canada | Financé par le gouvernement du Canada | Canada
BILINGUAL NEWSPAPER : ENGLISH AND PUNJABI
EXECUTIVE EDITOR : RACHHPAL SINGH GILL
Ph. : 604-616-2171 E-mail: iptribune@gmail.com www.punjabitribune.ca
Vol.31 / No.17
18 April, 2025
੬ ਵੈਸਾਖ ਨਾਨਕਸ਼ਾਹੀ ਸੰਮਤ ੫੫੭




## ਵਿਸ਼ਵ ਧਰਤੀ ਦਿਵਸ ‘ਤੇ ਵਿਸ਼ੇਸ਼

**ਸਰੀ, (ਏਕਜੋਤ ਸਿੰਘ):** ਪੂਰੇ ਵਿਸ਼ਵ ਭਰ ਵਿਚ 22 ਅਪ੍ਰੈਲ ਦਾ ਦਿਨ ਧਰਤੀ ਦਿਵਸ ਮਨਾਇਆ ਜਾਂਦਾ ਹੈ। 1970 ਵਿਚ ਸ਼ੁਰੂ ਕੀਤੇ ਗਏ ਇਸ ਦਿਵਸ ਨੂੰ 192 ਦੇਸ਼ਾਂ ਨੇ ਖੁੱਲ੍ਹੀਆਂ ਬਾਹਾਂ ਨਾਲ ਅਪਣਾਇਆ ਅਤੇ ਇਸ ਦਿਨ ਬਹੁਤ ਸਾਰੇ ਲੋਕਾਂ ਵਲੋਂ ਧਰਤੀ ਮਾਤਾ ਦੀ ਸਾਂਭ ਸੰਭਾਲ ਲਈ ਕੁੱਝ ਚੰਗਾ ਕਰਨ ਦਾ ਪ੍ਰਣ ਲਿਆ ਜਾਂਦਾ ਹੈ। ਅੱਜ ਵਿਸ਼ਵ ਭਰ ਦੇ ਵਿਗਿਆਨੀ

☛ ਬਾਕੀ ਸਫ਼ਾ 6 ’ਤੇ

## ਕੈਨੇਡਾ ਵਿੱਚ ਟੈਕਸ ਭਰਨ ਦੀ ਆਖ਼ਰੀ ਤਰੀਕ 30 ਅਪ੍ਰੈਲ

**ਸਰੀ, (ਏਕਜੋਤ ਸਿੰਘ):** ਕੈਨੇਡਾ ਰੈਵੇਨਿਊ ਏਜੰਸੀ ਵੱਲੋਂ 2024 ਟੈਕਸ ਸਾਲ ਲਈ ਵਿਅਕਤੀਗਤ ਆਮਦਨ ਟੈਕਸ ਰਿਟਰਨ ਦਾਇਰ ਕਰਨ ਦੀ ਆਖਰੀ ਤਾਰੀਖ 30 ਅਪ੍ਰੈਲ 2025 ਨਿਸ਼ਚਿਤ ਕੀਤੀ ਗਈ ਹੈ। ਕੈਨੇਡਾ ਰੈਵੇਨਿਊ ਏਜੰਸੀ ਨੇ ਦੇਸ਼ ਭਰ ਦੇ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਟੈਕਸ ਰਿਟਰਨ ਸਮੇਂ ਸਿਰ ਜਮ੍ਹਾ ਕਰਨ ਤਾਂ ਜੋ ਜੁਰਮਾਨੇ ਆਦਿ ਤੋਂ ਬਚਿਆ ਜਾ ਸਕੇ।

ਕੈਨੇਡਾ ਰੈਵੇਨਿਊ ਏਜੰਸੀ ਵੱਲੋਂ ਜਾਰੀ ਕੀਤੇ ਗਿਆ ਬਿਆਨ ਮੁਤਾਬਕ, ਟੈਕਸ ਫਾਈਲ ਕਰਨਾ ਸਿਰਫ਼ ਕਾਨੂੰਨੀ ਜ਼ਿੰਮੇਵਾਰੀ ਨਹੀਂ, ਸਗੋਂ ਇਹ ਕਈ ਮਹੱਤਵਪੂਰਨ ਸਰਕਾਰੀ ਲਾਭਾਂ ਨੂੰ ਹਾਸਲ ਕਰਨ ਲਈ ਵੀ ਜ਼ਰੂਰੀ ਹੈ – ਜਿਵੇਂ ਕਿ GST/HST ਕ੍ਰੈਡਿਟ, ਕੈਨੇਡਾ ਚਾਇਲਡ ਬੈਨਿਫਿਟ, ਓਲਡ ਏਜ ਸੁਰੱਖਿਆ ਅਤੇ ਹੋਰ ਸਹਾਇਕ ਸਕੀਮਾਂ ਦਾ ਫਾਇਦਾ ਲੈਣਾ

☛ ਬਾਕੀ ਸਫ਼ਾ 6 ’ਤੇ

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਫੈਮੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8

Sarup Singh Chandi
Ph: 604-572-5050
Residential, Commercial & Private Mortgage
BEST POSSIBLE RATE AVAILABLE
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
AG Aanchal Ghai Notary Corporation
OUR SERVICES
- Notarizations
- Real Estate Conveyancing
- Wills & Powers of Attorney
Payal Business Centre
80 ਐਵਨਿਊ ਵਾਲੇ ਪਾਸੇ
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

A-CLASS FOREIGN EXCHANGE
ਸਿਰਫ਼ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡਿਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ ਲੈਣ ਲਈ ਸੰਪਰਕ ਕਰੋ
ZIRA CURRENCY EXCHANGER LTD.
ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ਬਖ਼ਸ਼ੀਸ਼ ਸਿੰਘ ਜ਼ੀਰਾ, 604-562-7000, 604-314-0000 #397-8148-128 ST. (PAYAL BUSINESS CENTRE) SURREY

So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੌਲਿਜ ਟੈਸਟ
Lucky Sekhon, 604-614-5365
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ ਬੈਂਕਿਊਟ ਹਾਲ ਦੇ ਹੇਠਾਂ

Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ ’ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ ’ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸ਼ਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

Satya Asha
FUSION 9
100% VEGETARIAN INDIAN RESTAURANT
Real Indian Espresso Coffee
Eat-in and Take out
We do customize Catering for all occasions
TUESDAY TO FRIDAY 10:00am to 8:30pm
SATURDAY - SUNDAY 9:00am to 8:30pm
MONDAY CLOSED
Tel: 604-597-7077, 604-596-4191
#5&6-12818-72nd, Avenue, Surrey
www.safusion9.com

ELECT

# GREGOR ROBERTSON
# ਗਰੈਗਰ ਰੌਬਰਟਸਨ

Vancouver Fraserview- South Burnaby



www.gregorrobertson.ca
2010 48th Avenue E, Vancouver BC
604-321-4884

Liberal

Authorized by the Official Agent of Gregor Robertson

## EXPERIENCED, TRUSTED, BRIDGE BUILDER

**ਮਜ਼ਬੂਤ ਲੀਡਰਸ਼ਿਪ**

- 2008-2018: ਵੈਨਕੂਵਰ ਦੇ ਮੇਅਰ
- 2005-2008: ਬੀ.ਸੀ. ਐਨ.ਡੀ.ਪੀ. ਐਮ.ਐਲ.ਏ. (ਵੈਨਕੂਵਰ-ਫੇਅਰਵਿਊ)

**ਸਾਡੇ ਭਾਈਚਾਰੇ ਵਿੱਚ ਨਿਵੇਸ਼**

- ਕਿਲਾਰਨੀ ਅਤੇ ਸਨਸੈੱਟ ਸੀਨੀਅਰਜ਼ ਸੈਂਟਰ
- ਰਿਵਰ ਡਿਸਟ੍ਰਿਕਟ ਹਾਊਸਿੰਗ
- ਫਾਇਰ-ਹਾਲ ਨੰਬਰ 5 ਅਤੇ ਫਾਇਰ-ਹਾਲ ਨੰਬਰ 17

**ਕਾਰੋਬਾਰੀ ਤਜਰਬਾ**

- ਹੈਪੀ ਪਲੈਨਟ ਫੂਡਜ਼ ਦੇ ਸੰਸਥਾਪਕ ਅਤੇ ਸਾਬਕਾ ਸੀ.ਈ.ਓ.

On April 28th, 2025
**Vote for Gregor Robertson**
Liberal Candidate for Vancouver Fraserview - South Burnaby

AUTHORIZED BY THE OFFICIAL AGENT FOR GREGOR ROBERTSON


BHARTI ART JEWELLERS
SINCE - 1973
ਭਾਰਤੀ ਆਰਟ ਜਿਊਲਰਜ਼
ਪਾਇਲ ਬਿਜ਼ਨਸ ਸੈਂਟਰ, ਸਰੀ
HAPPY VAISAKHI
ਭਾਰਤੀ ਆਰਟ ਜ਼ਿਊਲਰਜ਼ ਵਲੋਂ ਆਪ ਸਭ ਨੂੰ
ਵਿਸਾਖੀ ਦੀਆਂ ਲੱਖ ਲੱਖ ਵਧਾਈਆਂ
778-565-5000
346-8140 128 STREET SURREY BC
(PAYAL BUSINESS CENTRE)
604-327-8711
6612 MAIN STREET, VANCOUVER BC
INFO@BHARATIJEWELLERS.COM
Gold & Diamond Jewellery
bharti.art.jewellers



ਇਸ ਸਾਲ ਆਪਣੇ ਪੁਰਾਣੀਆਂ ਵਸਤੂਆਂ ਨੂੰ ਵਾਪਸ ਦੇ ਕੇ ਵਿਸਾਖੀ ਦੀ ਜਸ਼ਨ ਮਨਾਓ!
ਇਲੈਕਟ੍ਰਾਨਿਕਸ ਵਸਤੂਆਂ ਦੀ ਰੀਸਾਈਕਲੰਗਿ ਧਾਤਾਂ, ਪਲਾਸਟਿਕ ਅਤੇ ਹੋਰ ਸਰੋਤਾਂ ਨੂੰ ਆਮ ਕੂੜੇ ਤੋਂ ਬਾਹਰ ਰੱਖਦੀ ਹੈ, ਇਸ ਲਈ ਪੁਰਾਣੀਆਂ ਇਲੈਕਟ੍ਰਾਨਿਕਸ ਸਮੱਗਰੀਆਂ ਤੋਂ ਨਵੇਂ ਉਤਪਾਦ ਬਣਾਏ ਜਾ ਸਕਦੇ ਹਨ।
ਅੱਜ ਹੀ ਆਪਣੇ ਪੁਰਾਣੇ ਇਲੈਕਟ੍ਰਾਨਿਕਸ ਅਤੇ ਹੋਰ ਰੀਸਾਈਕਲ ਹੋਣ ਯੋਗ ਵਸਤੂਆਂ ਨੂੰ ਸਾਡੇ ਕੋਲ ਲੈ ਕੇ ਆਓ!
ਕਿਹੜੇ ਇਲੈਕਟ੍ਰੌਨਿਕਸ ਦੇ ਸਮਾਨ ਨੂੰ ਰੀਸਾਈਕਲ ਕੀਤਾ ਜਾ ਸਕਦਾ ਹੈ?
ਡੈਸਕਟਾਪ / ਪੋਰਟੇਬਲ ਕੰਪਿਊਟਰ (Computer)
ਡਿਸਪਲੇ ਡਿਵਾਈਸ (Device)
ਪ੍ਰਿੰਟਿੰਗ, ਸਕੈਨਿੰਗ ਮਸ਼ੀਨਾਂ ਅਤੇ ਮਲਟੀ-ਫੰਕਸ਼ਨ ਡਿਵਾਈਸ (Multi-Function Devices)
ਡੈਸਕਟਾਪ, ਪ੍ਰਿੰਟਰ (Printer)
ਹੋਮ ਆਡੀਓ/ ਵੀਡੀਓ ਸਿਸਟਮ (Audio/Video)
ਆਡੀਓ / ਵੀਡੀਓ ਸਿਸਟਮ
ਨਿੱਜੀ ਆਡੀਓ/ਵੀਡੀਓ ਸਿਸਟਮ
ਵੀਡੀਓ ਗੇਮਿੰਗ ਸਿਸਟਮ / ਬੈਟਰੀ ਨਾਲ ਚੱਲਣ ਵਾਲੇ ਖਿਡੌਣੇ
ਮੋਬਾਇਲ ਫੋਨ ਅਤੇ ਗੈਰ-ਸੈਲੂਲਰ ਫੋਨ
ਟੈਲੀਕਾਮ (Telecom) ਦਾ ਸਮਾਨਇਲੈਕਟ੍ਰਿਕ ਸਾਈਕਲ
ਮੈਡੀਕਲ ਉਪਕਰਨ
ਸੰਗੀਤ ਯੰਤਰ
ਇਲੈਕਟ੍ਰਿਕ ਸਾਈਕਲ
ਇਲੈਕਟ੍ਰਿਕ ਸਕੂਟਰ
ਰਸੋਈ ਦੇ ਕਾਊਂਟਰਟੌਪ ਤੇ ਲੱਗਣ ਵਾਲੇ ਸਟੋਵ ਅਤੇ ਹੋਰ ਉਪਕਰਣ
ਸਫਾਈ/ਘਰ ਦੀ ਦੇਖਭਾਲ ਵਾਲੇ ਉਪਕਰਣ
ਹਵਾ ਨੂੰ ਸ਼ੁੱਧ ਕਰਨ ਵਾਲੇ
ਪਾਵਰ ਟੂਲ ਡਰਿਲ ਅਤੇ ਹੋਰ ਸੰਦ
ਹੁਨਰ ਅਤੇ ਦਸਤਕਾਰੀ ਵਾਲੀਆਂ ਰੀਸਾਇਕਲ ਹੋਣ ਯੋਗ ਵਸਤੂਆਂ
ਨਿੱਜੀ ਦੇਖਭਾਲ ਵਾਲੇ ਉਪਕਰਣ
ਕਸਰਤ ਅਤੇ ਜਿਮ ਵਾਲੇ ਉਪਕਰਣ
ਆਪਣੇ ਘਰ ਦੇ ਨੇੜੇ ਦੀ ਲ਼ੋਕੇਸ਼ਨ ਤੇ ਜਾਵੋ ਜਾਂ ਵੈਬ ਸਾਇਟ ਤੇ Return-It.ca/Electronics
Return-It Electronics
ਰਿਟਰਨ-ਇਟ (Return It) ਇਲੈਕਟ੍ਰਾਨਿਕ ਪ੍ਰੋਡਕਟਸ ਰੀਸਾਈਕਲਿੰਗ ਐਸੋਸੀਏਸ਼ਨ (ਬ੍ਰਿਟਿਸ਼ ਕੋਲੰਬੀਆ) ਦਾ ਹਿੱਸਾ ਹੈ।
RECYCLE MY ELECTRONICS




ਖਾਲਸਾ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ
A F G
APICAL FINANCIAL GROUP
MORTGAGE
· RESIDENTIAL
· REFINANCE
· EQUITY MORTGAGE
COMMERCIAL
· CONSTRUCTION
· PRIVATE LENDING
· DEBT CONSOLIDATION
abw
A BETTER WAY MORTGAGE GROUP
MORTGAGE ARCHITECTS
NEETU BEDI
Mortgage Advisor
604.379.7212
nbedimortgages@gmail.com

# HAPPY VAISAKHI

Authorized by the official agent of Randeep Sarai



*Best wishes from your Liberal Candidate*

## RANDEEP SARAI

Surrey Centre

ਵਿਸਾਖੀ ਦੀਆਂ ਲੱਖ ਲੱਖ ਵਧਾਈਆਂ

info@randeepsaraisurrey.ca

randeepsaraisurrey.ca

604-455-2299

10567 King George Blvd.

# ਬੱਬੂ ਮਾਨ ਦੇ ਪ੍ਰਸ਼ੰਸਕਾਂ ਨੇ ਵੈਨਕੂਵਰ ਲਾਈਵ ਸ਼ੋਅ ਸੰਬੰਧੀ ਡੈਲਟਾ ਵਿਖੇ ਦਫ਼ਤਰ ਖੋਲ੍ਹਿਆ

**ਸਰੀ, (ਹਰਦਮ ਮਾਨ)**: ਵੈਨਕੂਵਰ ਵਿਖੇ 3 ਮਈ 2025 ਨੂੰ ਨਾਮਵਰ ਗਾਇਕ ਬੱਬੂ ਮਾਨ ਦੇ ਹੋ ਰਹੇ ਸ਼ੋਅ ਅਤੇ ਟਿਕਟਾਂ ਦੀ ਜਾਣਕਾਰੀ ਸੰਬੰਧੀ ਬੱਬੂ ਮਾਨ ਦੇ ਪ੍ਰਸ਼ੰਸਕਾਂ ਵੱਲੋਂ ਡੈਲਟਾ ਵਿਖੇ ਅੱਜ ਵਿਸ਼ੇਸ਼ ਦਫਤਰ ਖੋਲ੍ਹਿਆ ਗਿਆ। ਇਸ ਦਫਤਰ ਦੇ ਉਦਘਾਟਨ ਸਮੇਂ ਵੱਡੀ ਗਿਣਤੀ ਵਿਚ ਬੱਬੂ ਮਾਨ ਦੇ ਪ੍ਰਸ਼ੰਸਕ ਪਹੁੰਚੇ। ਇਸ ਦਫਤਰ ਦੇ ਸੰਚਾਲਕ ਅੰਗਰੇਜ਼ ਬਰਾੜ, ਬਲਜਿੰਦਰ ਸੰਘਾ, ਧਰਮਿੰਦਰ ਮਾਵੀ , ਮਨਜੀਤ ਸਿੰਘ ਮਾਂਗਟ, ਮਨਦੀਪ ਧਾਲੀਵਾਲ, ਹਰਮੀਤ ਖੁੱਡੀਆਂ ਅਤੇ ਜੀਵਨ ਸਿੱਧੂ ਨੇ ਸਭ ਨੂੰ ਜੀ ਆਇਆਂ ਕਿਹਾ।

ਇਸ ਮੌਕੇ ਬੋਲਦਿਆਂ ਪ੍ਰਸਿੱਧ ਸ਼ਾਇਰ ਮੋਹਨ ਗਿੱਲ, ਕਰਤਾਰ ਸਿੰਘ ਢਿੱਲੋਂ, ਪ੍ਰਸਿੱਧ ਗੀਤਕਾਰ ਜਸਬੀਰ ਗੁਣਾਚੌਰੀਆ, ਹਰਮਨ, ਨਵਦੀਪ ਗਿੱਲ, ਸੋਨੀ ਝਾਵਰ,ਹਰਪ੍ਰੀਤ ਸਿੱਧੂ ਨੇ ਕਿਹਾ ਕਿ ਬੱਬੂ ਮਾਨ ਨੇ ਆਪਣੀ ਗਾਇਕੀ ਅਤੇ ਗੀਤਕਾਰੀ ਰਾਹੀਂ ਪੰਜਾਬੀਆਂ ਦਾ ਮਨੋਰੰਜਨ ਕਰਨ ਦੇ ਨਾਲ ਨਾਲ ਸਮਾਜ ਨੂੰ ਸੇਧ ਦੇਣ ਦੀ ਕੋਸਸ਼ਿ ਕੀਤੀ ਹੈ। ਉਹ ਪੰਜਾਬ ਦੀ



ਮਿੱਟੀ ਦੇ ਨਾਲ ਜੁੜਿਆ ਹੋਇਆ ਹੈ, ਪੰਜਾਬ ਤੇ ਪੰਜਾਬ ਦੀ ਕਿਸਾਨੀ ਦਾ ਖੈਰ-ਖੁਆਹ ਹੈ ਅਤੇ ਜਿੱਥੇ ਕਿਤੇ ਉਸ ਨੂੰ ਸਮਾਜ ਵਿੱਚ ਕੋਈ ਊਣਤਾਈ ਨਜ਼ਰ ਆਈ ਤਾਂ ਉੱਥੇ ਉਸ ਨੇ ਬੜੀ ਸ਼ਿੱਦਤ ਅਤੇ ਨਿੱਡਰਤਾ ਨਾਲ ਆਪਣੇ ਗੀਤਾਂ ਰਾਹੀਂ ਆਵਾਜ਼ ਬੁਲੰਦ ਕੀਤੀ ਹੈ। ਉਸ ਨੇ ਪੰਜਾਬੀ ਸਮਾਜ ਅਤੇ ਦੇਸ਼ ਵਿਦੇਸ਼ ਵਿਚ ਆਪਣਾ ਫ਼ਖਰਯੋਗ ਮੁਕਾਮ ਆਪਣੀ ਮਿਹਨਤ ਅਤੇ ਲਗਨ ਨਾਲ ਬਣਾਇਆ ਹੈ ਅਤੇ ਪੰਜਾਬੀ ਪ੍ਰੇਮੀਆਂ ਦਾ ਫਰਜ਼ ਬਣਦਾ ਹੈ ਕਿ ਉਸ ਨੂੰ ਬਣਦਾ ਮਾਣ ਸਤਿਕਾਰ, ਪਿਆਰ ਦਿੱਤਾ ਜਾਵੇ।

ਅੰਤ ਵਿਚ ਹਾਜਰ ਦੋਸਤਾਂ ਦਾ ਧੰਨਵਾਦ ਕਰਦਿਆਂ ਅੰਗਰੇਜ਼ ਬਰਾੜ ਨੇ ਕਿਹਾ ਕਿ ਇਸ ਦਫਤਰ (7915-120 ਸਟਰੀਟ, ਡੈਲਟਾ) ਵਿਚ ਬੱਬੂ ਮਾਨ ਦੇ ਸ਼ੋਅ ਸਬੰਧੀ ਕੋਈ ਵੀ ਜਾਣਕਾਰੀ ਅਤੇ ਟਿਕਟਾਂ ਹਰ ਰੋਜ਼ ਸਵੇਰੇ 9 ਵਜੇ ਤੋਂ ਸ਼ਾਮ 9 ਵਜੇ ਹਾਸਲ ਕੀਤੀਆਂ ਜਾ ਸਕਣਗੀਆਂ। ਹੋਰ ਜਾਣਕਾਰੀ ਲਈ ਫੋਨ ਨੰਬਰ 604-345-2222 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕੈਲੀਫੋਰਨੀਆ ਦੇ ਗਵਰਨਰ ਨੇ ਕੈਨੇਡੀਅਨਾਂ ਨੂੰ ਯਾਤਰਾ ਕਰਨ ਦੀ ਕੀਤੀ ਅਪੀਲ

ਸਰੀ, (ਏਕਜੋਤ ਸਿੰਘ): ਅਮਰੀਕਾ ਵਿੱਚ ਵਧ ਰਹੇ ਤਣਾਅਪੂਰਨ ਮਾਹੌਲ ਅਤੇ ਟੈਰਿਫ਼ ਨੀਤੀਆਂ ਕਾਰਨ ਕੈਨੇਡੀਅਨ ਨਾਗਰਿਕਾਂ ਵੱਲੋਂ ਯੂ.ਐੱਸ. ਯਾਤਰਾ ਦਾ ਬਾਈਕਾਟ ਕੀਤਾ ਜਾ ਰਿਹਾ ਹੈ। ਇਸ ਦੇ ਨਤੀਜੇ ਵਜੋਂ ਹੁਣ ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਖੁਦ ਵੀਡੀਓ ਰਾਹੀਂ ਕੈਨੇਡੀਅਨਾਂ ਨੂੰ ਆਪਣੇ ਰਾਜ ਵਿੱਚ ਛੁੱਟੀਆਂ ਮਨਾਉਣ ਦੀ ਅਪੀਲ ਕੀਤੀ ਹੈ।

## ਕੈਲੀਫੋਰਨੀਆ ਦੇ ਗਵਰਨਰ ਨੇ ਟਰੰਪ ਨਰਜ਼ਰਅੰਦਾਜ਼ ਕਰਨ ਦੀ ਕੀਤੀ ਬੇਨਤੀ

ਪਿਛਲੇ ਸਾਲ ਲਗਭਗ 20 ਲੱਖ ਕੈਨੇਡੀਅਨ ਕੈਲੀਫੋਰਨੀਆ ਗਏ ਸਨ, ਪਰ ਇਸ ਵਾਰ ਦੇਖਣ ਨੂੰ ਮਿਲ ਰਹੇ ਬਾਈਕਾਟ ਕਾਰਨ ਰਾਜ ਦੀ ਸੈਰ-ਸਪਾਟਾ ਉਦਯੋਗ ਨੂੰ ਵੱਡੇ ਘਾਟੇ ਵੱਲ ਜਾ ਰਿਹਾ ਹੈ। ਗਵਰਨਰ ਨਿਊਸਮ ਨੇ ਆਪਣੇ ਸੰਦੇਸ਼ ਵਿੱਚ ਕੈਨੇਡੀਅਨਾਂ ਨੂੰ ਟਰੰਪ ਦੀ ਨੀਤੀਆਂ ਤੋਂ ਉਲਟ "ਵਾਈਨ, ਸੂਰਜ ਦੀ ਰੋਸ਼ਨੀ ਅਤੇ ਸਰਫਿੰਗ" ਦੀ ਭਰਪੂਰ ਪੇਸ਼ਕਸ਼ ਕਰਦਿਆਂ ਕਿਹਾ ਕਿ "ਤੁਸੀਂ ਸਾਡੇ ਮਹਿਮਾਨ ਹੋ, ਸਾਡੀ ਧਰਤੀ ਤੁਹਾਡੀ ਆਪਣੀ ਹੈ।"

ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕਈ ਵਾਰ ਕੈਨੇਡਾ ਨੂੰ ਲੈ ਕੇ



ਕੀਤੇ ਗਏ ਵਿਵਾਦਤ ਬਿਆਨਾਂ, ਜਿਸ ਵਿੱਚ ਉਹ ਕੈਨੇਡਾ ਨੂੰ 51ਵਾਂ ਅਮਰੀਕੀ ਰਾਜ ਬਣਾਉਣ ਦੀ ਗੱਲ ਕਰਦੇ ਰਹੇ ਹਨ, ਨੇ ਦੋਹਾਂ ਦੇਸ਼ਾਂ ਵਿਚਕਾਰ ਸੰਵੇਦਨਸ਼ੀਲਤਾ ਵਧਾ ਦਿੱਤੀ ਹੈ। ਹਾਲਾਂਕਿ ਹਾਲ ਹੀ ਵਿੱਚ ਉਹ ਆਪਣੇ ਰੁਖ ਵਿਚ ਕੁਝ ਨਰਮੀ ਲਿਆਉਂਦੇ ਨਜ਼ਰ ਆਏ ਹਨ, ਪਰ ਵ੍ਹਾਈਟ ਹਾਊਸ ਦੀ ਪ੍ਰੈਸ ਸਕੱਤਰ ਕੈਰੋਲੀਨ ਲੀਵਿਟ ਨੇ ਮੰਗਲਵਾਰ ਨੂੰ ਇਹ ਕਹਿ ਕੇ ਸਾਫ ਕਰ ਦਿੱਤਾ ਕਿ ਟਰੰਪ ਆਪਣੀ ਸੋਚ 'ਚ ਹਾਲੇ ਵੀ ਬਦਲਾਅ ਨਹੀਂ ਲਿਆਏ।

ਇਸ ਸਾਰੇ ਤਣਾਅ ਦੇ ਚੱਲਦੇ ਕੈਨੇਡੀਅਨ ਯਾਤਰੀਆਂ ਨੇ ਯੂ.ਐੱਸ. ਯਾਤਰਾ ਦੀਆਂ ਯੋਜਨਾਵਾਂ ਵਿੱਚ ਵੱਡੀ ਕਟੌਤੀ ਕੀਤੀ ਹੈ। ਕਈ ਲੋਕਾਂ ਨੇ ਵਿਅਕਤੀਗਤ ਤੌਰ 'ਤੇ ਵੀ ਸੋਸ਼ਲ ਮੀਡੀਆ 'ਤੇ ਅਮਰੀਕਾ ਯਾਤਰਾ ਨਾ ਕਰਨ ਦੀ ਮੰਗ ਉਠਾਈ ਹੈ। ਕੈਲੀਫੋਰਨੀਆ ਦੇ ਟੂਰਿਜ਼ਮ ਅਧਿਕਾਰੀਆਂ ਅਨੁਸਾਰ, 2025 ਦੀ ਫਰਵਰੀ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਕੈਨੇਡੀਅਨ ਯਾਤਰੀਆਂ ਦੀ ਗਿਣਤੀ ਵਿੱਚ 12 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ। ਇਹ ਉਹ ਰਾਜ ਹੈ ਜਿੱਥੇ ਕੈਨੇਡੀਅਨ ਦੂਜੇ ਸਭ ਤੋਂ ਵੱਡੇ ਅੰਤਰਰਾਸ਼ਟਰੀ ਖਰਚ ਕਰਨ ਵਾਲੇ ਯਾਤਰੀ ਮੰਨੇ ਜਾਂਦੇ ਹਨ। ਇਸੇ ਦੌਰਾਨ ਬ੍ਰਿਟਿਸ਼ ਕੋਲੰਬੀਆ ਦੇ ਹਾਊਸਿੰਗ ਮੰਤਰੀ ਰਵੀ ਕਾਹਲੋਂ ਨੇ ਵੀ ਅਮਰੀਕਾ ਵੱਲ ਰੁਝਾਨ ਘਟਣ ਦੀ ਪੁਸ਼ਟੀ ਕੀਤੀ। ਮੰਗਲਵਾਰ ਨੂੰ ਪੱਤਰਕਾਰਾਂ ਨਾਲ ਗੱਲ ਕਰਦਿਆਂ ਉਨ੍ਹਾਂ ਨੇ ਦੱਸਿਆ ਕਿ ਮਾਰਚ ਮਹੀਨੇ ਦੌਰਾਨ ਲੋਅਰ ਮੇਨਲੈਂਡ ਦੀਆਂ ਸਰਹੱਦੀ ਕ੍ਰਾਸਿੰਗਾਂ ਰਾਹੀਂ ਅਮਰੀਕਾ ਜਾਣ ਵਾਲੇ ਟ੍ਰੈਫ਼ਿਕ ਵਿੱਚ 42 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ।

ਉਨ੍ਹਾਂ ਅਨੁਸਾਰ, ਟਰੰਪ ਦੀਆਂ ਨੀਤੀਆਂ ਅਤੇ ਸਰਹੱਦੀ ਬਦਲਾ ਨੂੰ ਲੈ ਕੇ ਉਭਰੀ ਚਿੰਤਾ ਕਾਰਨ ਯਾਤਰੀ ਹੋਰ ਵਿਕਲਪਾਂ ਦੀ ਭਾਲ ਕਰ ਰਹੇ ਹਨ। This report was written by Ekjot Singh as part of the Local Journalism Initiative.

ਸਫ਼ਾ 1 ਦਾ ਬਾਕੀ

## ਵਿਸ਼ਵ ਧਰਤੀ ਦਿਵਸ

ਵਾਤਾਵਰਣ ਵਿਚ ਹੋ ਰਹੇ ਬਦਲਾਅ ਨੂੰ ਲੈ ਕੇ ਬੇਹੱਦ ਚਿੰਤਤ ਹਨ। ਜਿਸ ਤਰ੍ਹਾਂ ਅਸੀਂ ਡਾਇਨਾਸੋਰ, ਵੱਡੇ ਦੰਦਾਂ ਵਾਲੇ ਹਾਥੀ ਸਮੇਤ ਹੋਰ ਬਹੁਤ ਸਾਰੇ ਜਾਨਵਰਾਂ ਬਾਰੇ ਕਿਤਾਬਾਂ ਵਿਚ ਹੀ ਪੜ੍ਹਿਆ ਜਾਂ ਸੁਣਿਆ ਹੈ। ਓਵੇਂ ਹੀ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਘਰ ਦੇ ਵਿਹੜੇ ਵਿਚ ਚਹਿਚਹਾਉਣ ਵਾਲੀਆਂ ਚਿੜੀਆਂ, ਫੁੱਲਾਂ 'ਤੇ ਮੰਡਰਾਉਂਦੀਆਂ ਰੰਗ ਬਿਰੰਗੀਆਂ ਤਿਤਲੀਆਂ, ਭੰਵਰੇ, ਪਰਾਗ ਨਾਲ ਸ਼ਹਿਦ

ਬਣਾਉਂਦੀਆਂ ਮਧੂ ਮੱਖੀਆਂ, ਦਾਣੇ ਲਿਜਾਂਦੀਆਂ ਕੀੜੀਆਂ ਅਤੇ ਚੀਤੇ ਵਰਗੀਆਂ ਪ੍ਰਜਾਤੀਆਂ ਦੇ ਬਾਰੇ ਵਿਚ ਕਿਤਾਬਾਂ ਜ਼ਰੀਏ ਜਾਣ ਸਕਣਗੀਆਂ। ਇਸ ਦੇ ਲਈ ਧਰਤੀ ਦੀ ਸੰਭਾਲ ਲਈ ਬਹੁਤ ਕੁੱਝ ਕਰਨ ਦੀ ਲੋੜ ਹੈ। ਧਰਤੀ ਦੇ ਤਾਪਮਾਨ ਵਿਚ ਦਿਨੋ ਦਿਨ ਵਾਧਾ ਹੁੰਦਾ ਜਾ ਰਿਹਾ ਹੈ। ਗਲੇਸ਼ੀਅਰ ਪਿਘਲ ਰਹੇ ਹਨ ਅਤੇ ਸਮੁੰਦਰ ਦਾ ਜਲ ਪੱਧਰ ਲਗਾਤਾਰ ਵਧ ਰਿਹਾ ਹੈ। ਜਿਸ ਨਾਲ ਸਮੁੱਚੀ ਕੁਦਰਤ ਦੀ ਹੋਂਦ ਲਈ ਸੰਕਟ ਖੜ੍ਹਾ ਹੁੰਦਾ ਜਾ ਰਿਹਾ ਹੈ।

ਅੱਜ ਦਾ ਮਨੁੱਖ ਵਿਕਾਸ ਦੀ ਦੌੜ ਵਿੱਚ ਕੁਦਰਤ ਨਾਲ ਜਿਹੀ ਛੇੜਛਾੜ ਕਰ ਰਿਹਾ ਹੈ, ਉਸਦੇ ਨਤੀਜੇ ਵਜੋਂ ਵਾਯੂਮੰਡਲ ਵਿਚ ਗੈਸਾਂ ਦਾ ਸੰਤੁਲਨ ਗੰਭੀਰ ਤਰੀਕੇ ਨਾਲ ਵਿਗੜ ਗਿਆ ਹੈ। ਇਸ ਨਾਲ ਨਾ ਸਿਰਫ਼ ਮੌਸਮ ਪੈਟਰਨ ਬਦਲ ਰਹੇ ਹਨ, ਸਗੋਂ ਧਰਤੀ ਦੀ ਉਪਜਾਊ ਸ਼ਕਤੀ ਵੀ ਲਗਾਤਾਰ ਘਟਦੀ ਜਾ ਰਹੀ ਹੈ। ਫ਼ਸਲੀ ਚੱਕਰ ਗੜਬੜਾ ਚੁੱਕਾ ਹੈ, ਜਿਹਦਾ ਸਿੱਧਾ ਅਸਰ ਵਿਅਕਤੀਗਤ ਜੀਵਨ, ਖੁਰਾਕ, ਸਿਹਤ ਅਤੇ ਆਮਦਨ 'ਤੇ ਪੈ ਰਿਹਾ ਹੈ।

ਸਭ ਤੋਂ ਵੱਡੀ ਚਿੰਤਾ ਦੀ ਗੱਲ ਇਹ ਹੈ ਕਿ ਜੈਵ ਵਿਭਿੰਨਤਾ, ਜੋ ਧਰਤੀ ਦੇ ਜੀਵਨ ਚੱਕਰ ਦੀ ਨਿਵ ਹੈ, ਉਸ ਉੱਤੇ ਘਾਤਕ ਖ਼ਤਰਾ ਮੰਡਰਾ ਰਿਹਾ ਹੈ। ਹਜ਼ਾਰਾਂ ਕਿਸਮ ਦੇ ਪੰਛੀ, ਥਣਧਾਰੀ ਜਾਨਵਰ ਅਤੇ ਕੀਟ-ਪਤੰਗੇ ਜਾਂ ਤਾਂ ਅਲੋਪ ਹੋ ਚੁੱਕੇ ਹਨ ਜਾਂ ਅਲੋਪ ਹੋਣ ਦੇ ਕੰਢੇ ਤੇ ਪਹੁੰਚ ਗਏ ਹਨ। ਵਿਗਿਆਨੀਆਂ ਦੇ ਅਧਿਐਨਾਂ ਮੁਤਾਬਕ ਵਿਸ਼ਵ ਭਰ ਵਿਚ ਹਰ ਸਾਲ ਕੀਟਾਂ ਦੀ ਗਿਣਤੀ ਲਗਭਗ 2.5 ਫ਼ੀਸਦੀ ਦੀ ਦਰ ਨਾਲ ਘਟ ਰਹੀ ਹੈ, ਜੋ ਇਕ ਗੰਭੀਰ ਸੰਕੇਤ ਹੈ।

ਕੀਟ-ਪਤੰਗਿਆਂ ਦਾ ਘੱਟ ਹੋਣਾ ਪਾਰਿਸਥਿਤਿਕ ਤੰਤਰ ਲਈ ਖਤਰਨਾਕ ਹੈ, ਕਿਉਂਕਿ ਇਹ ਜੀਵ ਪਰਾਗਣ ਪ੍ਰਕਿਰਿਆ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਫਸਲਾਂ ਦੀ ਪੈਦਾਵਾਰ ਵਧਾਉਣ, ਕੁਦਰਤੀ ਖਾਦ ਬਣਾਉਣ ਅਤੇ ਹੋਰ ਜੀਵਾਂ ਲਈ ਭੋਜਨ ਸਰੋਤ ਵਜੋਂ ਕੰਮ ਆਉਂਦੇ ਹਨ। ਉਨ੍ਹਾਂ ਦੇ ਬਿਨਾਂ ਨਾਂ ਸਿਰਫ਼ ਖਾਦ ਲੜੀ ਟੁੱਟੇਗੀ, ਸਗੋਂ ਆਮ ਜੀਵਨ ਭੀ ਅਸਥਿਰ ਹੋ ਜਾਵੇਗਾ।

ਭਾਰਤ ਵਿੱਚ ਵੀ ਇਨ੍ਹਾਂ ਚਿੰਤਾਵਾਂ ਨੂੰ ਲੈ ਕੇ ਚਰਚਾ ਤੇ ਰਿਸਰਚ ਹੋ ਰਹੀ ਹੈ। ਇੱਥੇ ਇਕ ਸਿੰਗ ਵਾਲਾ ਗੈਂਡਾ, ਨੀਲਗਿਰੀ ਤਾਹਰਾ, ਬੰਗਾਲੀ ਸ਼ੇਰ, ਏਸ਼ੀਆਈ ਸ਼ੇਰ, ਕਸ਼ਮੀਰੀ ਹਿਰਨ, ਕਾਲਾ ਹਿਰਨ, ਹਿਮ ਤੇਂਦੂਆ, ਡਾਲਫਿਨ, ਵ੍ਹੇਲ, ਲਾਲ ਪਾਂਡਾ, ਫਿਸ਼ਿੰਗ ਕੈਟ, ਬੰਗਾਲ ਫਲੋਰੀਕਨ, ਚਿੱਟੀ ਗਿੱਧ, ਕਠਫੋੜਾ, ਸਾਰਸ, ਚਿੜੀ ਅਤੇ ਕੋਇਲ ਵਰਗੀਆਂ ਅਨੇਕ ਪ੍ਰਜਾਤੀਆਂ ਅਲੋਪਤਾ ਦੇ ਭਿਆਨਕ ਖਤਰੇ ਵੱਲ ਵੱਧ ਰਹੀਆਂ ਹਨ। ਦੂਜੇ ਪਾਸੇ ਜੇ ਵਿਸ਼ਵ ਪੱਧਰ 'ਤੇ ਅਲੋਪ ਹੋ ਰਹੀਆਂ ਜਾਨਵਰਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਵਿਚ ਸਾਈਗਾ ਹਿਰਨ, ਧਰੁਵੀ ਭਾਲੂ, ਫਿਲੀਪੀਨਸ ਈਗਲ, ਲੰਬੇ ਨੱਕ ਵਾਲਾ ਬਾਂਦਰ, ਸਨਬ ਨੋਜ਼ਡ ਮੰਕੀ, ਜੁਗਨੂੰ, ਪਾਈਡ ਟੈਮੇਰਿਨ, ਟ੍ਰੀ ਪੈਂਗੋਲਿਨ, ਅਫਰੀਕੀ ਹਾਥੀ, ਗੋਲਡਨ ਨੋਜ਼ਡ ਮੰਕੀ, ਸੀ ਏਂਜਲਸ ਅਤੇ ਪੱਛਮੀ ਤਰਾਈ ਗੋਰੀਲਾ ਆਦਿ ਸ਼ਾਮਲ ਹਨ।

ਇਹ ਸਾਰੀਆਂ ਪ੍ਰਜਾਤੀਆਂ ਮਨੁੱਖੀ ਲਾਲਚ, ਆਵਾਸ ਖੋਹਣ, ਵਾਤਾਵਰਣੀ ਤਬਾਹੀ ਅਤੇ ਸ਼ਿਕਾਰ ਦੀ ਭੇਂਟ ਚੜ ਰਹੀਆਂ ਹਨ। ਜੇਕਰ ਇਸ ਰਫ਼ਤਾਰ ਨਾਲ ਕੁਦਰਤ ਦਾ ਨਾਸ ਹੋਇਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਇਹ ਸਾਰੀ ਜੈਵ ਵਿਭਿੰਨਤਾ ਸਿਰਫ਼ ਕਿਤਾਬਾਂ ਜਾਂ ਮਿਊਜ਼ੀਆਮਾਂ ਤੱਕ ਸੀਮਤ ਰਹਿ ਜਾਵੇਗੀ। ਇਸ ਨਾਲ ਸਿਰਫ਼ ਪਰਬੀਜਨ ਲੜੀ ਨੂੰ ਨਹੀਂ, ਸਗੋਂ ਖੁਦ ਮਨੁੱਖੀ ਜੀਵਨ ਨੂੰ ਖ਼ਤਰਾ ਪੈਦਾ ਹੋ ਜਾਵੇਗਾ।

ਸੰਯੁਕਤ ਰਾਸ਼ਟਰ ਅਤੇ ਵੱਖ-ਵੱਖ ਵਾਤਾਵਰਣ ਸੰਸਥਾਵਾਂ ਵੱਲੋਂ ਲਗਾਤਾਰ ਇਹ ਚੇਤਾਵਨੀ ਦਿੱਤੀ ਜਾ ਰਹੀ ਹੈ ਕਿ ਜੇਕਰ ਅਸੀਂ ਹੁਣ ਵੀ ਨਾਂ ਸੰਭਲੇ ਤਾਂ ਸਾਰਾ ਤਰਤੀ ਸਭਿਆਚਾਰ ਤੇ ਸਿਸਟਮ ਢਹਿ ਜਾਵੇਗਾ। ਵਾਤਾਵਰਣ ਬਚਾਉਣ ਦੀ ਦਿਸ਼ਾ ਵਿੱਚ ਸੰਸਾਰ ਭਰ ਦੀਆਂ ਸਰਕਾਰਾਂ ਨੂੰ ਗੰਭੀਰਤਾ ਨਾਲ ਕਦਮ ਚੁੱਕਣੇ ਹੋਣਗੇ ਅਤੇ ਕਾਨੂੰਨੀ ਪੱਧਰ 'ਤੇ ਵੀ ਪਲਾਸਟਿਕ, ਕਾਰਬਨ ਨਿਕਾਸ, ਜੰਗਲਾਂ ਦੀ ਕਟਾਈ ਤੇ ਉਦਯੋਗਿਕ ਪ੍ਰਦੂਸ਼ਣ ਉੱਤੇ ਪਾਬੰਦੀ ਲਾਉਣੀ ਹੋਵੇਗੀ।

ਧਰਤੀ ਮਾਤਾ ਸਾਡੀ ਸਾਂਝੀ ਵਿਰਾਸਤ ਹੈ। ਅਸੀਂ ਜਿਹੜੀ ਧਰਤੀ ਆਪਣੇ ਬੱਚਿਆਂ ਲਈ ਛੱਡ ਕੇ ਜਾਣੀ ਹੈ, ਉਹ ਸਾਫ, ਸੁਰੱਖਿਅਤ, ਹਰੀ-ਭਰੀ ਹੋਣੀ ਚਾਹੀਦੀ ਹੈ। ਧਰਤੀ ਦਿਵਸ ਮੌਕੇ ਅਸੀਂ ਸਭ ਨੂੰ ਇਹ ਵਾਅਦਾ ਕਰਨਾ ਚਾਹੀਦਾ ਹੈ ਕਿ ਅਸੀਂ ਪੌਦੇ ਲਗਾ ਕੇ, ਪਲਾਸਟਿਕ ਤੋਂ ਤੋਬਾ ਕਰ ਕੇ, ਅਤੇ ਕੁਦਰਤ ਨਾਲ ਪਿਆਰ ਕਰ ਕੇ ਆਪਣੇ ਭਵਿੱਖ ਨੂੰ ਸੰਵਾਰਾਂਗੇ। ਇਹ ਸਿਰਫ਼ ਇਕ ਦਿਨ ਦੀ ਯਾਦ ਨਹੀਂ, ਸਗੋਂ ਹਰ ਰੋਜ਼ ਦੀ ਜ਼ਿੰਮੇਵਾਰੀ ਬਣਾਈਏ।

## ਕੈਨੇਡਾ ਵਿੱਚ ਟੈਕਸ

ਉਨ੍ਹਾਂ ਲੋਕਾਂ ਲਈ ਹੋਰ ਆਸਾਨ ਹੋ ਜਾਂਦਾ ਹੋ ਆਪਣਾ ਆਮਦਨੀ ਟੈਕਸ ਭਰਦੇ ਹਨ।

ਜ਼ਿਕਰਯੋਗ ਹੈ ਕਿ ਟੈਕਸ ਭਰ ਲਈ ਕੈਨੇਡੀਅਨ ਆਪਣੇ ਟੈਕਸ ਰਿਟਰਨਾਂ ਔਨਲਾਈਨ ਕੈਨੇਡਾ ਰੈਵੇਨਿਊ ਏਜੰਸੀ ਦੀ NETFILE ਸੇਵਾ ਰਾਹੀਂ ਭੇਜ ਸਕਦੇ ਹਨ, ਜਾਂ ਕੈਨੇਡਾ ਰੈਵੇਨਿਊ ਏਜੰਸੀ ਦੁਆਰਾ ਮਨਜ਼ੂਰਸ਼ੁਦਾ ਟੈਕਸ ਸੌਫਟਵੇਅਰ ਦੀ ਵਰਤੋਂ ਕਰਕੇ ਵੀ ਇਹ ਕੰਮ ਕੀਤਾ ਜਾ ਸਕਦਾ ਹੈ। ਜੇਕਰ ਕੋਈ ਵਿਅਕਤੀ ਕਾਗਜ਼ੀ ਰਿਟਰਨ ਭੇਜ ਰਿਹਾ ਹੈ, ਤਾਂ ਉਸ ਨੂੰ ਡਾਕ ਰਾਹੀਂ 30 ਅਪ੍ਰੈਲ ਤੋਂ ਪਹਿਲਾਂ ਕੈਨੇਡਾ ਰੈਵੇਨਿਊ ਏਜੰਸੀ ਦੇ ਪਤੇ 'ਤੇ ਡਾਕ ਪਹੁੰਚਦੀ ਕਰਨੀ ਪਵੇਗੀ।

ਦੂਜੇ ਪਾਸੇ ਜਿਹੜੇ ਵਿਅਕਤੀ 30 ਅਪ੍ਰੈਲ ਤੱਕ ਆਪਣਾ ਟੈਕਸ ਦਾਇਰ ਨਹੀਂ ਕਰਦੇ, ਉਨ੍ਹਾਂ 'ਤੇ ਕੈਨੇਡਾ ਰੈਵੇਨਿਊ ਏਜੰਸੀ ਵੱਲੋਂ 5% ਜੁਰਮਾਨਾ ਲਾਇਆ ਜਾ ਸਕਦਾ ਹੈ। ਇਸਦੇ ਨਾਲ ਹੀ ਹਰ ਮਹੀਨੇ 1% ਵਾਧੂ ਵਿਆਜ ਵੀ ਲੱਗੇਗਾ, ਜੋ 12 ਮਹੀਨੇ ਤੱਕ ਜਾਰੀ ਰਹਿ ਸਕਦਾ ਹੈ। ਇਸ ਲਈ ਸਮੇਂ ਸਿਰ ਰਿਟਰਨ ਦਾਇਰ ਕਰਨਾ ਹੀ ਚੰਗਾ ਰਹੇਗਾ।

ਇਸ ਤੋਂ ਇਲਾਵਾ ਜੇ ਤੁਹਾਡੇ ਉੱਤੇ ਕੋਈ ਟੈਕਸ ਬਕਾਇਆ ਹੈ, ਤਾਂ ਇਹ ਭੁਗਤਾਨ ਵੀ 30 ਅਪ੍ਰੈਲ ਤੱਕ ਕਰਨਾ ਹੋਵੇਗਾ, ਨਹੀਂ ਤਾਂ ਵਿਆਜ ਲੱਗਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਕੈਨੇਡਾ ਰੈਵੇਨਿਊ ਏਜੰਸੀ ਨੇ ਚਿਤਾਵਨੀ ਦਿੱਤੀ ਹੈ ਕਿ ਬਕਾਇਆ ਰਕਮ ਦੇ ਭੁਗਤਾਨ ਵਿਚ ਦੇਰੀ ਕਰਨਾ ਅਗਲੇ ਸਾਲਾਂ ਵਿਚ ਲੰਬੀ ਪਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ।

ਜਿਹੜੇ ਵਿਅਕਤੀ ਸਵੈ-ਰੁਜ਼ਗਾਰ ਹਨ ਜਾਂ ਜਿਨ੍ਹਾਂ ਦੇ ਜੀਵਨ ਸਾਥੀ ਇਸ ਸ਼੍ਰੇਣੀ ਵਿਚ ਆਉਂਦੇ ਹਨ, ਉਨ੍ਹਾਂ ਲਈ ਟੈਕਸ ਰਿਟਰਨ ਦਾਇਰ ਕਰਨ ਦੀ ਆਖਰੀ ਤਾਰੀਖ 15 ਜੂਨ 2025 ਹੈ। ਹਾਲਾਂਕਿ, ਜੇ ਉਨ੍ਹਾਂ ਉੱਤੇ ਬਕਾਇਆ ਰਕਮ ਹੈ, ਤਾਂ ਉਸ ਦੀ ਭੁਗਤਾਨੀ ਵੀ 30 ਅਪ੍ਰੈਲ ਤੱਕ ਕਰਨੀ ਹੋਵੇਗੀ, ਨਹੀਂ ਤਾਂ ਵਿਆਜ ਲਾਗੂ ਹੋ ਜਾਵੇਗਾ।

ਕੈਨੇਡਾ ਰੈਵੇਨਿਊ ਏਜੰਸੀ ਵੱਲੋਂ ਉਪਲਬਧ ਕਰਵਾਈ ਗਈ ਔਨਲਾਈਨ ਸੇਵਾ ਰਾਹੀਂ ਨਾਗਰਿਕ ਆਪਣੀ ਟੈਕਸ ਜਾਣਕਾਰੀ ਦੀ ਜਾਂਚ, ਰਿਟਰਨ ਭੇਜਣ, ਅਤੇ ਰਿਫੰਡ ਦੀ ਸਥਿਤੀ ਦੀ ਨਿਗਰਾਨੀ ਕਰ ਸਕਦੇ ਹਨ। ਞ੍ਹ ਦੀ ਵੈੱਬਸਾਈਟ 'canada.ca/taxes' 'ਤੇ ਵੀ ਟੈਕਸ ਸੰਬੰਧੀ ਗਾਈਡਾਂ, ਫਾਰਮਾਂ ਅਤੇ ਦਸਤਾਵੇਜ਼ ਉਪਲਬਧ ਹਨ। ਜੋ ਵਿਅਕਤੀ ਹੋਰ ਸਿੱਧੀ ਮਦਦ ਚਾਹੁੰਦੇ ਹਨ, ਉਹ 1-800-959-8281 'ਤੇ CRA ਨਾਲ ਸੰਪਰਕ ਕਰ ਸਕਦੇ ਹਨ।

ਜੋ ਨਾਗਰਿਕ ਆਪਣੀ ਟੈਕਸ ਰਿਟਰਨ ਜਲਦੀ ਦਾਇਰ ਕਰਦੇ ਹਨ, ਉਨ੍ਹਾਂ ਲਈ ਰਿਫੰਡ ਦੀ ਪ੍ਰਕਿਰਿਆ ਵੀ ਤੇਜ਼ ਹੁੰਦੀ ਹੈ। CRA ਮੁਤਾਬਕ, ਔਨਲਾਈਨ ਰਿਟਰਨਾਂ ਲਈ ਰਿਫੰਡ ਆਮ ਤੌਰ 'ਤੇ 2 ਤੋਂ 3 ਹਫਤਿਆਂ ਵਿਚ ਜਾਰੀ ਹੋ ਜਾਂਦਾ ਹੈ।

# ਫਰੂਟੀਕਾਨਾ ਗ੍ਰੋਸਰੀ ਚੇਨ ਦਾ 23ਵਾਂ ਸਟੋਰ ਨਿਊਟਨ ਖੁਲ੍ਹਿਆ

## 1994 ਵਿੱਚ ਸ਼ੁਰੂ ਕੀਤੀ ਫਰੂਟੀਕਾਨਾ ਗ੍ਰੋਸਰੀ ਚੇਨ ਦੇ ਹੁਣ 500 ਤੋਂ ਵੱਧ ਕਰਮਚਾਰੀ ਕਰਦੇ ਹਨ ਬੀ.ਸੀ. ਅਤੇ ਅਲਬਰਟਾ ਵਿੱਚ ਕੰਮ

ਨਿਊਟਨ: (ਏਕਜੋਤ ਸਿੰਘ): ਫਰੂਟੀਕਾਨਾ ਗ੍ਰੋਸਰੀ ਚੇਨ ਦੀ 23ਵੀਂ ਦੁਕਾਨ ਹੁਣ ਨਿਊਟਨ ਇਲਾਕੇ ਵਿੱਚ ਆਪਣਾ ਦਰਵਾਜਾ ਖੋਲ੍ਹ ਚੁੱਕੀ ਹੈ। ਇਹ ਉਹੀ ਇਲਾਕਾ ਹੈ ਜਿਥੇ ਟੋਨੀ ਸਿੰਘ ਨੇ ਸਥਾਨਕ ਸਤਰ 'ਤੇ ਆਪਣੇ ਕਾਰੋਬਾਰ ਦੀ ਸ਼ੁਰੂਆਤ ਕੀਤੀ ਸੀ। 64 ਐਵੇਨਿਊ ਅਤੇ 132 ਸਟਰੀਟ ਦੇ ਪੱਛਮ ਵੱਲ ਬਣੀ ਨਵੀਂ ਦੁਕਾਨ 5,500 ਵਰਗ ਫੁੱਟ ਦੀ ਹੈ ਅਤੇ ਪੁਰਾਣੀ ਇਮਾਰਤ ਨਾਲੋਂ ਵੱਡੀ ਤੇ ਜ਼ਿਆਦਾ ਹਵਾਦਾਰ ਖੁੱਲ੍ਹੀ ਵੀ ਹੈ।

ਟੋਨੀ ਸਿੰਘ ਨੇ ਗਾਹਕਾਂ ਨੂੰ ਮਿਲਦੇ ਹੋਏ ਦੱਸਿਆ, "ਇਹ ਸਾਡੀ 23ਵੀਂ ਦੁਕਾਨ ਹੈ। ਇਲਾਕਾ ਵਧ ਰਿਹਾ ਹੈ ਅਤੇ ਇਹ ਸਟੋਰ ਇਥੋਂ ਦੇ ਆਕਾਰ ਨੂੰ ਸੂਟ ਕਰਦਾ ਹੈ। ਇਹ ਇੰਝ ਬਣਾਇਆ ਗਿਆ ਹੈ ਕਿ ਲੋਕ ਆਪਣੀ ਸ਼ਾਮ ਦੀ ਸੈਰ ਕਰਦਿਆਂ ਵੀ ਆ ਕੇ ਆਪਣਾ ਸਾਮਾਨ ਲੈ ਸਕਦੇ ਹਨ। ਇਹ ਪੁਰਾਣੇ ਸਮਿਆਂ ਵਾਲੀ ਦੁਕਾਨਾਂ ਦੀ ਤਰ੍ਹਾਂ ਹੈ।"

ਪੁਰਾਣੀ ਮਾਰਕੀਟ ਇਮਾਰਤ ਨੂੰ ਡਾਹ ਦਿੱਤਾ ਜਾਵੇਗਾ ਤੇ ਇੱਥੇ ਨਵਾਂ ਪਲਾਜ਼ਾ ਬਣੇਗਾ, ਜਿਸ ਵਿੱਚ ਡਾਕਟਰ, ਡੈਂਟਿਸਟ, ਮੀਟ ਸ਼ਾਪ, ਮਿਠਾਈ ਦੀ ਦੁਕਾਨ, ਬਿਊਟੀ ਸੈਲੂਨ, ਕਾਫੀ ਸ਼ਾਪ ਤੇ ਹੋਰ ਕਾਰੋਬਾਰ ਹੋਣਗੇ। ਇਸ ਪਲਾਜ਼ੇ ਵਿੱਚ ਬੈਠਣ ਦੀ ਵੀ ਵਿਵਸਥਾ ਹੋਵੇਗੀ ਤਾਂ ਜੋ ਲੋਕ ਆਪਸ ਵਿੱਚ ਮਿਲ ਸਕਣ।

ਟੋਨੀ ਸਿੰਘ, ਜੋ ਕਿ ਮੋਂਟਰੀਅਲ ਵਿੱਚ ਵੱਡੇ ਹੋਏ ਹਨ, ਨੇ ਦੱਸਿਆ ਕਿ ਉਨ੍ਹਾਂ ਨੇ 1992 ਵਿੱਚ ਸਰੀ ਦੀ ਯਾਤਰਾ ਕੀਤੀ ਅਤੇ ਇਥੇ ਦੀ ਦੱਖਣੀ ਏਸ਼ੀਆਈ ਅਬਾਦੀ ਦੇ ਲਈ ਤਾਜ਼ਾ ਫਲ ਤੇ ਸਬਜ਼ੀਆਂ ਵੇਚਣ ਦਾ ਕਾਰੋਬਾਰ ਸ਼ੁਰੂ ਕਰਨ ਬਾਰੇ ਸੋਚਿਆ। 1994 ਵਿੱਚ ਨਿਊਟਨ ਦੇ ਲਹਿਰੀ ਪੂਲ ਕੋਲ ਪਹਿਲੀ ਫਰੂਟੀਕਾਨਾ ਦੁਕਾਨ ਖੁੱਲ੍ਹੀ। ਗਾਹਕਾਂ ਵੱਲੋਂ ਮਸਾਲਿਆਂ, ਅਚਾਰ ਅਤੇ ਹੋਰ ਸਾਮਾਨ ਦੀ ਮੰਗ ਵਧੀ, ਜਿਸ ਨਾਲ ਟੋਨੀ ਸਿੰਘ ਦਾ ਇਹ ਸਫਰ ਸ਼ੁਰੂ ਹੋ ਗਿਆ।





ਅੱਜ ਫਰੂਟੀਕਾਨਾ ਦੀ ਚੇਨ ਵਿੱਚ ਬੀ.ਸੀ. ਅਤੇ ਅਲਬਰਟਾ ਵਿਚਕਾਰ ਲਗਭਗ 500 ਕਰਮਚਾਰੀ ਕੰਮ ਕਰ ਰਹੇ ਹਨ। ਨਿਊਟਨ ਦੇ ਐਨਵਿਲ ਵੇ ਅਤੇ 129ਏ ਸਟਰੀਟ 'ਤੇ 1.5 ਲੱਖ ਵਰਗ ਫੁੱਟ ਦੇ ਹੈੱਡ ਆਫ਼ਿਸ ਅਤੇ ਵੇਅਰ ਹਾਊਸ ਕੰਪਲੈਕਸ ਵਿਚ ਕੰਮ ਹੁੰਦਾ ਹੈ।

"ਮੈਂ ਇਥੋਂ ਸੱਤ ਮਿੰਟ ਦੀ ਦੂਰੀ 'ਤੇ ਪਨੋਰਮਾ ਸਾਈਡ 'ਤੇ ਰਹਿੰਦਾ ਹਾਂ," "ਬਹੁਤ ਸਾਰੇ ਕਰਮਚਾਰੀ ਵੀ ਇਥੇ ਨੇੜੇ ਹੀ ਰਹਿੰਦੇ ਹਨ ਤੇ ਪੈਦਲ ਕੰਮ ਤੇ ਆਉਂਦੇ ਹਨ।"

ਨਿਊਟਨ ਵਿੱਚ ਤਿੰਨ ਵੱਖ-ਵੱਖ ਵੇਅਰਹਾਊਸ 24 ਘੰਟੇ ਅਤੇ ਸੱਤ ਦਿਨ ਚੱਲਦੇ ਹਨ। ਉਨ੍ਹਾਂ ਦੱਸਿਆ ਕਿ "ਸਾਡੇ ਕੋਲ ਗੋਦਾਮ ਦੀ ਚਾਬੀ ਨਹੀਂ ਹੁੰਦੀ। ਸਾਰਾ ਮਾਲ ਰਾਤ ਨੂੰ ਆਉਂਦਾ ਹੈ- ਕੈਲੀਫੋਰਨੀਆ, ਮੈਕਸੀਕੋ ਆਦਿ ਤੋਂ। ਸਵੇਰੇ ਸਾਡੇ ਟਰੱਕ ਚਲਦੇ ਹਨ ਅਤੇ ਸਾਰਾ ਤਾਜ਼ਾ ਮਾਲ ਸਟੋਰਾਂ ਵਿੱਚ ਪਹੁੰਚ ਜਾਂਦਾ ਹੈ। ਕਈ ਵਾਰ ਖੇਤੋਂ ਸਟੋਰ ਤੱਕ ਸਿਰਫ 12 ਘੰਟਿਆਂ 'ਚ ਪਹੁੰਚ ਜਾਂਦਾ ਹੈ।"

ਭਵਿੱਖ ਦੀ ਯੋਜਨਾ ਤਹਿਤ, ਸਰੀ ਸਿਟੀ ਸੈਂਟਰ ਅਤੇ ਲੈਂਗਲੀ ਵਿੱਚ ਹੋਰ ਤਿੰਨ ਸਟੋਰ ਖੋਲ੍ਹਣ ਦੀ ਤਿਆਰੀ ਹੈ। ਸਿਰਫ ਸਰੀ ਵਿੱਚ ਹੀ ਹੁਣ 12 ਫਰੂਟੀਕਾਨਾ ਸਟੋਰ ਚੱਲ ਰਹੇ ਹਨ। ਟੋਨੀ ਸਿੰਘ ਦੱਸਦੇ ਹਨ ਕਿ "ਇਹ ਨਵਾਂ ਸਟੋਰ ਸਾਡੇ ਸਟੋਰਾਂ ਦੇ ਆਕਾਰ ਵਿੱਚ ਮੱਧਮ ਦਰਜੇ ਦਾ ਹੈ। ਸਾਡੇ ਕੋਲ 3,000 ਵਰਗ ਫੁੱਟ ਤੋਂ 15,000 ਵਰਗ ਫੁੱਟ ਤੱਕ ਦੇ ਸਟੋਰ ਹਨ, ਜਿਸ ਵਿੱਚ ਐਬਟਸਫੋਰਡ ਵਾਲਾ ਸਭ ਤੋਂ ਵੱਡਾ ਹੈ।" 1997 ਵਿੱਚ ਉਨ੍ਹਾਂ ਨੇ ਆਪਣੀ ਇਨ-ਹਾਊਸ ਬ੍ਰਾਂਡ 'ਇੰਡਿਕਨ' ਦੀ ਸ਼ੁਰੂਆਤ ਕੀਤੀ, ਜਿਸ ਤਹਿਤ ਮਸਾਲੇ, ਮਿਠਾਈ, ਦਾਲਾਂ, ਚਾਵਲ ਤੇ ਹੋਰ ਸਾਮਾਨ ਵੇਚਿਆ ਜਾਂਦਾ ਹੈ। ਉਨ੍ਹਾਂ ਕਿਹਾ "ਸਾਨੂੰ ਸਿਰਫ ਮੀਟ ਨਹੀਂ ਮਿਲਦਾ, ਪਰ 132 ਸਟਰੀਟ ਦੇ ਕੋਲ ਨਵੀਂ ਮੀਟ ਦੁਕਾਨ ਖੁੱਲ੍ਹਣੀ ਵਾਲੀ ਹੈ"

# ਸਰੀ ਸਿਟੀ ਕੌਂਸਲ ਨੇ 2025 ਲਈ 2.8% ਜਨਰਲ ਟੈਕਸ ਵਾਧੇ ਨੂੰ ਦਿੱਤੀ ਮਨਜ਼ੂਰੀ

**ਸਰੀ (ਏਕਜੋਤ ਸਿੰਘ):** ਸਰੀ ਸਿਟੀ ਕੌਂਸਲ ਨੇ 2025 ਲਈ 2.8 ਫੀਸਦੀ ਆਮ ਜਾਇਦਾਦ ਟੈਕਸ ਵਾਧੇ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜੋ ਕਿ ਇੱਕ ਸਧਾਰਨ ਇਕਲੇ ਪਰਿਵਾਰਕ ਘਰ ਲਈ ਲਗਭਗ $77 ਬਣਦਾ ਹੈ। ਇਸ ਵਾਧੇ ਨਾਲ ਪੈਸਾ ਮਹਿੰਗਾਈ, ਨਵੇਂ ਪੁਲਿਸ, ਅੱਗ ਬੁਝਾਊ ਅਤੇ ਬਾਇਲਾਅ ਸੇਵਾਵਾਂ ਲਈ ਉਪਲੱਬਧ ਕਰਵਾਇਆ ਜਾਵੇਗਾ। ਸਰਕਾਰੀ ਮਾਲੀ ਪ੍ਰਬੰਧਕ ਗਰੇਵਾਲ ਨੇ ਦੱਸਿਆ ਕਿ ਇਸ ਦੇ ਨਾਲ 1% ਰੋਡ ਲੈਵੀ ਵੀ ਲਾਗੂ ਹੋਵੇਗੀ ਜੋ ਕਿ ਇੱਕ ਮਧਿਆਮ ਘਰ ਲਈ $27 ਦੇ ਆਸਪਾਸ ਹੋਵੇਗੀ। ਇਹ ਫੰਡ ਟਰਾਂਸਪੋਰਟ ਇੰਫਰਾਸਟਰਕਚਰ ਦੀ ਸਾਂਭ-ਸੰਭਾਲ ਅਤੇ ਨਵੇਂ ਪ੍ਰਾਜੈਕਟਾਂ ਲਈ ਵਰਤੇ ਜਾਣਗੇ। ਮੇਅਰ ਬ੍ਰੈਂਡਾ ਲੌਕ ਅਤੇ ਕੌਂਸਲਰ ਪਰਦੀਪ ਕੂਨਰ, ਗਾਰਡਨ ਹੇਪਨਰ, ਰੌਬ ਸਟੱਫ ਅਤੇ ਹੈਰੀ ਬੈਂਸ ਨੇ ਬਜਟ ਦੇ ਹੱਕ ਵਿੱਚ ਵੋਟ ਦਿੱਤੀ ਜਦਕਿ ਲਿੰਡਾ ਐਨਿਸ, ਡੱਗ ਐਲਫੋਰਡ, ਮਾਈਕ ਬੋਸ ਅਤੇ ਮਨਦੀਪ ਨਗਰਾ ਨੇ ਵਿਰੋਧ ਕੀਤਾ। ਬਜਟ ਰਾਹੀਂ ਸਰੀ ਵਿਚ 25 ਨਵੇਂ ਪੁਲਿਸ ਅਫਸਰ, 20 ਫਾਇਰ ਫਾਇਟਰ ਤੇ 10 ਨਵੇਂ ਬਾਇਲਾਅ ਅਫਸਰ ਭਰਤੀ ਕੀਤੇ ਜਾਣਗੇ। ਹਾਲਾਂਕਿ ਐਲਫੋਰਡ ਨੇ ਸੁਝਾਅ ਦਿੱਤਾ ਕਿ ਇਸ ਗਿਣਤੀ ਨੂੰ ਘਟਾ ਕੇ ਟੈਕਸ ਵਾਧਾ 2.3% ਕਰ ਦਿੱਤਾ ਜਾਵੇ, ਪਰ ਇਹ ਸੁਝਾਅ ਪਾਸ ਨਹੀਂ ਹੋ ਸਕਿਆ। ਸਰੀ ਦੀ ਆਬਾਦੀ ਤੇਜ਼ੀ ਨਾਲ ਵੱਧ ਰਹੀ ਹੈ ਅਤੇ ਸ਼ਹਿਰ ਨੇ ਆਪਣੇ ਵਿਸਥਾਰਕ ਆਮਦਨ ਵਿਚ ਵੀ ਵਾਧਾ ਕੀਤਾ ਹੈ। ਗਰੇਵਾਲ ਮੁਤਾਬਕ ਓਪਰੇਟਿੰਗ ਬਜਟ ਲਗਭਗ $900 ਮਿਲੀਅਨ ਹੋ ਗਿਆ ਹੈ ਅਤੇ ਕੁੱਲ ਮਿਲਾ ਕੇ ਇਹ $2 ਬਿਲੀਅਨ ਨੂੰ ਛੂਹ ਰਿਹਾ ਹੈ।


SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼



AKASH SABLOK & TARLOK SABLOK
ਸਬਲੋਕ ਐਂਡ ਸਬਲੋਕ
604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1



ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Wisdom teeth Extractions
» Clear Braces
» Implants
& many more...



Accepting Canadian Dental Care Plan From Govt.
Consult Dr. Sra for a health SMILE
Value $500
COMPLIMENTARY NIGHT GUARD
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry
Family & Community Dentistry
604-391-1010 | maplesmiles.ca
8364 Young Road, Unit 101, Chilliwack

SANJHA PUNJAB

# ਸਾਂਝਾ ਪੰਜਾਬ ਸਵੀਟਸ ਵਲੋਂ

# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ

## ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ

ਤਾਜ਼ੀਆਂ ਮਠਿਆਈਆਂ, ਸਮੋਸੇ, ਪਕੌੜੇ, ਸ਼ਪੈਸ਼ਲ ਖੋਏ ਦੀਆਂ ਮਠਿਆਈਆਂ, ਲੱਡੂ,ਜਲੇਬੀਆਂ, ਨਮਕੀਨ ਤ਼ਿਆਰ ਬਰ ਤਿਆਰ ਮਿਲਦੇ ਹਨ।

100% Vegitarian

Special Rates for Gurdwara & Mandir



**CONTACT : SATJINDER SAMRA**

# 604-930-9099

E-mail : sanjhapunjabsweets@gmail.com | Website : www.sanjhapunjabsweets.com

**1-B 12830 96 Ave, Surrey, BC V3V 6A8**

# ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਗਿਆ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦਾ ਦਿਹਾੜਾ













ਸਰੀ, (ਸੁਰਿੰਦਰ ਸਿੰਘ ਜੱਬਲ) : ਸਰੀ ਸਥਿਤ ਗੁਰਦੁਆਰਾ ਸਾਹਿਬ ਬਰੁੱਕਸਾਈਡ ਦੀ ਸੰਗਤ ਨੇ ਰਲਮਿਲ ਕੇ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦਾ ਦਿਹਾੜਾ ਬੜੀ ਸ਼ਰਧਾ ਨਾਲ ਐਤਵਾਰ ਵਾਲੇ ਦਿਨ 13 ਅਪ੍ਰੈਲ ਨੂੰ ਮਨਾਇਆ ਅਤੇ ਨਿਸ਼ਾਨ ਸਾਹਿਬ ਦੇ ਚੋਲਾ ਬਦਲਣ ਦੀ ਸੇਵਾ ਹਫਤਾ ਪਹਿਲਾਂ 6 ਅਪ੍ਰੈਲ ਨੂੰ ਮੀਂਹ ਦੀ ਬੂੰਦਾਬਾਂਦੀ ਵਿਚ ਸੇਵਾਦਾਰਾਂ ਨੇ ਬੜੇ ਹੀ ਉਤਸ਼ਾਹ ਨਾਲ ਨਿਭਾਈ।ਕੀਰਤਨੀਏ ਭਾਈ ਭੁਪਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਤੇ ਭਾਈ ਬਲਵਿੰਦਰ ਸਿੰਘ ਦਿੱਲੀ ਵਾਲਿਆਂ ਨੇ ਸੰਗਤਾਂ ਨੂੰ ਦੋਵੇਂ ਸਮਾਗਮਾਂ ਤੇ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ। ਚੋਲਾ ਬਦਲਣ ਦੇ ਸਮਾਗਮ ਤੇ ਲੰਗਰ ਅਤੇ ਚਾਹ ਪਾਣੀ ਦੀ ਸੇਵਾ ਸਾਧ ਸੰਗਤ ਵਲੋਂ ਕੀਤੀ ਗਈ। ਵਿਸਾਖੀ ਤਿਓਹਾਰ ਅਤੇ ਖਾਲਸਾ ਸਾਜਨਾ ਦਿਵਸ ਤੇ ਸ਼ੁਕਰਵਾਰ ਨੂੰ ਸ੍ਰੀ ਅਖੰਡ ਪਾਠ ਅਰੰਭ ਕੀਤੇ ਗਏ ਤੇ ਐਤਵਾਰ 13 ਅਪ੍ਰੈਲ ਨੂੰ ਭੋਗ ਉਪਰੰਤ ਖਾਸ ਦੀਵਾਨ ਸਜੇ। ਕੀਰਤਨ ਦੇ ਨਾਲ ਨਾਲ ਹੈੱਡ ਗ੍ਰੰਥੀ ਗਿਆਨੀ ਸਤਵਿੰਦਰਪਾਲ ਸਿੰਘ ਹੋਰਾਂ ਨੇ ਖਾਲਸਾ ਸਾਜਨਾ ਦਿਨ ਤੇ ਇਤਿਹਾਸਕ ਪੱਖੋਂ ਸਾਰੀ ਜਾਣਕਾਰੀ ਸੰਗਤਾਂ ਨਾਲ ਸਾਂਝੀ ਕੀਤੀ। ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਵਧਾਈਆਂ ਸਾਂਝੀਆਂ ਕਰਨ ਲਈ ਉਮੀਦਵਾਰ ਗੁਰਬਖਸ਼ ਸੈਣੀ (ਹਲਕਾ- ਫਲੀਟਵੁੱਡ-ਪੋਰਟ ਕੈੱਲਜ਼), ਰਣਦੀਪ ਸਰਾਏ (ਹਲਕਾ- ਸਰੀ ਸੈਂਟਰ), ਅਰਨੀ ਕਲੈਸਨ (ਹਲਕਾ- ਸਊਥ ਸਰੀ ਵਾਈਟ ਰੌਕ) ਉਚੇਚੇ ਤੌਰ ਤੇ ਪਹੁੰਚੇ। ਇਸੇ ਤਰ੍ਹਾਂ ਸਰੀ ਕਾਊਂਸਲਰ ਲਿੰਡਾ ਐਨਿਸ ਨੇ ਵੀ ਇਸ ਦਿਨ ਤੇ ਹਾਜ਼ਿਰ ਸੰਗਤਾਂ ਨਾਲ ਵਧਾਈਆਂ ਸਾਂਝੀਆਂ ਕੀਤੀਆਂ। ਸ੍ਰੀ ਅਖੰਡ ਪਾਠ ਅਤੇ ਲੰਗਰ ਦੀ ਸੇਵਾ ਬਲਵੰਤ ਸਿੰਘ ਕਲਸੀ, ਜਤਿੰਦਰ ਸਿੰਘ ਡਿਡਨ ਅਤੇ ਸਮਸ਼ੇਰ ਸਿੰਘ ਘਟੋਰਾ ਪਰਿਵਾਰਾਂ ਵਲੋਂ ਕੀਤੀ ਗਈ।ਨਿਸ਼ਾਨ ਸਾਹਿਬ ਦਾ ਚੋਲਾ ਸੀਊਣ ਦੀ ਸੇਵਾ ਸੇਵਾਦਾਰ ਬੀਬੀਆਂ ਨੇ ਤਕਰੀਬਨ ਇਕ ਮਹੀਨਾ ਪਹਿਲਾਂ ਬੜੇ ਹੀ ਉਤਸ਼ਾਹ ਨਾਲ ਕੀਤੀ। ਦੋਹਾਂ ਸਮਾਗਮਾਂ ਤੇ ਬੀਬਆਂ, ਬਜ਼ੁਰਗਾਂ ਤੇ ਨੌਜੁਵਾਨ ਸੇਵਾਦਾਰਾਂ ਨੇ ਲੰਗਰ ਬਨਾਉਣ, ਵਰਤਾਉਣ ਅਤੇ ਕਥਾ ਕੀਰਤਨ ਸੁਣ ਕੇ ਗੁਰੂ ਮਹਾਰਾਜ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

# ਕੈਨੇਡੀਅਨ ਯੂਨੀਵਰਸਿਟੀ ਅਧਿਆਪਕਾਂ ਨੂੰ ਅਮਰੀਕਾ ਦੀ ਯਾਤਰਾ ਤੋਂ ਪਰਹੇਜ਼ ਕਰਨ ਦੀ ਚੇਤਾਵਨੀ

ਔਟਵਾ (ਏਕਜੋਤ ਸਿੰਘ): ਕੈਨੇਡੀਅਨ ਯੂਨੀਵਰਸਿਟੀਆਂ ਵਿੱਚ ਅਕਾਦਮਿਕ ਸਟਾਫ ਦੀ ਨੁਮਾਇੰਦਗੀ ਕਰਨ ਵਾਲੀ ਸੰਸਥਾ "ਕੈਨੇਡੀਅਨ ਐਸੋਸੀਏਸ਼ਨ ਆਫ਼ ਯੂਨੀਵਰਸਿਟੀ ਟੀਚਰਸ" (CAUT) ਨੇ ਆਪਣੇ ਮੈਂਬਰਾਂ ਲਈ ਇੱਕ ਮਹੱਤਵਪੂਰਨ ਚੇਤਾਵਨੀ ਜਾਰੀ ਕੀਤੀ। ਇਸ ਚੇਤਾਵਨੀ ਰਾਹੀਂ ਸੰਸਥਾ ਨੇ ਅਮਰੀਕਾ ਦੀ ਗੈਰ-ਜ਼ਰੂਰੀ ਯਾਤਰਾ ਤੋਂ ਪਰਹੇਜ਼ ਕਰਨ ਦੀ ਸਲਾਹ ਦਿੱਤੀ ਹੈ।

ਇਹ ਚੇਤਾਵਨੀ ਸੰਯੁਕਤ ਰਾਜ ਦੇ ਤਾਜ਼ਾ ਰਾਜਨੀਤਕ ਮਾਹੌਲ, ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਅਤੇ ਸਰਹੱਦ 'ਤੇ ਵਾਪਰ ਰਹੀਆਂ ਘਟਨਾਵਾਂ ਦੇ ਮੱਦੇਨਜ਼ਰ ਜਾਰੀ ਕੀਤੀ ਗਈ ਹੈ। ਕੈਨੇਡੀਅਨ ਐਸੋਸੀਏਸ਼ਨ ਆਫ਼ ਯੂਨੀਵਰਸਿਟੀ ਟੀਚਰਸ ਨੇ ਕਿਹਾ ਕਿ ਵਿਸ਼ੇਸ਼ ਤੌਰ 'ਤੇ ਉਹ ਅਕਾਦਮਿਕ ਜੋ ਅਜਿਹੇ ਦੇਸ਼ਾਂ ਤੋਂ ਹਨ ਜਿਨ੍ਹਾਂ ਦੇ ਸੰਯੁਕਤ ਰਾਜ ਅਮਰੀਕਾ ਨਾਲ ਤਣਾਅਪੂਰਨ ਰਿਸ਼ਤੇ ਹਨ ਜਾਂ ਜੋ ਖ਼ੁਦ ਟਰੰਪ ਪ੍ਰਸ਼ਾਸਨ ਦੀ ਨਿੰਦਾ ਕਰ ਚੁੱਕੇ ਹਨ, ਉਹਨਾਂ ਲਈ ਜੋਖਮ ਵਧਿਆ ਹੋਇਆ ਹੈ।

ਕੈਨੇਡੀਅਨ ਐਸੋਸੀਏਸ਼ਨ ਆਫ਼ ਯੂਨੀਵਰਸਿਟੀ ਟੀਚਰਸ ਨੇ ਟਰਾਂਸਜੈਂਡਰ ਵਿਅਕਤੀਆਂ, ਨਸਲੀ ਜਾਂ ਧਾਰਮਿਕ ਘੱਟਗਿਣਤੀਆਂ ਨਾਲ ਸਬੰਧਤ ਅਕਾਦਮਿਕ ਲੋਕਾਂ ਅਤੇ ਉਹਨਾਂ ਵਿਦਵਾਨਾਂ ਲਈ ਵੀ ਚਿਤਾਵਨੀ ਦਿੱਤੀ ਹੈ, ਜਿਨ੍ਹਾਂ ਦੀ ਰਿਸਰਚ ਅਮਰੀਕਾ ਦੀ ਮੌਜੂਦਾ ਸਰਕਾਰ ਦੇ ਖਿਲਾਫ ਜਾਂ ਵਿਵਾਦਾਸਪਦ ਵਿਸ਼ਿਆਂ 'ਤੇ ਅਧਾਰਿਤ ਹੈ।

ਚੇਤਾਵਨੀ ਵਿੱਚ ਇਹ ਵੀ ਦਰਸਾਇਆ ਗਿਆ ਕਿ ਅਕਾਦਮਿਕ ਵਿਅਕਤੀਆਂ ਨੂੰ ਆਪਣੀਆਂ ਡਿਜੀਟਲ ਡਿਵਾਈਸਾਂ ਜਿਵੇਂ ਕਿ ਲੈਪਟਾਪ, ਮੋਬਾਈਲ ਫੋਨ ਆਦਿ ਵਿੱਚ ਰੱਖੀ ਜਾਣਕਾਰੀ ਬਾਰੇ ਸੋਚ-ਵਿਚਾਰ ਕਰਨਾ ਚਾਹੀਦਾ ਹੈ ਕਿਉਂਕਿ ਸਰਹੱਦੀ ਅਧਿਕਾਰੀ ਉਨ੍ਹਾਂ ਦੀ ਜਾਂਚ ਕਰ ਸਕਦੇ ਹਨ।

ਜਨਵਰੀ ਵਿੱਚ ਅਮਰੀਕੀ ਰਾਸ਼ਟਰਪਤੀ ਦੇ ਅਹੁਦਾ ਸੰਭਾਲਣ ਤੋਂ ਬਾਅਦ, ਬਹੁਤ ਸਾਰੇ ਕੈਨੇਡੀਅਨ ਯਾਤਰੀਆਂ ਨੂੰ ਹਿਰਾਸਤ ਵਿੱਚ ਲੈਣ ਜਾਂ ਉਨ੍ਹਾਂ ਨੂੰ ਪ੍ਰਵੈਸ਼ ਤੋਂ ਰੋਕਣ ਦੀਆਂ ਖਬਰਾਂ ਸਾਹਮਣੇ ਆਈਆਂ ਹਨ। ਇਸ ਵਿੱਚ ਇੱਕ ਮਿਸਾਲ ਜੈਸਮੀਨ ਮੂਨੀ ਦੀ ਵੀ ਦਿੱਤੀ ਗਈ, ਜਿਸਨੂੰ ਹੋਰ ਵਿਦੇਸ਼ੀਆਂ ਦੇ ਨਾਲ ਲੰਮੇ ਸਮੇਂ ਲਈ ਰੋਕਿਆ ਗਿਆ।

ਯੂਐੱਸ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਦੇ ਅੰਕੜਿਆਂ ਅਨੁਸਾਰ, ਮਾਰਚ 2025 ਵਿੱਚ ਕੈਨੇਡਾ ਤੋਂ ਅਮਰੀਕਾ ਜਾਣ ਵਾਲੇ ਯਾਤਰੀਆਂ ਦੀ ਗਿਣਤੀ ਵਿੱਚ 32% ਦੀ ਗਿਰਾਵਟ ਆਈ ਹੈ। ਇਸ ਵਿੱਚ ਲਗਭਗ 8.64 ਲੱਖ ਘੱਟ ਯਾਤਰੀ ਦਰਜ ਕੀਤੇ ਗਏ ਹਨ।

ਦੂਜੇ ਪਾਸੇ, ਨਿਊਯਾਰਕ ਵਿੱਚ ਕਸਟਮਜ਼ ਅਤੇ ਬਾਰਡਰ ਏਜੰਸੀ ਦੇ ਬੁਲਾਰੇ ਮਾਈਕ ਨੀਜ਼ਗੋਡਾ ਨੇ ਕਿਹਾ ਕਿ ਇਹ ਸਭ ਕੁਝ "ਆਮ ਕਾਰੋਬਾਰ" ਦਾ ਹਿੱਸਾ ਹੈ। "ਜਿੰਨਾ ਚਿਰ ਤੁਹਾਡੇ ਕੋਲ ਸਹੀ ਦਸਤਾਵੇਜ਼ ਹਨ, ਤੁਸੀਂ ਠੀਕ ਹੋ," ਉਨ੍ਹਾਂ ਨੇ ਕਿਹਾ।

ਕੈਨੇਡੀਅਨ ਐਸੋਸੀਏਸ਼ਨ ਆਫ਼ ਯੂਨੀਵਰਸਿਟੀ ਟੀਚਰਸ ਦੇ ਕਾਰਜਕਾਰੀ ਨਿਰਦੇਸ਼ਕ ਡੇਵਿਡ ਰੌਬਿਨਸਨ ਨੇ ਦੱਸਿਆ ਕਿ ਇਹ ਪਹਿਲੀ ਵਾਰ ਹੈ ਜਦ ਉਨ੍ਹਾਂ ਨੇ ਆਪਣੇ ਮੈਂਬਰਾਂ ਨੂੰ ਅਮਰੀਕਾ ਦੀ ਯਾਤਰਾ ਨਾ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਹਾਲੀਏ ਹਫ਼ਤਿਆਂ ਦੌਰਾਨ ਕਈ ਅਕਾਦਮਿਕ ਲੋਕਾਂ ਦੀ ਜਾਂਚ ਦੀ ਗੰਭੀਰਤਾ ਨੂੰ ਦੇਖਦਿਆਂ ਅਤੇ ਕਾਨੂੰਨੀ ਸਲਾਹ ਮੰਗਣ ਤੋਂ ਬਾਅਦ ਇਹ ਫੈਸਲਾ ਲਿਆ ਗਿਆ। This report was written by Ekjot Singh as part of the Local Journalism Initiative.


**AKALI SINGH SIKH SOCIETY**

1890 Skeena St, Vancouver, BC, Canada
PHONE (604) 254-2117, FAX: (604) 254-5309
Email: akalisinghsikhsociety@gmail.com
www.akalisinghgurdwara.ca

**FREE TAX CLINIC**

(New Building) Senior Centre
START: MARCH 1,2025 ONGOING UNTIL, APRIL 30, 2025
WALK-IN CLINIC WILL BE AVAILABLE EVERY SUNDAY
FROM 10:00 A.M. TO 2:00 P.M.

WE CAN PREPARE TAX RETURNS FOR: SENIORS, STUDENTS, NEWCOMERS TO CANADA, AND LOW- INCOME INDIVIDUALS AND FAMILIES TAX RETURN DOCUMENTS CAN ALSO BE DROPPED OFF AT THE GURDWARA'S OFFICE ON THE MAIN FLOOR BETWEEN THE HOURS OF 10:00 A.M. AND 1:00 P.M. DAILY

FOR FURTHER INFORMATION, PLEASE CALL (604) 254-2117

ਹੋਰ ਜਾਣਕਾਰੀ ਲਈ ਫੋਨ:
ਪ੍ਰਬੰਧਕ ਕਮੇਟੀ: ਅਕਾਲੀ ਸਿੰਘ ਸਿੱਖ ਸੁਸਾਇਟੀ ਵੈਨਕੂਵਰ
ਫੋਨ: (604) 254-2117

# ਵਿਸ਼ਵ ਵਿਰਾਸਤ ਦਿਵਸ

## - 18 ਅਪ੍ਰੈਲ -

- ਜਸਵਿੰਦਰ ਸਿੰਘ ਰੁਪਾਲ
-9814715796



ਹਰ ਸਾਲ ਸੰਸਾਰ ਭਰ ਵਿੱਚ 18 ਅਪ੍ਰੈਲ ਨੂੰ ਵਿਸ਼ਵ ਵਿਰਾਸਤ ਦਿਵਸ ਮਨਾਇਆ ਜਾਂਦਾ ਹੈ। ਜਿਸ ਦਿਨ ਆਪਣੀਆਂ ਵਿਰਾਸਤੀ ਇਮਾਰਤਾਂ, ਕਿਲੇ,ਮੰਦਰ, ਅਤੇ ਮਨੁੱਖਤਾ ਦੀ ਸਾਂਝੀ ਸਭਿਆਚਾਰਕ ਵਿਰਾਸਤ ਦੀ ਸਾਂਭ ਸੰਭਾਲ ਬਾਰੇ ਵਿਚਾਰ ਕੀਤੀ ਜਾਂਦੀ ਹੈ। ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਵਿਸ਼ਾਲ ਵਿਰਾਸਤ ਬਾਰੇ ਜਾਣਕਾਰੀ ਮਿਲਦੀ ਰਹੇ ਅਤੇ ਉਹ ਵੀ ਇਸਤੇ ਮਾਣ ਕਰ ਸਕਣ। ਇਸ ਦਿਨ ਵਿਰਾਸਤੀ ਇਮਾਰਤਾਂ ,ਵਸਤੂਆਂ ਅਤੇ ਕਦਰਾਂ ਕੀਮਤਾਂ ਦੀ ਸੰਭਾਲ ਲਈ ਕੀਤੇ ਜਾ ਰਹੇ ਯਤਨਾਂ ਤੇ ਮੁੜ ਵਿਚਾਰ ਹੁੰਦੀ ਹੈ। ਕੁਝ ਸੋਧਾਂ ਕੀਤੀਆਂ ਜਾਂਦੀਆਂ ਹਨ ਅਤੇ ਕੁਝ ਨਵੀਆਂ ਯੋਜਨਾਵਾਂ ਵੀ ਬਣਦੀਆਂ ਹਨ।

ਵਿਸ਼ਵ ਵਿਰਾਸਤ ਦਿਵਸ ਦਾ ਇਤਿਹਾਸ :- ਇੰਟਰਨੈਸ਼ਨਲ ਕੌਂਸਲ ਆਫ ਮੋਨੂੰਮੈਂਟਸ ਐਂਡ ਸਾਈਟਸ (ICOMOS) ਨੇ 1982 ਵਿਚ ਇਹ ਦਿਨ ਮਨਾਏ ਜਾਣ ਲਈ ਸੁਝਾਅ ਦਿੱਤਾ ਗਿਆ ਸੀ ਜਿਸਨੂੰ ਪ੍ਰਵਾਨ ਕਰਕੇ ਯੂਨੈਸਕੋ (UNESCO) ਦੀ 22ਵੀਂ ਕਾਨਫਰੰਸ ਨੇ 1983 ਵਿੱਚ ਵਿਸ਼ਵ ਵਿਰਾਸਤ ਦਿਵਸ ਮਨਾਏ ਜਾਣ ਲਈ 18 ਅਪ੍ਰੈਲ ਦੇ ਦਿਨ ਦਾ ਐਲਾਨ ਕਰ ਦਿੱਤਾ ਸੀ।ਇਸ ਦਿਨ ਨੂੰ ਮਨਾਏ ਜਾਣ ਦਾ ਉਦੇਸ਼ ਹੁੰਦਾ ਹੈ ਮਨੁੱਖਤਾ ਦੀਆਂ ਵਿਭਿੰਨਤਾਵਾਂ ਨੂੰ ਸਵੀਕਾਰ ਕਰਨਾ, ਉਹਨਾਂ ਦੀ ਪ੍ਰਸ਼ੰਸਾ ਕਰਨੀ ਅਤੇ ਇਸ ਤਰਾਂ ਸੰਸਾਰ ਪੱਧਰ ਤੇ ਸਾਂਝ ਅਤੇ ਪ੍ਰੇਮ ਵਿਚ ਵਾਧਾ ਕਰਨਾ। ਸਭਿਆਚਾਰਕ ਕੀਮਤਾਂ ਦੀ ਪਛਾਣ, ਸਭਿਆਚਾਰਕ ਵਿਭਿੰਨਤਾਵਾਂ ਨੂੰ ਮਨਾਉਣਾ, ਵਿਕਾਸ ਅਤੇ ਸੁਰੱਖਿਆ ਵਿਚ ਸੰਤੁਲਨ ਬਣਾਉਣਾ, ਅਤੇ ਜੀਵਤ ਵਿਰਾਸਤ ਨੂੰ ਸੰਭਾਲਣਾ ਵੀ ਇਸ ਦਿਵਸ ਦੇ ਮਨਾਏ ਜਾਣ ਦਾ ਮਨੋਰਥ ਹੈ। ਯੂਨੈਸਕੋ ਵਲੋਂ ਹਰ ਸਾਲ ਲਈ ਇੱਕ ਥੀਮ ਦਿੱਤਾ ਜਾਂਦਾ ਹੈ। ਉਸ ਸਾਲ ਦੀਆਂ ਸਾਰੀਆਂ ਗਤੀਵਿਧੀਆਂ ਉਸ ਥੀਮ ਤੇ ਆਧਾਰਿਤ ਹੁੰਦੀਆਂ ਹਨ।

**2025 ਲਈ ਥੀਮ :-** ਯੂਨੈਸਕੋ ਵਲੋਂ 2025 ਦਾ ਵਿਸ਼ਵ ਵਿਰਾਸਤ ਦਿਵਸ ਲਈ ਦਿੱਤਾ ਗਿਆ ਥੀਮ ਹੈ --

Disaster and Conflict Resilence- Preparedness, Response and Recovery

(ਆਫ਼ਤਾਂ ਅਤੇ ਸੰਘਰਸ਼ਾਂ ਲਈ ਲਚੀਲਾ ਵਿਰਾਸਤੀ ਧਰੋਹਰ) ਇਹ ਥੀਮ ਵਿਸ਼ਵ ਭਰ ਵਿੱਚ ਵਧ ਰਹੀਆਂ ਕੁਦਰਤੀ ਆਫ਼ਤਾਂ -ਹੜ੍ਹ, ਭੁਚਾਲ, ਅੱਗਾਂ ਅਤੇ ਹਨੇਰੀਆਂ ਆਦਿ ਅਤੇ ਮਨੁੱਖ ਨਿਰਮਿਤ ਸੰਘਰਸ਼ਾਂ -ਯੁੱਧ,ਵਿਦਰੋਹ,ਨਸਲੀ ਵਿਭਾਜਨ,ਧਾਰਮਿਕ ਅਸਹਿਣਸ਼ੀਲਤਾ ਆਦਿ ਦੇ ਪ੍ਰਭਾਵਾਂ ਨੂੰ ਧਿਆਨ ਵਿੱਚ ਰੱਖ ਕੇ ਚੁਣਿਆ ਗਿਆ ਹੈ। ਇਸ ਥੀਮ ਦਾ ਮੁੱਖ ਉਦੇਸ਼ ਇਹ ਹੈ ਕਿ ਅਸੀਂ ਆਪਣੀ ਵਿਰਾਸਤ ਨੂੰ ਐਨੀਆਂ ਚੁਣੌਤੀਆਂ ਲਈ ਤਿਆਰ ਕਰੀਏ, ਉਹਨਾਂ ਦਾ ਬਚਾਅ ਕਰੀਏ ਅਤੇ ਜੇ ਨੁਕਸਾਨ ਹੋ ਜਾਵੇ, ਤਾਂ ਉਹਨਾਂ ਦੀ ਪੁਰ-ਬਹਾਲੀ ਅਤੇ ਪੁਨਰਸਥਾਪਨ ਲਈ ਗੰਭੀਰ ਯਤਨ ਕਰੀਏ।

ਉਦੇਸ਼:- ਇਸ ਦਿਵਸ ਨੂੰ ਮਨਾਉਣ ਅਤੇ ਇਸ ਥੀਮ ਨੂੰ ਲਾਗੂ ਕਰਨ ਦੇ ਉਦੇਸ਼ ਇਹ ਹਨ -

1. **ਵਿਰਾਸਤ ਸੰਭਾਲ ਪ੍ਰਤੀ ਜਾਗਰੂਕ ਬਣਾਉਣਾ :-** ਲੋਕਾਂ ਨੂੰ ਸਮਝਾਉਣਾ ਕਿ ਇਮਾਰਤਾਂ ਸਿਰਫ ਇੱਟਾਂ ਪੱਥਰਾਂ ਦੀ ਬਣਤਰ ਨਹੀਂ, ਬਲਕਿ ਇਤਿਹਾਸ, ਸਭਿਆਚਾਰ ਅਤੇ ਹੋਂਦ ਦਾ ਪ੍ਰਤੀਕ ਹੈ।
2. **ਆਫ਼ਤਾਂ ਅਤੇ ਯੁੱਧਾਂ ਵਲੋਂ ਵਿਰਾਸਤ ਨੂੰ ਹੋਣ ਵਾਲੇ ਖਤਰੇ ਨੂੰ ਦਰਸਾਉਣਾ:-** ਯੂਕਰੇਨ, ਸੀਰੀਆ, ਪੈਲੇਸਟਾਈਨ, ਅਫਗਾਨਿਸਤਾਨ ਆਦਿ ਦੇ ਉਦਾਹਰਣਾਂ ਰਾਹੀਂ ਇਹ ਦਰਸਾਉਣਾ ਕਿ ਕਿਵੇਂ ਯੁੱਧਾਂ ਨੇ ਸੈਂਕੜਿਆਂ ਸਾਲਾਂ ਪੁਰਾਣੀ ਵਿਰਾਸਤ ਨੂੰ ਨਸ਼ਟ ਕੀਤਾ ।
3. **ਤਿਆਰੀ, ਸੁਰੱਖਿਆ ਅਤੇ ਪੁਨਰਸਥਾਪਨਾ ਦੀ ਯੋਜਨਾ ਬਣਾਉਣਾ :-** ਸੰਕਟਮਈ ਵਿਰਾਸਤੀ ਯੋਜਨਾਵਾਂ ਬਣਾਉਣਾ, ਰਿਸਕ ਮੈਪਿੰਗ, ਡਾਕੂਮੈਂਟੇਸ਼ਨ, ਡਿਜੀਟਲ ਆਰਕਾਈਵਿੰਗ ਆਦਿ ਰਾਹੀਂ ਸਧਾਰਨ ਪੱਧਰੀ ਅਤੇ ਅੰਤਰਰਾਸ਼ਟਰੀ ਤਹਿ ਤੇ ਕਾਰਜਯੋਜਨਾ ਬਣਾਉਣੀ।
4. **ਸਥਾਨਿਕ ਭੂਮਿਕਾ ਨੂੰ ਮਜਬੂਤ ਕਰਨਾ :-** ਪਿੰਡਾਂ,ਸ਼ਹਿਰਾਂ, ਪੰਚਾਇਤਾਂ ਅਤੇ ਸਥਾਨਿਕ ਨਾਗਰਿਕਾਂ ਦੀ ਭੂਮਿਕਾ ਮਹੱਤਵਪੂਰਨ ਹੈ। ਉਹ ਸਭ ਤੋਂ ਪਹਿਲਾਂ ਪ੍ਰਭਾਵਿਤ ਹੁੰਦੇ ਹਨ ਅਤੇ ਵਿਰਾਸਤ ਦੀ ਸੁਰੱਖਿਆ ਲਈ ਵੱਡਾ ਰੋਲ ਅਦਾ ਕਰ ਸਕਦੇ ਹਨ ।
5. **ਡਿਜੀਟਲ ਤਕਨਾਲੋਜੀ ਦੀ ਭੂਮਿਕਾ :-** 3 ਡੀ ਸਕੈਨਿੰਗ, ਡਰੋਨ ਮੈਪਿੰਗ, ਆਨ ਲਾਈਨ ਆਰਕਾਈਵਿੰਗ,ਵਰਚੂਅਲ ਰੀਕੰਸਟਰਕਸ਼ਨ ਰਾਹੀਂ ਸੰਭਾਵਤ ਨੁਕਸਾਨ ਤੋਂ ਪਹਿਲਾਂ ਡਾਟਾ ਸੰਭਾਲਣਾ ਅਤੇ ਆਫ਼ਤ ਪਿੱਛੋਂ ਦੁਬਾਰਾ ਬਣਾਉਣ ਵਿਚ ਮੱਦਦ।
6. **ਕਾਨੂੰਨੀ ਰੱਖਿਆ ਅਤੇ ਸਾਂਝੇ ਦਾਅਵਿਆਂ ਦੀ ਰਚਨਾ :-** ਵਿਦੇਸ਼ੀ ਹਮਲਿਆਂ ਜਾਂ ਘਰੇਲੂ ਸਥਿਤੀਆਂ ਦੌਰਾਨ ਵਿਰਾਸਤ ਦੀ ਸੁਰੱਖਿਆ ਲਈ ਰਾਸ਼ਟਰਾਂ ਵਿਚਕਾਰ ਸਹਿਯੋਗ ਅਤੇ ਹੇਗ ਕਨਵੈਨਸ਼ਨ ਵਰਗੀਆਂ ਕਾਨੂੰਨੀ ਬੰਦਸ਼ਾਂ ਦਾ ਨਿਰਧਾਰਨ ।
7. **ਵਿਰਾਸਤ ਨੂੰ ਈਕੋਲੋਜੀ ਅਤੇ ਤਤਕਾਲੀ ਵਿਕਾਸ ਨਾਲ ਜੋੜਨਾ :-** ਕਿਵੇ ਵਿਰਾਸਤੀ ਸਥਾਨ ਸਥਾਨਕ ਅਬਾਦੀ ਲਈ ਰੁਜ਼ਗਾਰ ਦੇ ਕੇ ਅਤੇ ਵਾਤਾਵਰਨਿਕ ਸੰਤੁਲਨ ਰੱਖ ਕੇ ਸਮਾਜਿਕ ਤਰੱਕੀ ਦਾ ਹਿੱਸਾ ਬਣ ਸਕਦੇ ਹਨ।

**ਚੁਣੌਤੀਆਂ :-**

1. **ਕੁਦਰਤੀ ਆਫ਼ਤਾਂ ਦੀ ਅਣਪੇਖਿਆਤਾ :-** ਭੁਚਾਲ,ਹੜ੍ਹ ਅੱਗ,ਨ੍ਹੇਰੀਆਂ ਆਦਿ ਕਿਸੇ ਵੀ ਸਮੇਂ ਆ ਸਕਦੀਆਂ ਹਨ ਅਤੇ ਵਿਰਾਸਤੀ ਢਾਂਚਿਆਂ ਲਈ ਮਹਾਂਨਾਸ਼ਕ ਸਾਬਤ ਹੁੰਦੀਆਂ ਹਨ।
2. **ਮਨੁੱਖ-ਨਿਰਮਿਤ ਸੰਘਰਸ਼ :-** ਯੁੱਧ, ਅੱਤਵਾਦ, ਲੁੱਟ ਅਤੇ ਧਾਰਮਿਕ ਤਣਾਅ ਅਕਸਰ ਵਿਰਾਸਤ ਨੂੰ ਨਿਸ਼ਾਨਾ ਬਣਾਉਂਦੇ ਹਨ। ਜਿਵੇਂ ਕਿ
ਬਾਮਿਯਾਨ ਦੇ ਬੁੱਧ ਮੂਰਤੀਆਂ ਦਾ ਤਬਾਹ ਹੋਣਾ ਜਾਂ ਮੋਸੂਲ ਅਤੇ ਅਲੇਪੋ ਵਿੱਚ ਵਿਰਾਸਤੀ ਨੁਕਸਾਨ ।
3. **ਰਾਜਨੀਤਿਕ ਇੱਛਾ ਸ਼ਕਤੀ ਦੀ ਘਾਟ:-** ਕਈ ਵਾਰੀ ਸਰਕਾਰਾਂ ਕੋਲ ਸੰਸਾਧਨ ਜਾਂ ਰੁਚੀ ਨਹੀਂ ਹੁੰਦੀ ਕਿ ਉਹ ਵਿਰਾਸਤ ਦੀ ਸੰਭਾਲ ਲਈ ਨੀਤੀਮਤ ਜਾਂ ਵਿਤੀ ਸਹਾਇਤਾ ਦੇਣ ।
4. **ਆਧੁਨਿਕਤਾ ਵੱਲ ਦੌੜ :-** ਵਿਕਾਸ ਅਤੇ ਨਵੇਂ ਇਨਫਰਾਸਟਰਕਚਰ ਦੀ ਦੌੜ ਵਿਚ ਪੁਰਾਤਨ ਇਮਾਰਤਾਂ ਅਤੇ ਵਿਰਾਸਤ ਸਥਾਨ ਤਬਾਹ ਹੋ ਰਹੇ ਹਨ।
5. **ਡਾਕੂਮੈਂਟੇਸ਼ਨ ਦੀ ਕਮੀ :-** ਅਣ-ਰਜਿਸਟਰਡ ਵਿਰਾਸਤ ਦੀ ਸੰਖਿਆ ਕਾਫੀ ਵੱਧ ਹੈ। ਜਦ ਤੱਕ ਉਹਨਾਂ ਦੀ ਪਛਾਣ, ਡਿਜੀਟਲ ਦਸਤਾਵੇਜੀ ਅਤੇ ਮੈਪਿੰਗ ਨਹੀਂ ਹੁੰਦੀ, ਉਹ ਆਫ਼ਤਾਂ ਵਿਚ ਗੁੰਮ ਹੋ ਜਾਂਦੇ ਹਨ।
6. **ਜਨਤਾ ਵਿੱਚ ਦਿਲਚਸਪੀ ਦੀ ਕਮੀ :-** ਜਨਤਾ ਨੂੰ ਪੂਰੀ ਤਰਾਂ ਆਪਣੀ ਵਿਰਾਸਤ ਦੀ ਮਹੱਤਤਾ ਨਹੀਂ ਪਤਾ ਹੁੰਦੀ, ਜਿਸ ਕਾਰਨ ਉਹ ਆਪਣੀ ਜ਼ਿੰਮੇਵਾਰੀ ਨਹੀਂ ਸਮਝਦੇ।
7. **ਵਿਰਾਸਤ ਦਾ ਵਿਆਪਕ ਅਰਥ :-** ਅੱਜ ਸਿਰਫ ਇਮਾਰਤਾਂ ਹੀ ਨਹੀਂ, ਬਲਕਿ ਲੋਕ ਸੰਗੀਤ,ਲੋਕ ਸਾਹਿਤ,ਰਸਮਾਂ ਰਿਵਾਜ,ਭਾਸ਼ਾ, ਪਹਿਰਾਵਾ,ਭੋਜਨ ਆਦਿ ਸਭ ਕੁਝ ਵਿਰਾਸਤ ਦਾ ਅੰਗ ਹੈ। ਇਹ ਸਭ ਕੁਝ ਆਫ਼ਤਾਂ ਵਿਚ ਖਤਮ ਹੋ ਰਿਹਾ ਹੈ।

**ਵਿਸ਼ਵ ਪੱਧਰ ਤੇ ਯਤਨ :-**

* **ਯੂਨੈਸਕੋ ਵਿਰਾਸਤ ਸੂਚੀ (WHL):-** ਜਿਸ ਵਿਚ ਸਾਰੇ ਮਹੱਤਵਪੂਰਨ ਵਿਰਾਸਤੀ ਸਥਾਨ ਦਰਜ ਹਨ। ਇਹਨਾਂ ਦੀ ਸੰਭਾਲ ਲਈ ਵਿਸ਼ੇਸ਼ ਮਿਆਰ ਨਿਸ਼ਚਿਤ ਹਨ ਤੇ ਸਹਾਇਤਾ ਦਿੱਤੀ ਜਾਂਦੀ ਹੈ।
* **BLUE SHIELD INTERNATIONAL:-** ਇਕ ਅਜਿਹੀ ਅੰਤਰਰਾਸ਼ਟਰੀ ਸੰਸਥਾ ਹੈ ਜੋ ਸੰਕਟ ਵਾਲੇ ਖੇਤਰਾਂ ਵਿਚ ਵਿਰਾਸਤੀ ਸੁਰੱਖਿਆ ਦਾ ਯਤਨ ਕਰਦੀ ਹੈ।
* **International Assistance Fund :- ICOMOS** ਅਤੇ **UNESCO** ਰਾਹੀਂ ਆਈ ਆਫ਼ਤ ਵਿਚ ਵਿਸ਼ੇਸ਼ ਸਹਾਇਤਾ ਦੇਣ ਲਈ ਬਣਾਈ ਗਈ ਵਿਧੀ।
* **GTI (Getty Conservation Institute)** ਅਤੇ **ICCROM(International Centre for the Study of the Preservation and Restoration of Cultural Property)** ਵਰਗੇ ਸਥਾਪਤ ਸੰਸਥਾਨ ਦੁਨੀਆਂ ਭਰ ਵਿਚ ਸਿਖਲਾਈ ਅਤੇ ਖੋਜ ਦਾ ਕੰਮ ਕਰ ਰਹੇ ਹਨ।

**ਕੈਨੇਡਾ ਵਿੱਚ ਵਿਸ਼ਵ ਵਿਰਾਸਤ ਸਥਾਨ :-** ਕੈਨੇਡਾ ਵਿਚ 22 ਦੇ ਕਰੀਬ ਵਿਰਾਸਤੀ ਸਥਾਨ ਹਨ, ਜੋ ਯੂਨੈਸਕੋ ਦੁਆਰਾ ਪ੍ਰਵਾਨ ਕੀਤੇ ਗਏ ਹਨ। ਇਨ੍ਹਾਂ ਵਿਚ ਕੁਝ ਕੁਦਰਤੀ, ਕੁਝ ਸਭਿਆਚਾਰਕ ਅਤੇ ਕੁਝ ਮਿਲੀ ਜੁਲੀ ਕਿਸਮ ਦੇ ਹਨ। ਕੁਝ ਪ੍ਰਸਿੱਧ ਵਿਰਾਸਤੀ ਸਥਾਨ ਹੇਠ ਲਿਖੇ ਹਨ -

1. ਰਾਈਡੋ ਕੈਨਾਲ **(Rideau Canal), ਓਟਾਵਾ** ---ਪੁਰਾਣੀ ਨਦੀ
2. ਹੈਡ ਸਮਸ਼ਿਲ ਬਫਿਨ ਆਈਲੈਂਡ (Quttinirpaaq National Park)- ਨੂਨਾਵੁਟ -----ਕੁਦਰਤੀ ਖੇਤਰ
3. ਓਲਡ ਟਾਊਨ ਲੂਇਸਬਰਗ (Old Town Lunenberg)- ਨੋਵਾ ਸਕੋਸ਼ੀਆ -ਇਤਿਹਾਸਕ ਮਹੱਤਤਾ ਵਾਲਾ ਕਸਬਾ
4. ਜੋਗਿਨਸ ਫੋਸਿਲ ਕਲਿਫਸ (Joggins Fossil Cliffs)- ਨੋਵਾ ਸਕੋਸ਼ੀਆ - ਮਹੱਤਵਪੂਰਨ ਫੋਸਿਲ ਸਥਾਨ
5. ਗ੍ਰੋਸ ਮੋਰਨ ਨੈਸ਼ਨਲ ਪਾਰਕ (Gros Morne National Park)- ਨਿਊਫਾਊਂਡਲੈਂਡ - ਟੈਕਟੋਨਿਕ ਪਲੇਟਾਂ ਹਿਲਣ ਨਾਲ ਬਣੇ ਪਹਾੜੀ ਇਲਾਕੇ
6. ਵੁੱਡ ਬੁਫੈਲੋ ਨੈਸ਼ਨਲ ਪਾਰਕ (wood buffalo National Park)- ਅਲਬਰਟਾ/ਨਾਰਥ ਵੈਸਟ ਟਰੀਟੋਰੀਜ
7. ਲੰਘਮੈਕੀਨ ਮਾਊਂਟੇਨਜ (Canadian Rocky Mountain Parks)- ਅਲਬਰਟਾ ਅਤੇ ਬ੍ਰਿਟਿਸ਼ ਕੋਲੰਬੀਆ - ਇਸ ਵਿਚ ਬੈਨਿਫ਼, ਜੈਸਪਰ, ਯੋਹੋ ਅਤੇ ਕੂਟਨੇ ਨੈਸ਼ਨਲ ਪਾਰਕ ਸ਼ਾਮਲ ਹਨ।
8. ਦੀ ਕਲੋਂਡਾਈਕ (T r'ondek- Kondike)- ਯੂਕਨ- 2023 ਵਿਚ ਸ਼ਾਮਲ ਹੋਇਆ।


ਇਹ ਸਥਾਨ ਸਿਰਫ ਵਿਸ਼ਵ ਵਿਰਾਸਤ ਹੀ ਨਹੀਂ, ਸਗੋਂ ਇਤਿਹਾਸਕ ਮਹੱਤਤਾ ਵਾਲੇ ਕੈਨੇਡਾ ਦੇ ਕੁਦਰਤੀ ਅਤੇ ਸਭਿਆਚਾਰਕ ਥਾਵਾਂ ਹਨ।

ਅੰਤਿਕਾ :- ਵਿਸ਼ਵ ਵਿਰਾਸਤ ਦਿਵਸ 2025 ਦਾ ਥੀਮ ਸਾਨੂੰ ਸਿਰਫ ਚੇਤਾਵਨੀ ਨਹੀਂ ਦਿੰਦਾ, ਸਗੋਂ ਇਹ ਲਗਾਤਾਰ ਯਾਦ ਕਰਵਾਉਂਦਾ ਹੈ ਕਿ ਅਸੀਂ ਆਪਣੀ ਵਿਰਾਸਤ ਦੀ ਕਦਰ ਕਰੀਏ, ਉਸਨੂੰ ਸਮਝੀਏ ਅਤੇ ਆਉਣ ਵਾਲੀਆਂ ਆਫ਼ਤਾਂ ਜਾਂ ਮਨੁੱਖੀ ਬਰਬਾਦੀ ਤੋਂ ਬਚਾਉਣ ਲਈ ਤਿਆਰੀ ਰੱਖੀਏ। ਇਹ ਸਾਡੀ ਸਾਰਿਆਂ ਦੀ ਸਾਂਝੀ ਜਿੰਮੇਵਾਰੀ ਹੈ ਕਿ ਅਸੀਂ ਨਾ ਸਿਰਫ ਅਤੀਤ ਨੂੰ ਜਿੰਦਾ ਰੱਖੀਏ, ਸਗੋਂ ਭਵਿੱਖ ਨੂੰ ਇੱਕ ਵਿਰਾਸਤਕ ਪੱਧਰ ਤੇ ਸਮਰੱਥ ਬਣਾ ਕੇ ਛੱਡੀਏ।

# ਇਨਕਲਾਬੀ ਆਗੂ ਮਾਰਟਿਨ ਲੂਥਰ ਕਿੰਗ ਨੂੰ ਚੇਤੇ ਕਰਦਿਆਂ

ਲਿਖਤ : ਪਿਰਥੀਪਾਲ ਸਿੰਘ ਮਾੜੀਮੇਘਾ
ਮੋਬਾਈਲ : 98760-78731

ਇਨਕਲਾਬੀ ਸੋਚਣੀ ਦਾ ਮਾਲਕ ਮਾਰਟਿਨ ਲੂਥਰ ਕਿੰਗ ਵਿਸ਼ਵ ਭਰ ਵਿਚ ਸਿਆਹਫਾਮ ਲੋਕਾਂ ਦਾ ਇਨਕਲਾਬੀ ਆਗੂ ਸੀ। ਉਸ ਦਾ ਜਨਮ 15 ਜਨਵਰੀ 1929 ਨੂੰ ਅਮਰੀਕਾ ਦੇ ਸ਼ਹਿਰ ਐਟਲਾਂਟਾ ਵਿਖੇ ਹੋਇਆ ਸੀ। ਉਸ ਦਾ ਮੁੱਢਲਾ ਨਾਂ ਮਾਈਕਲ ਸੀ ਪਰ ਉਹ ਮਾਰਟਿਨ ਲੂਥਰ ਕਿੰਗ ਦੇ ਨਾਂ ਨਾਲ ਵਿਸ਼ਵ ਭਰ 'ਚ ਪ੍ਰਸਿੱਧ ਹੋਇਆ। ਉਸ ਦਾ ਪਿਤਾ ਪਾਦਰੀ ਸੀ। ਲੂਥਰ ਕਿੰਗ ਨੇ ਅਮਰੀਕਾ ਦੇ ਸ਼ਹਿਰ ਜਾਰਜੀਆ ਦੇ ਵੱਖ-ਵੱਖ ਅਦਾਰਿਆਂ 'ਚੋਂ ਵਿੱਦਿਆ ਪ੍ਰਾਪਤ ਕੀਤੀ ਸੀ। ਉਸ ਨੇ 15 ਸਾਲ ਦੀ ਉਮਰ ਵਿਚ ਗ੍ਰੈਜੂਏਸ਼ਨ ਪਾਸ ਕਰ ਲਈ ਸੀ। ਉਹ ਗੋਰਿਆਂ ਦੇ ਸੀਨੀਅਰ ਕਾਲਜ ਦਾ ਪ੍ਰਧਾਨ ਚੁਣਿਆ ਗਿਆ। ਮਾਰਟਿਨ ਨੇ ਕਰੋਜ਼ਰ ਤੋਂ ਫੈਲੋਸ਼ਿਪ ਲੈ ਕੇ ਬੋਸਟਨ ਯੂਨੀਵਰਸਿਟੀ 'ਚ ਦਾਖ਼ਲਾ ਲਿਆ ਅਤੇ ਡਾਕਟਰੇਟ ਦੀ ਦੂਜੀ ਉਪਾਧੀ ਹਾਸਲ ਕਰ ਲਈ। ਬੋਸਟਨ 'ਚ ਉਸ ਦੀ ਮੁਲਾਕਾਤ ਕਰੇਟਾ ਨਾਲ ਹੋਈ ਜੋ ਵਿਆਹ ਵਿਚ ਤਬਦੀਲ ਹੋ ਗਈ। ਇਸ ਇਨਕਲਾਬੀ ਜੋੜੀ ਦੀਆਂ ਦੋ ਕੁੜੀਆਂ ਅਤੇ ਦੋ ਮੁੰਡੇ ਸਨ। ਮਾਰਟਿਨ 1954 ਵਿਚ ਮਿੰਟਗੁਮਰੀ ਵਿਖੇ ਅਲਬਾਮਾ ਦੇ ਡੈਕਸਰ ਐਵੇਨਿਊ ਚਰਚ ਦਾ ਪਾਦਰੀ ਬਣ ਗਿਆ। ਉਸ ਨੂੰ ਸਿਆਹਫਾਮ ਲੋਕਾਂ ਦੀ ਬੇਖ਼ੌਫ਼ ਆਵਾਜ਼ ਉਠਾਉਣ ਕਾਰਨ ਕਾਲੇ ਲੋਕਾਂ ਦੀ ਕੌਮਾਂਤਰੀ ਸੰਸਥਾ ਦਾ ਮੈਂਬਰ ਚੁਣ ਲਿਆ ਗਿਆ। ਜਲਦੀ ਹੀ ਉਹ ਦੁਨੀਆ ਦਾ ਮੁੱਖ ਆਗੂ ਬਣ ਗਿਆ। ਉਸ ਨੇ ਨੀਗਰੋ ਕ੍ਰਾਂਤੀ ਦਾ ਮੈਨੀਫੈਸਟੋ ਲਿਖਿਆ। ਲੂਥਰ ਕਿੰਗ ਪੜ੍ਹਾਈ ਵਿਚ ਇੰਨਾ ਹੁਸ਼ਿਆਰ ਸੀ ਕਿ ਉਸ ਨੇ ਪੰਜ ਪੀਐੱਚਡੀ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ ਸਨ। ਉਸ ਨੇ 1958 'ਚ 'ਰੋਡ ਟੂ ਫਰੀਡਮ' ਕਿਤਾਬ ਲਿਖੀ। ਉਸ ਨੇ ਵੀਅਤਨਾਮ ਦੀ ਜੰਗ 'ਚ ਅਮਰੀਕਾ ਦਾ ਵਿਰੋਧ ਕੀਤਾ। ਉਸ ਦੀ ਨੀਤੀ ਇਹ ਸੀ ਕਿ ਜਾਤ-ਪਾਤ, ਨਸਲ ਦੇ ਭੇਦਭਾਵ ਤੋਂ ਸਮਾਜ ਮੁਕਤ ਹੋਣਾ ਚਾਹੀਦਾ ਹੈ। ਇਸ ਸੋਚ ਦੀ ਪੂਰਤੀ ਵਾਸਤੇ ਉਹ ਆਖ਼ਰੀ ਦਮ ਤਕ ਸੰਘਰਸ਼ ਕਰਦਾ ਰਿਹਾ। ਲੂਥਰ ਕਿੰਗ ਨੋਬਲ ਸ਼ਾਂਤੀ ਪੁਰਸਕਾਰ ਜਿੱਤਣ ਵਾਲਾ ਸਭ ਤੋਂ ਛੋਟੀ ਉਮਰ ਦਾ ਵਿਅਕਤੀ ਸੀ। ਉਸ ਵੇਲੇ ਉਸ ਦੀ ਉਮਰ ਸਿਰਫ 35 ਸਾਲ ਦੀ ਸੀ। ਪੁਰਸਕਾਰ ਜਿੱਤਣ 'ਤੇ ਲੂਥਰ ਕਿੰਗ ਨੂੰ 54123 ਡਾਲਰ ਦੀ ਜੋ ਰਕਮ ਮਿਲੀ ਸੀ, ਉਹ ਉਸ ਨੇ ਨਾਗਰਿਕ ਅਧਿਕਾਰ ਅੰਦੋਲਨ ਦੇ ਕਾਰਕੁਨਾਂ ਨੂੰ ਦੇ ਦਿੱਤੀ ਸੀ। ਉਸ ਦੀ ਜਾਨ ਲੈਣ ਵਾਸਤੇ ਉਸ ਮਗਰ ਸਿਰਫਿਰੇ ਗੋਰੇ ਲੱਗੇ ਰਹਿੰਦੇ ਸਨ। ਅੰਤ ਇਨ੍ਹਾਂ ਨੇ 4 ਅਪ੍ਰੈਲ 1968 ਨੂੰ ਉਸ ਨੂੰ ਉਦੋਂ ਕਤਲ ਕਰ ਦਿੱਤਾ ਜਦੋਂ ਉਹ ਹੋਟਲ ਦੇ ਕਮਰੇ ਦੀ ਬਾਲਕੋਨੀ ਵਿਚ ਖੜ੍ਹਾ ਸੀ। ਉਹ ਉੱਥੇ ਨੀਗਰੋ ਲੋਕਾਂ ਦੀ ਹੜਤਾਲ ਦੀ ਅਗਵਾਈ ਕਰਨ ਆਇਆ ਸੀ। ਪਰ ਉਸ ਮਹਾਨ ਮਨੁੱਖ ਨੂੰ ਗੋਰਿਆਂ ਨੇ ਮੌਤ ਦੇ ਘਾਟ ਉਤਾਰ ਦਿੱਤਾ। ਮਾਰਟਿਨ ਲੂਥਰ ਕਿੰਗ ਦੇ ਸ਼ਹੀਦੀ ਦਿਹਾੜੇ 'ਤੇ ਸੰਯੁਕਤ ਰਾਜ ਅਮਰੀਕਾ ਵਿਚ ਹਰ ਸਾਲ ਛੁੱਟੀ ਹੁੰਦੀ ਹੈ ਅਤੇ ਇਹ ਦਿਨ ਲੋਕ ਬੜੀ ਸ਼ਰਧਾ ਨਾਲ ਮਨਾਉਂਦੇ ਹਨ।



# ਅੰਧ ਵਿਸ਼ਵਾਸ਼ਾਂ ਕਾਰਣ ਸਮਾਜ ਬਹੁਤ ਡੂੰਘੇ ਸੰਕਟ ਵੱਲ

**ਲਿਖਤ : ਡਾਕਟਰ ਅਰੁਣ ਮਿੱਤਰਾ**

ਭਾਰਤ ਦੇ ਸੰਵਿਧਾਨ ਵਿਚ 1976 ਨੂੰ ਹੋਈ 42ਵੀਂ ਸੋਧ ਦੌਰਾਨ ਮੌਲਿਕ ਕਰਤੱਵਾਂ ਦੇ ਤਹਿਤ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਜੋੜਿਆ ਗਿਆ ਸੀ, ਜਿਸ ਵਿਚ ਕਿਹਾ ਗਿਆ ਹੈ ਕਿ ਭਾਰਤ ਦੇ ਹਰੇਕ ਨਾਗਰਿਕ ਦਾ ਕਰਤੱਵ ਹੈ ਕਿ ਉਹ ਆਪਣੇ ਅੰਦਰ ਵਿਗਿਆਨਕ ਦ੍ਰਿਸ਼ਟੀਕੋਣ, ਮਾਨਵਤਾਵਾਦ ਅਤੇ ਜਾਂਚ-ਪੜਤਾਲ ਤੇ ਸੁਧਾਰ ਦੀ ਭਾਵਨਾ ਨੂੰ ਵਿਕਸਤ ਕਰੇਗਾ।

ਪਿਛਲੇ ਕੁਝ ਸਾਲਾਂ ਦੌਰਾਨ ਰਾਜ (ਸੱਤਾ ਧਿਰ) ਦੁਆਰਾ ਇਕ ਅਜਿਹਾ ਬਿਰਤਾਂਤ ਸਿਰਜਿਆ ਜਾ ਰਿਹਾ ਹੈ, ਜਿਸ ਵਿਚ ਸਵਾਲ ਕਰਨ ਜਾਂ ਵਿਸ਼ਲੇਸ਼ਣ ਕਰਨ ਦੀ ਪ੍ਰਵਿਰਤੀ ਦੀ ਬਜਾਏ ਅੰਧਵਿਸ਼ਵਾਸ ਵਿਚ ਰਹਿਣ ਦੀ ਪ੍ਰਵਿਰਤੀ ਵਿਕਸਤ ਕੀਤੀ ਜਾ ਰਹੀ ਹੈ। ਜੇਕਰ ਅਧਿਕਾਰਤ ਅੰਕੜਿਆਂ 'ਤੇ ਵਿਸ਼ਵਾਸ ਕੀਤਾ ਜਾਵੇ ਤਾਂ ਪ੍ਰਯਾਗਰਾਜ ਵਿਚ ਕੁੰਭ ਮੇਲੇ ਦੌਰਾਨ 65 ਕਰੋੜ ਤੋਂ ਵੱਧ ਲੋਕਾਂ ਨੇ ਨਾ ਸਿਰਫ਼ ਬਹੁਤ ਜ਼ਿਆਦਾ ਪ੍ਰਦੂਸ਼ਿਤ ਪਾਣੀ ਵਿਚ ਇਸ਼ਨਾਨ ਕੀਤਾ ਸਗੋਂ ਇਹ ਪਾਣੀ ਪੀਤਾ ਵੀ ਅਤੇ ਬੋਤਲਾਂ ਵਿਚ ਭਰ ਕੇ ਦੂਜਿਆਂ ਲਈ 'ਚਰਨਾਮਿਤ' ਦੇ ਰੂਪ ਵਿਚ ਆਪਣੇ ਨਾਲ ਵੀ ਲੈ ਕੇ ਗਏ, ਜਿਸ ਨੂੰ ਆਪਣੇ ਪਰਿਵਾਰਕ ਜੀਆਂ ਤੇ ਗੁਆਂਢੀਆਂ ਨੂੰ ਵੀ ਪਿਲਾਇਆ। ਇਹ ਸਭ ਕੁਝ ਸਰਕਾਰੀ ਸੰਸਥਾਵਾਂ, ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ.ਜੀ.ਟੀ.) ਅਤੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ.ਪੀ.ਸੀ.ਬੀ.) ਵਲੋਂ ਇਹ ਚਿਤਾਵਨੀ ਦਿੱਤੇ ਜਾਣ ਦੇ ਬਾਵਜੂਦ ਹੋਇਆ ਕਿ ਪਾਣੀ ਬਹੁਤ ਜ਼ਿਆਦਾ ਪ੍ਰਦੂਸ਼ਿਤ ਹੋਣ ਕਰਕੇ ਪੀਣਾ ਤਾਂ ਛੱਡੋ, ਨਹਾਉਣ ਦੇ ਵੀ ਯੋਗ ਨਹੀਂ ਹੈ।

ਬਿਹਾਰ ਪ੍ਰਦੂਸ਼ਣ ਬੋਰਡ ਵਲੋਂ ਵੀ ਪੇਸ਼ ਕੀਤੀ ਗਈ ਇਸੇ ਤਰ੍ਹਾਂ ਦੀ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਬਿਹਾਰ 'ਚ ਗੰਗਾ ਨਦੀ ਦਾ ਪਾਣੀ ਜ਼ਿਆਦਾਤਰ ਥਾਵਾਂ 'ਤੇ ਨਹਾਉਣ ਯੋਗ ਨਹੀਂ ਸੀ। ਪਰ ਇਨ੍ਹਾਂ ਚਿਤਾਵਨੀਆਂ ਦੇ ਬਾਵਜੂਦ ਲੋਕ ਆਸਥਾ ਤੇ ਈਸ਼ਵਰੀ ਲਾਭਾਂ ਦੇ ਨਾਂ 'ਤੇ ਮਲ-ਮੂਤਰ ਨਾਲ ਪ੍ਰਦੂਸ਼ਿਤ ਪਾਣੀ ਪੀਂਦੇ ਰਹੇ। ਇਸ ਦੌਰਾਨ ਜਿਥੇ ਗੰਗਾ ਦੀ ਸਫਾਈ ਦੇ ਸਰਕਾਰੀ ਦਾਅਵਿਆਂ ਦਾ ਪਰਦਾਫਾਸ਼ ਹੋਇਆ, ਉਥੇ ਇਹ ਵੀ ਸਾਹਮਣੇ ਆਇਆ ਕਿ ਸਾਡਾ ਸਮਾਜ ਸੱਤਾ 'ਚ ਬੈਠੇ ਲੋਕਾਂ ਦੁਆਰਾ ਫੈਲਾਏ ਗਏ ਮਿਥਿਹਾਸਕ ਤੇ ਗੈਰ-ਵਿਗਿਆਨਕ ਵਿਚਾਰਾਂ ਤੋਂ ਕਿੰਨਾ ਜ਼ਿਆਦਾ ਪ੍ਰਭਾਵਿਤ ਹੈ। ਇਹ ਬਹੁਤ ਚਿੰਤਾ ਦਾ ਵਿਸ਼ਾ ਹੈ ਕਿ ਲੋਕ ਇੰਨੇ ਬੇਪ੍ਰਵਾਹ ਤੇ ਮੂਰਖ ਕਿਵੇਂ ਹੋ ਸਕਦੇ ਹਨ। ਇਹ ਬਹੁਤ ਦਿਲਚਸਪ ਤੇ ਧਿਆਨਯੋਗ ਹੈ ਕਿ ਜਦੋਂ ਲੋਕ ਕੁੰਭ ਵਿਚ ਇਸ਼ਨਾਨ ਕਰ ਰਹੇ ਸਨ ਤਾਂ ਮਹਾਰਾਸ਼ਟਰ ਨਵਨਿਰਮਾਣ ਸੈਨਾ (ਐਮ.ਐਨ.ਐਸ.) ਦੇ ਮੁਖੀ ਰਾਜ ਠਾਕਰੇ (ਜਿਸ ਦੇ ਸਮਾਜਿਕ-ਰਾਜਨੀਤਕ ਵਿਸ਼ਵਾਸ ਤੋਂ ਸਭ ਜਾਣੂ ਹਨ) ਨੇ ਗੰਗਾ ਨਦੀ ਦੀ ਸਫਾਈ 'ਤੇ ਸਵਾਲ ਉਠਾਉਂਦਿਆਂ ਗੰਗਾ ਵਿਚ ਇਸ਼ਨਾਨ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਲੋਕਾਂ ਨੂੰ 'ਅੰਧਵਿਸ਼ਵਾਸ ਤੋਂ ਬਾਹਰ ਨਿਕਲ ਕੇ ਆਪਣੇ ਦਿਮਾਗ ਦੀ ਸਹੀ ਵਰਤੋਂ ਕਰਨ' ਦੀ ਅਪੀਲ ਕੀਤੀ। ਉਸ ਨੇ ਪ੍ਰਯਾਗਰਾਜ ਵਿਖੇ ਹੋਏ ਮਹਾਂਕੁੰਭ ਤੋਂ ਆਪਣੀ ਪਾਰਟੀ ਦੇ ਨੇਤਾ ਬਾਲਾ ਨੰਦਗਾਂਵਕਰ ਦੁਆਰਾ ਲਿਆਂਦੇ ਗਏ ਪਵਿੱਤਰ ਜਲ ਨੂੰ ਪੀਣ ਤੋਂ ਇਨਕਾਰ ਕਰ ਦਿੱਤਾ ਸੀ। ਮੈਨੂੰ ਕਦੇ ਇਹ ਮਹਿਸੂਸ ਨਹੀਂ ਹੋਇਆ ਕਿ ਹਿੰਦੂ ਧਰਮ ਖ਼ਤਰੇ ਵਿਚ ਹੈ, ਪਰ ਕੁੰਭ ਮੇਲੇ ਦੇ ਬਾਅਦ ਡਰ ਲੱਗਣ ਲੱਗਾ ਹੈ ਕਿ ਹਿੰਦੂ ਧਰਮ ਬਹੁਤ ਡੂੰਘੇ ਸੰਕਟ ਵੱਲ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਮਾਨਵ ਸੱਭਿਅਤਾ ਜਲ ਸਰੋਤਾਂ ਦੇ ਆਲੇ-ਦੁਆਲੇ ਵਿਕਸਤ ਹੋਈ ਹੈ ਕਿਉਂਕਿ ਪਾਣੀ ਮੁਨੱਖ ਲਈ ਜੀਵਨ ਦਾ ਸਰੋਤ ਸੀ। ਇਸੇ ਲਈ ਲੋਕ ਸ਼ੁਕਰਗੁਜ਼ਾਰ ਹੋਣ ਲਈ ਵੱਖ-ਵੱਖ ਥਾਵਾਂ 'ਤੇ ਜਲ ਸਰੋਤਾਂ ਦੀ ਵੱਖ-ਵੱਖ ਤਰੀਕਿਆਂ ਨਾਲ ਪੂਜਾ ਕਰਦੇ ਹਨ। ਕੁੰਭ ਮੂਲ ਰੂਪ ਵਿਚ ਵੱਖ-ਵੱਖ ਧਰਮਾਂ ਦੇ ਲੋਕਾਂ ਲਈ ਦਇਆ ਤੇ ਤਿਆਗ ਦਾ ਕੇਂਦਰ ਸੀ। ਭਾਵੇਂ ਸਮੁੰਦਰ ਮੰਥਨ ਨਾਲ ਸੰਬੰਧਿਤ ਕੁੰਭ ਬਾਰੇ ਪੌਰਾਣਿਕ ਵਰਨਣ ਵੀ ਹੈ। ਪਰ ਉਹ ਰਾਜਾ ਹਰਸ਼ਵਰਧਨ ਹੀ ਸਨ, ਜਿਨ੍ਹਾਂ ਨਿਯਮਿਤ ਤੌਰ 'ਤੇ ਤ੍ਰਿਵੈਣੀ 'ਚ ਇਸ਼ਨਾਨ ਕਰਨ ਦੀ ਪ੍ਰਥਾ ਸ਼ੁਰੂ ਕਰਵਾਈ ਸੀ। ਚੀਨੀ ਯਾਤਰੀ ਹਿਊਨਸਾਂਗ ਨੇ ਇਨ੍ਹਾਂ ਆਯੋਜਨਾਂ ਨੂੰ ਲਿਖਤੀ ਰੂਪ ਦਿੰਦਿਆਂ ਹਰਸ਼ਵਰਧਨ ਦੀ ਉਦਾਰਤਾ ਤੇ ਸ਼ਰਧਾ ਭਗਤੀ ਦਾ ਵਰਣਨ ਕੀਤਾ ਹੈ। ਉਸ ਨੇ ਲਿਖਿਆ ਹੈ ਕਿ 606 ਈਸਵੀ ਤੋਂ 647 ਈਸਵੀ ਦਰਮਿਆਨ ਹਰ 5 ਸਾਲਾਂ ਬਾਅਦ ਹੁੰਦੇ ਵੱਡੇ ਧਾਰਮਿਕ ਇੱਕਠ ਵਿਚ ਵੱਖ-ਵੱਖ ਵਿਚਾਰਾਂ ਤੇ ਧਰਮਾਂ ਦੇ ਲੋਕ ਹਿੱਸਾ ਲੈਂਦੇ ਸਨ। ਇਸ ਮੌਕੇ ਉਹ ਗਰੀਬਾਂ ਤੇ ਧਾਰਮਿਕ ਸੰਸਥਾਵਾਂ ਨੂੰ ਕੱਪੜੇ ਤੇ ਗਹਿਣੇ ਦਾਨ ਕਰਦੇ ਸਨ। ਇਹ ਸਮਾਗਮ ਤਿਆਗ ਤੇ ਦਇਆ ਦਾ ਪ੍ਰਤੀਬਿੰਬ ਸੀ। ਪਰ ਇਸ ਵਾਰ ਸੱਤਾ ਧਿਰ ਨੇ ਮਹਾਂਕੁੰਭ ਦੀ ਵਰਤੋਂ ਮੁਸਲਮਾਨਾਂ ਦੇ ਖ਼ਿਲਾਫ਼ ਨਫ਼ਰਤ ਫੈਲਾਉਣ ਲਈ ਕੀਤੀ। ਮੁਸਲਮਾਨਾਂ ਨੂੰ ਕੁੰਭ ਦੌਰਾਨ ਆਪਣੀਆਂ ਦੁਕਾਨਾਂ ਬੰਦ ਰੱਖਣ ਲਈ ਕਿਹਾ ਗਿਆ (ਜਦਕਿ ਅਜਿਹੀਆਂ ਰਿਪੋਰਟਾਂ ਹਨ ਕਿ ਉਨ੍ਹਾਂ ਵਿਚੋਂ ਬਹੁਤਿਆਂ ਨੇ ਹਿੰਦੂ ਸ਼ਰਧਾਲੂਆਂ ਦੇ ਰਹਿਣ ਲਈ ਮਸਜਿਦਾਂ ਵੀ ਖੋਲ੍ਹੀਆਂ ਸਨ)। ਇਸ ਵਾਰ ਹਿੰਦੂ ਦਰਸ਼ਨ ਦਾ ਸਾਰ 'ਵੈਸੁਧੈਵ ਕੁਟੁੰਬਕਮ' ਜੋ ਵਿਸ਼ਵ ਸ਼ਾਂਤੀ ਤੇ ਭਾਈਚਾਰੇ ਦੀ ਗੱਲ ਕਰਦਾ ਹੈ, ਉਹ ਝੂਠਾ ਸਾਬਤ ਹੋਇਆ ਹੈ।

ਅਸਲ ਵਿਚ ਹਿੰਦੂ ਸ਼ਬਦ ਦੀ ਵਰਤੋਂ ਪ੍ਰਾਚੀਨ ਸਮੇਂ ਦੌਰਾਨ ਯੂਨਾਨੀਆਂ ਤੇ ਫਾਰਸੀਆਂ (ਪਰਸ਼ੀਅਨ) ਦੁਆਰਾ ਸਿੰਧੂ ਨਦੀ ਦੇ ਪਾਰ ਦੀ ਧਰਤੀ 'ਤੇ ਰਹਿੰਦੇ ਲੋਕਾਂ ਲਈ ਕੀਤੀ ਜਾਂਦੀ ਸੀ। ਕਿਹਾ ਜਾਂਦਾ ਹੈ ਕਿ ਫਾਰਸੀ ਲੋਕ 'ਸ' ਧੁਨੀ ਦਾ ਉਚਾਰਨ ਨਹੀਂ ਕਰ ਸਕਦੇ ਸਨ, ਇਸ ਲਈ ਉਨ੍ਹਾਂ ਨੇ ਇਸ ਨੂੰ 'ਹ' ਵਜੋਂ ਉਚਾਰਿਆ। ਇਸ ਤਰ੍ਹਾਂ 'ਹਿੰਦੂ' ਸ਼ਬਦ 'ਸਿੰਧੂ' ਦਾ ਫਾਰਸੀ ਰੂਪ ਹੈ, ਜੋ ਦਰਅਸਲ ਸਿੰਧੂ ਨਦੀ ਦਾ ਨਾਂ ਹੈ। 'ਹਿੰਦੂ ਧਰਮ' ਦਾ ਸ਼ਬਦ 19ਵੀਂ ਸਦੀ ਦੌਰਾਨ ਵਰਤੋਂ ਵਿਚ ਆਇਆ, ਜਿਸ ਨੂੰ ਸ਼ੁਰੂ ਵਿਚ ਬਾਹਰੀ ਲੋਕਾਂ ਦੁਆਰਾ ਹਿੰਦੂਆਂ ਦੇ ਵਾਦ (ਇਜ਼ਮ) ਦਾ ਵਰਣਨ ਕਰਨ ਲਈ ਵਰਤਿਆ ਜਾਂਦਾ ਸੀ। ਜੋ ਅੰਤ ਵਿਚ ਹਿੰਦੂਆਂ ਦੁਆਰਾ ਆਪਣੇ ਆਪ ਨੂੰ ਮੁਸਲਮਾਨਾਂ ਤੇ ਦੂਜਿਆਂ ਤੋਂ ਵੱਖਰਾ ਕਰਨ ਲਈ ਵਰਤਿਆ ਜਾਂਦਾ ਸੀ। 'ਹਿੰਦੂ ਧਰਮ' ਸ਼ਬਦ ਦੀ ਵਰਤੋਂ ਕਰਨ ਵਾਲਾ ਪਹਿਲਾ ਭਾਰਤੀ ਰਾਜਾ ਰਾਮ ਮੋਹਨ ਰਾਏ ਹੋ ਸਕਦਾ ਹੈ, ਜਿਸ ਨੇ 1816-17 ਵਿਚ ਇਸ ਨੂੰ ਗ੍ਰਹਿਣ ਕੀਤਾ ਸੀ। 1830 ਦੇ ਆਸ-ਪਾਸ ਕੁਝ ਭਾਰਤੀਆਂ ਨੇ ਆਪਣੇ ਆਪ ਨੂੰ 'ਹਿੰਦੂ' ਤੇ ਆਪਣਾ ਧਰਮ 'ਹਿੰਦੂ ਧਰਮ' ਕਹਿਣਾ ਸ਼ੁਰੂ ਕਰ ਦਿੱਤਾ ਸੀ। ਡਾ. ਰਿਤੂ ਖੋਸਲਾ ਨੇ ਰਾਜਾ ਰਾਮ ਮੋਹਨ ਰਾਏ ਬਾਰੇ ਆਪਣੇ ਲੇਖ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਉਹ ਇਹ ਸਾਬਤ ਕਰਨਾ ਚਾਹੁੰਦੇ ਸਨ ਕਿ ਅੰਧਵਿਸ਼ਵਾਸ ਤੇ ਝੂਠੇ ਵਿਸ਼ਵਾਸਾਂ ਦਾ ਹਿੰਦੂ ਧਰਮ ਵਿਚ ਕੋਈ ਆਧਾਰ ਨਹੀਂ ਹੈ। ਉਹ ਇਕ ਨਵੇਂ ਭਾਰਤੀ ਸਮਾਜ ਦਾ ਨਿਰਮਾਣ ਕਰਨਾ ਚਾਹੁੰਦੇ ਸਨ, ਜਿਥੇ ਤਰਕ, ਸਹਿਣਸ਼ੀਲਤਾ, ਹਮਦਰਦੀ, ਸੁਤੰਤਰਤਾ, ਸਮਾਨਤਾ ਤੇ ਭਾਈਚਾਰਕ ਸਾਂਝ ਦੇ ਸਿਧਾਤਾਂ ਦਾ ਸਤਿਕਾਰ ਹੋਵੇਗਾ।

ਹਿੰਦੂਆਂ ਦੀ ਵਿਚਾਰਧਾਰਾ ਤੇ ਪ੍ਰਥਾਵਾਂ 'ਚ ਬਹੁਤ ਵੰਨ-ਸੁਵੰਨਤਾ ਹੈ। ਉਨ੍ਹਾਂ ਵਿਚ ਕਈ ਕੁਦਰਤ ਦੇ ਪੁਜਾਰੀ ਤੇ ਮੂਰਤੀ ਪੂਜਕ ਸਨ, ਜਦਕਿ ਵੱਡੀ ਗਿਣਤੀ ਅਜਿਹੇ ਲੋਕ ਵੀ ਹਨ ਜੋ ਕਿਸੇ ਵੀ ਦੈਵੀ (ਬ੍ਰਹਮ) ਸ਼ਕਤੀ 'ਤੇ ਵਿਸ਼ਵਾਸ ਨਹੀਂ ਕਰਦੇ ਸਨ। ਉਨ੍ਹਾਂ ਕਦੇ ਵੀ ਇਕ-ਦੂਸਰੇ ਦਾ ਵਿਰੋਧ ਨਹੀਂ ਸੀ ਕੀਤਾ, ਸਗੋਂ ਸਦਭਾਵਨਾ ਨਾਲ ਰਹਿੰਦੇ ਸਨ। ਉਨ੍ਹਾਂ ਨੇ ਦੂਰ-ਦੁਰਾਡੇ ਤੋਂ ਆਉਣ ਵਾਲੇ ਲੋਕਾਂ ਦੇ ਵਿਚਾਰਾਂ ਨੂੰ ਵੀ ਗ੍ਰਹਿਣ ਕੀਤਾ। ਇਸ ਤਰ੍ਹਾਂ ਹਿੰਦੂ ਧਰਮ ਇਕ ਮਜ਼ਬੂਤ ਧਰਮ ਦੇ ਰੂਪ ਵਿਚ ਵਿਕਸਤ ਹੋਇਆ, ਜੋ ਪ੍ਰੇਮ ਤੇ ਦਇਆ ਦਾ ਪ੍ਰਚਾਰ ਕਰਦਾ ਸੀ। ਪਰ ਇਸ ਧਰਮ ਦੀ ਇਕ ਕਮਜ਼ੋਰੀ ਇਹ ਰਹੀ ਹੈ ਕਿ ਸਮਾਜ ਨੂੰ ਨੀਵੀਂਆਂ ਤੇ ਉੱਚੀਆਂ ਜਾਤੀਆਂ ਵਿਚ ਵੰਡ ਦਿੱਤਾ ਗਿਆ। ਇਸ ਆਧਾਰ 'ਤੇ ਲਗਭਗ ਇਕ ਚੌਥਾਈ ਆਬਾਦੀ ਨੂੰ ਦਬਾਇਆ ਗਿਆ ਤੇ ਮਨੁੱਖੀ ਅਧਿਕਾਰਾਂ ਤੋਂ ਵੀ ਵਾਂਝੇ ਕਰ ਦਿੱਤਾ ਗਿਆ। ਪਰ ਇਨ੍ਹਾਂ ਅੱਤਿਆਚਾਰਾਂ ਦੇ ਬਾਵਜੂਦ ਕਰੀਬ 25 ਫ਼ੀਸਦੀ ਆਬਾਦੀ ਅਜੇ ਵੀ ਹਿੰਦੂ ਧਰਮ ਨੂੰ ਹੀ ਮੰਨਦੀ ਹੈ, ਹਾਲਾਂਕਿ ਉਨ੍ਹਾਂ ਵਿਚੋਂ ਕੁਝ ਨੇ ਬੁੱਧ, ਇਸਲਾਮ ਤੇ ਈਸਾਈਅਤ ਵਰਗੇ ਹੋਰ ਧਰਮਾਂ ਨੂੰ ਵੀ ਅਪਣਾ ਲਿਆ ਹੈ। ਭਾਵੇਂ ਡਾ. ਅੰਬੇਡਕਰ ਨੇ ਵੀ ਆਪਣੇ ਅੰਤਿਮ ਦਿਨਾਂ ਵਿਚ ਬੁੱਧ ਧਰਮ ਨੂੰ ਅਪਣਾ ਲਿਆ ਸੀ, ਪਰ ਉਨ੍ਹਾਂ ਦੇ ਸਾਰੇ ਅਨੁਯਾਈ ਬੋਧੀ ਨਹੀਂ ਸਨ ਬਣੇ।

ਸੱਤਾਧਾਰੀ ਪਾਰਟੀ ਦੀ ਸਰਕਾਰ ਵਾਰ-ਵਾਰ ਗੈਰ-ਵਿਗਿਆਨਕ ਕਥਾਵਾਂ ਘੜ ਕੇ ਅਤੇ ਫੈਲਾ ਕੇ ਲੋਕਾਂ ਨੂੰ ਮਿੱਥਾਂ ਵਿਚ ਉਲਝਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜੋ ਹਿੰਦੂਆਂ ਦੀ ਮਾਨਸਿਕਤਾ ਨੂੰ ਮੁੜ ਮਧਯੁੱਗੀ ਸਮੇਂ ਵੱਲ ਵਾਪਸ ਧੱਕ ਦੇਵੇਗੀ। ਹਿੰਦੂ ਧਰਮ ਨੂੰ ਕਿਸੇ ਬਾਹਰੀ ਤਾਕਤ ਤੋਂ ਨਹੀਂ, ਸਗੋਂ ਉਸ ਦੀਆਂ ਅੰਦਰਲੀਆਂ ਤਾਕਤਾਂ ਤੋਂ ਖ਼ਤਰਾ ਹੈ, ਜੋ ਰੂੜੀਵਾਦੀ ਵਿਚਾਰਾਂ ਨੂੰ ਫੈਲਾਉਂਦੀਆਂ ਰਹਿੰਦੀਆਂ ਹਨ। ਆਰ.ਐਸ.ਐਸ., ਭਾਜਪਾ ਸਰਕਾਰ ਤੇ ਉਨ੍ਹਾਂ ਦੀਆਂ ਹੋਰ ਸੰਸਥਾਵਾਂ ਲੋਕਾਂ ਦੇ ਮਨਾਂ ਵਿਚ ਰੂੜੀਵਾਦੀ ਵਿਚਾਰਾਂ ਨੂੰ ਬਿਠਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਤਾਂ ਜੋ ਲੋਕਾਂ ਨੂੰ ਤਰਕਪੂਰਨ ਢੰਗ ਨਾਲ ਸੋਚਣ ਤੋਂ ਰੋਕਿਆ ਜਾ ਸਕੇ। ਆਰ.ਐਸ.ਐਸ. ਹਿੰਦੂਆਂ ਵਿਚ ਕੱਟੜਵਾਦ, ਫਿਰਕਾਪ੍ਰਸਤੀ, ਰੂੜੀਵਾਦ, ਅੰਧਵਿਸ਼ਵਾਸ, ਹਿੰਸਾ ਤੇ ਨਫ਼ਰਤ ਭਰ ਰਿਹਾ ਹੈ।

ਇਹ ਹਿੰਦੂ ਧਰਮ ਨਹੀਂ ਹੈ, ਸਗੋਂ ਉਸ ਦੀਆਂ ਕਦਰਾਂ-ਕੀਮਤਾਂ ਤੇ ਆਤਮਾ ਤੋਂ ਇਨਕਾਰੀ ਹੋਣਾ ਹੈ। ਹੁਣ ਸਮਾਂ ਆ ਗਿਆ ਹੈ ਕਿ ਉਨ੍ਹਾਂ ਦੇ ਅਜਿਹੇ ਪ੍ਰਚਾਰ ਨੂੰ ਰੋਕਣਾ ਹੋਵੇਗਾ, ਨਹੀਂ ਤਾਂ ਇਸ ਦਾ ਸਭ ਤੋਂ ਵੱਧ ਨੁਕਸਾਨ ਹਿੰਦੂਆਂ ਨੂੰ ਹੀ ਹੋਵੇਗਾ।

ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ

BHULLAR
EXCAVATING AND DEMOLITION




- Excavating
- Laneway Homes
- Landscaping Service
- Demolition of Garage
- Backfill
- Driveways
- Lot Grading
- Sand and Gravel
- Drain Tile (New and old House)
- Ditch Digging & Cleaning
- Concrete Breaking

LAND CLEANING
WATER & SEWER LINES
FULLY INSURED AND LICENSED

We do townhouses
Quality work Reasonable rate
Fast & friendly Service

We Fix All Leaky Basement & Drainage Problems


Vicky Bhullar
778-681-8200


Pavi Bhullar
647-667-9242


Bill Bhulllar
778-891-4556


Jassi Bhullar
604-441-7118


Balraj Bhullar

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

International
Punjabi Tribune

• Rachhpal Singh Gill
ਸੰਪਾਦਕ (ਕਾਰਜਕਾਰੀ)
604-616-2171

Funded by the Government of Canada | Financé par le gouvernement du Canada | Canada

ADVISORY BOARD

• Karamjit Singh Butter
Journalist,

• Gurlal Singh
Journalist,

• Hardam Singh Maan
Surrey
604-308-6663

• Virpal Singh Bhagta
News Reporter | Punjab
+91 96532 00226

• Ekjot Singh
News Reporter

Printed & Published in Canada by :
International Punjabi Tribune Inc.

604-584-5577 (Office)
punjabitribune
iptribune@gmail.com
www.punjabitribune.ca
punjabitribune

NOTICE TO ADVERTISER

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾ.ਲ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾ.ਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾ.ਲੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜਿੰਮੇਵਾਰ ਹੋਵੇਗਾ।

# ਪਰਵਾਸ ਕਿਵੇਂ ਸ਼ੁਰੂ ਹੋਇਆ

ਲਿਖਤ : ਜਤਿੰਦਰ ਪੰਮੀ
ਸੰਪਰਕ 97818-00213

ਪਰਵਾਸ ਮਨੁੱਖੀ ਜੀਵਨ ਚੱਕਰ ਦਾ ਹਿੱਸਾ ਮੰਨਿਆ ਜਾਂਦਾ ਹੈ ਤੇ ਇਹ ਜੀਵਨ ਚੱਕਰ ਪੁਰਾਤਨ ਕਾਲ ਤੋਂ ਹੀ ਚਲਿਆ ਆ ਰਿਹਾ ਹੈ। ਇਤਿਹਾਸ 'ਤੇ ਝਾਤ ਮਾਰੀਏ ਤਾਂ ਸਦੀਆਂ ਤੋਂ ਹੀ ਕੁਝ ਲੋਕ ਬਿਹਤਰ ਜ਼ਿੰਦਗੀ ਜਿਊਣ ਲਈ ਸਹੂਲਤਾਂ ਦੀ ਤਲਾਸ਼ 'ਚ ਪਰਵਾਸ ਕਰਦੇ ਰਹੇ ਹਨ ਅਤੇ ਕੁਝ ਹਾਕਮ ਲੋਕ ਆਪਣੀ ਸੱਤਾ ਦਾ ਘੇਰਾ ਵਧਾਉਣ ਲਈ ਏਧਰ-ਓਧਰ ਅਤੇ ਵਿਦੇਸ਼ੀ ਧਰਤੀਆਂ 'ਤੇ ਜਾਂਦੇ ਰਹੇ ਹਨ। ਇਹ ਵਿਦੇਸ਼ੀ ਹਮਲਾਵਰ, ਜਿਹੜੇ ਜੰਗਾਂ-ਯੁੱਧਾਂ ਰਾਹੀਂ ਦੂਜੇ ਦੇਸ਼ਾਂ ਦੇ ਲੋਕਾਂ ਨੂੰ ਆਪਣੇ ਗ਼ੁਲਾਮ ਬਣਾ ਲੈਂਦੇ ਸਨ ਅਤੇ ਕਈ ਤਾਂ ਗ਼ੁਲਾਮਾਂ ਨੂੰ ਬੰਧੂਆ ਬਣਾ ਕੇ ਆਪਣੇ ਦੇਸ਼ਾਂ 'ਚ ਵੀ ਲੈ ਜਾਂਦੇ ਰਹੇ ਸਨ। ਕੁਝ ਲੋਕ ਆਪਣੀਆਂ ਜਾਨਾਂ ਬਚਾਉਣ ਜਾਂ ਜੀਵਨ ਦੇ ਹੋਰ ਵਸੀਲੇ ਤੇ ਸਥਾਨ ਲੱਭਣ ਲਈ ਦੂਸਰੀਆਂ ਥਾਵਾਂ 'ਤੇ ਚਲੇ ਜਾਂਦੇ ਸਨ। ਗ਼ੁਲਾਮੀ ਹੰਢਾਉਣ ਵਾਲੇ ਬਹੁਤੇ ਦੇਸ਼ਾਂ ਦੇ ਲੋਕਾਂ ਨੇ ਬਿਹਤਰ ਜੀਵਨ ਦੀ ਤਲਾਸ਼ ਵਿਚ ਵੀ ਵਿਕਸਿਤ ਦੇਸ਼ਾਂ ਵੱਲ ਨੂੰ ਰੁਖ਼ ਕਰਨਾ ਸ਼ੁਰੂ ਕਰ ਦਿੱਤਾ ਅਤੇ ਇੱਥੋਂ ਹੀ ਪਰਵਾਸ ਦੀ ਸ਼ੁਰੂਆਤ ਹੋਈ। ਪਰਵਾਸ ਕਰਨ ਦਾ ਇਹ ਸਿਲਸਿਲਾ ਮੌਜੂਦਾ ਸਮੇਂ ਵੀ ਜਾਰੀ ਹੈ। ਪਰਵਾਸ ਨਾ ਸਿਰਫ਼ ਮਨੁੱਖ ਹੀ ਕਰਦੇ ਹਨ ਬਲਕਿ ਪਰਿੰਦੇ ਵੀ ਪਰਵਾਸ ਕਰਦੇ ਹਨ, ਜਿਸ ਦਾ ਸਬੂਤ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਦੀਆਂ ਕੁਝ ਝੀਲਾਂ (ਵੈੱਟ ਲੈਂਡਜ਼)'ਤੇ ਆਉਣ ਵਾਲੇ ਪਰਵਾਸੀ ਪੰਛੀਆਂ ਤੋਂ ਮਿਲਦਾ ਹੈ। ਇਹ ਪੰਛੀ ਸਰਦੀਆਂ ਦੇ ਦਿਨਾਂ 'ਚ ਸਾਇਬੇਰੀਆ ਅਤੇ ਦੱਖਣੀ ਅਫਰੀਕੀ ਦੇਸ਼ਾਂ ਤੋਂ ਹਜ਼ਾਰਾਂ ਮੀਲਾਂ ਦੀ ਦੂਰੀ ਤਹਿ ਕਰ ਕੇ ਪੰਜਾਬ ਦੀ ਧਰਤੀ 'ਤੇ ਆਉਂਦੇ ਹਨ।ਭਾਰਤ 'ਚੋਂ ਵਿਦੇਸ਼ਾਂ ਵੱਲ ਪਰਵਾਸ ਦਾ ਸਿਲਸਿਲਾ ਉਦੋਂ ਸ਼ੁਰੂ ਹੋਇਆ ਜਦੋਂ ਸਾਡਾ ਦੇਸ਼ ਬਰਤਾਨਵੀ ਹਾਕਮਾਂ ਦਾ ਗ਼ੁਲਾਮ ਸੀ। ਉਸ ਵੇਲੇ ਗ਼ੁਲਾਮ ਪ੍ਰਥਾ ਚੱਲਦੀ ਸੀ ਅਤੇ ਬਰਤਾਨਵੀ ਹਕੂਮਤ ਆਪਣੇ ਅਧੀਨ ਗ਼ੁਲਾਮ ਦੇਸ਼ਾਂ ਦੇ ਲੋਕਾਂ ਨੂੰ ਜਬਰੀ ਆਪਣੇ ਕੰਮਾਂ ਲਈ ਲੈ ਜਾਂਦੇ ਸਨ। 1833 'ਚ ਬਰਤਾਨਵੀ ਹਕੂਮਤ ਨੇ ਗ਼ੁਲਾਮ ਪ੍ਰਥਾ ਬੰਦ ਕਰ ਦਿੱਤੀ ਪਰ ਗ਼ੁਲਾਮਾਂ ਨੂੰ ਲਿਜਾਣ ਲਈ ਨਵਾਂ ਢੰਗ ਲੱਭ ਲਿਆ ਅਤੇ ਭਾਰਤੀਆਂ ਨੂੰ ਬੰਧੂਆ ਮਜ਼ਦੂਰ ਬਣਾ ਕੇ ਆਪਣੀ ਲੋੜ ਮੁਤਾਬਕ ਬਰਤਾਨੀਆ ਜਾਂ ਆਪਣੇ ਅਧੀਨ ਹੋਰ ਮੁਲਕਾਂ 'ਚ ਭੇਜਣਾ ਸ਼ੁਰੂ ਕਰ ਦਿੱਤਾ। ਇਸ ਤੋਂ ਇਲਾਵਾ ਉਨ੍ਹਾਂ ਵੇਲਿਆਂ ਦੇ ਕੁਝ ਅਮੀਰ ਲੋਕ ਆਪਣੇ ਬੱਚਿਆਂ ਨੂੰ ਵਲਾਇਤ ਪੜ੍ਹਨ ਲਈ ਵੀ ਭੇਜਿਆ ਕਰਦੇ ਸਨ। ਉਨ੍ਹਾਂ ਵਿੱਚੋਂ ਕੁਝ ਲੋਕ ਇੰਗਲੈਂਡ ਤੋਂ ਇਲਾਵਾ ਹੋਰਨਾਂ ਦੇਸ਼ਾਂ 'ਚ ਜਾਣੇ ਸ਼ੁਰੂ ਹੋਏ।ਹੌਲੀ-ਹੌਲੀ ਲੋਕ ਵੱਖ-ਵੱਖ ਢੰਗਾਂ ਰਾਹੀਂ ਵਿਦੇਸ਼ਾਂ ਨੂੰ ਪਰਵਾਸ ਕਰਨ ਲੱਗੇ, ਜਿਨ੍ਹਾਂ 'ਚ ਇਸ ਵੇਲੇ ਵਿਦੇਸ਼ ਜਾਣ ਦਾ ਕਾਨੂੰਨੀ ਢੰਗ ਸਟੱਡੀ ਵੀਜ਼ਾ, ਵਰਕ ਪਰਮਿਟ, ਪੀਆਰ, ਬਿਜ਼ਨੈੱਸ ਵੀਜ਼ਾ ਆਦਿ ਬਣ ਚੁੱਕੇ ਹਨ ਜਦੋਂ ਕਿ ਗ਼ੈਰਕਾਨੂੰਨੀ ਢੰਗ ਨਾਲ ਵੀ ਲੋਕ ਯੂਰਪੀ ਦੇਸ਼ਾਂ ਤੇ ਅਮਰੀਕਾ 'ਚ ਪਰਵਾਸ ਕਰ ਰਹੇ ਹਨ। ਹਰ ਸਾਲ ਭਾਰਤ ਤੇ ਵਿਸ਼ੇਸ਼ ਕਰਕੇ ਪੰਜਾਬ 'ਚੋਂ ਲੱਖਾਂ ਨੌਜਵਾਨ ਵਿਦੇਸ਼ਾਂ 'ਚ ਜਾ ਰਹੇ ਹਨ। ਪੰਜਾਬ ਦਾ ਕੋਈ ਪਿੰਡ ਜਾਂ ਸ਼ਹਿਰ ਅਜਿਹਾ ਨਹੀਂ ਹੈ, ਜਿੱਥੋਂ ਲੋਕ ਪਰਵਾਸ ਕਰ ਕੇ ਵਿਦੇਸ਼ ਨਾ ਗਏ ਹੋਣ। ਪਰਵਾਸੀ ਭਾਰਤੀ ਦਿਵਸ ਇਸ ਲਈ ਵੀ ਅਹਿਮ ਹੈ ਕਿਉਂਕਿ ਇਹ ਨਾ ਸਿਰਫ਼ ਐੱਨ.ਆਰ.ਆਈਜ਼ ਨੂੰ ਉਨ੍ਹਾਂ ਦੇ ਮੂਲ ਨਾਲ ਜੋੜਦਾ ਹੈ ਬਲਕਿ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਵੀ ਮਾਨਤਾ ਦਿੰਦਾ ਹੈ। ਇਹ ਦਿਨ ਦੂਜੇ ਦੇਸ਼ਾਂ ਵਿੱਚ ਕੰਮ ਕਰ ਰਹੇ ਭਾਰਤੀ ਪਰਵਾਸੀਆਂ ਦੁਆਰਾ ਅਨੁਭਵ ਕੀਤੀਆਂ ਚੁਣੌਤੀਆਂ ਨੂੰ ਵੀ ਮਾਨਤਾ ਦਿੰਦਾ ਹੈ।

ਬਰਤਾਨਵੀ ਹਕੂਮਤ ਦੌਰਾਨ ਗ਼ੁਲਾਮਾਂ ਵਾਲੀਆਂ ਤਰਸਯੋਗ ਹਾਲਤਾਂ 'ਚੋਂ ਨਿਕਲ ਕਈ ਨੌਜਵਾਨਾਂ ਨੇ ਵਿਦੇਸ਼ਾਂ ਵੱਲ ਰੁਖ਼ ਕੀਤਾ। ਬਹੁਤੇ ਨੌਜਵਾਨ ਅਮਰੀਕਾ ਤੇ ਕੈਨੇਡਾ ਦੀ ਧਰਤੀ 'ਤੇ ਪਰਵਾਸ ਕਰ ਕੇ ਚਲੇ ਗਏ। ਉਨ੍ਹਾਂ 'ਚੋਂ ਕਈਆਂ ਨੇ ਉਥੋਂ ਦਾ ਰਹਿਣ-ਸਹਿਣ ਤੇ ਵਧੀਆ ਜੀਵਨ ਵੇਖ ਕੇ ਭਾਰਤੀ ਲੋਕਾਂ ਦੇ ਮਾੜੀਆਂ ਹਾਲਤਾਂ ਵਾਲੇ ਜੀਵਨ ਨਾਲ ਤੁਲਨਾ ਕੀਤੀ ਅਤੇ ਉਨ੍ਹਾਂ ਅੰਦਰ ਦੇਸ਼ ਭਗਤੀ ਦਾ ਜਜ਼ਬਾ ਜਾਗਿਆ ਤਾਂ ਉਨ੍ਹਾਂ ਨੇ ਦੇਸ਼ ਨੂੰ ਬਰਤਾਨਵੀ ਹਕੂਮਤ ਦੀ ਗ਼ੁਲਾਮੀ ਦੀਆ ਜ਼ੰਜੀਰਾਂ ਤੋਂ ਮੁਕਤ ਕਰਵਾਉਣ ਲਈ ਅੰਗਰੇਜ਼ ਹਾਕਮਾਂ ਵਿਰੁੱਧ ਸੰਘਰਸ਼ ਆਰੰਭਿਆ, ਜਿਸ ਨੂੰ ਗ਼ਦਰ ਲਹਿਰ ਦਾ ਨਾਂ ਦਿੱਤਾ ਗਿਆ। ਇਸ ਤਰ੍ਹਾਂ 20ਵੀਂ ਸਦੀ ਦੇ ਸ਼ੁਰੂਆਤ 'ਚ ਫਰਵਰੀ 1913 'ਚ ਗ਼ਦਰ ਪਾਰਟੀ ਦਾ ਗਠਨ ਕੀਤਾ ਗਿਆ ਅਤੇ ਇਸ ਨਾਲ ਜੁੜਨ ਵਾਲੇ ਦੇਸ਼ ਭਗਤਾਂ ਨੂੰ ਗ਼ਦਰੀ ਬਾਬਿਆਂ ਦਾ ਨਾਂ ਦਿੱਤਾ ਗਿਆ। ਇਨ੍ਹਾਂ ਗ਼ਦਰੀ ਬਾਬਿਆਂ ਨੇ ਭਾਰਤ ਨੂੰ ਆਜ਼ਾਦ ਕਰਵਾਉਣ ਵਾਸਤੇ ਅੰਗਰੇਜ਼ ਹਾਕਮਾਂ ਨਾਲ ਸਿੱਧੀ ਟੱਕਰ ਲੈਣ ਲਈ ਗ਼ਦਰ ਦੀ ਸ਼ੁਰੂਆਤ ਕਰਨ ਦੇ ਉਦੇਸ਼ ਨਾਲ ਦੇਸ਼ ਵੱਲ ਵਹੀਰਾਂ ਘੱਤ ਲਈਆਂ। ਉਨ੍ਹਾਂ ਨੇ ਦੇਸ਼ ਖ਼ਾਤਰ ਕੁਰਬਾਨੀਆਂ ਕੀਤੀਆਂ। ਗ਼ਦਰ ਲਹਿਰ ਦੌਰਾਨ ਕੁਰਬਾਨੀਆਂ ਦੇਣ ਵਾਲਿਆਂ 'ਚ ਮੁੱਖ ਤੌਰ 'ਤੇ ਬਾਬਾ ਸੋਹਨ ਸਿੰਘ ਭਕਨਾ, ਕੇਸਰ ਸਿੰਘ, ਬਾਬਾ ਜਵਾਲਾ ਸਿੰਘ, ਕਰਤਾਰ ਸਿੰਘ ਸਰਾਭਾ, ਪੰਡਿਤ ਕਾਂਸ਼ੀ ਰਾਮ, ਮੁਨਸ਼ੀ ਰਾਮ, ਲਾਲਾ ਠੱਕਰ ਦਾਸ, ਲਾਲਾ ਹਰਦਿਆਲ, ਊਧਮ ਸਿੰਘ, ਭਾਈ ਪਰਮਾਨੰਦ, ਤਾਰਕ ਨਾਥ ਦਾਸ, ਵਿਸ਼ਨੂ ਗਨੇਸ਼ ਪਿੰਗਲੇ, ਭਗਵਾਨ ਸਿੰਘ ਗਿਆਨੀ, ਸੰਤੋਖ ਸਿੰਘ, ਬਲਵੰਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਸ਼ਾਮਲ ਸਨ। ਉਨ੍ਹਾਂ ਤੋਂ ਇਲਾਵਾ ਕਾਮਾਗਾਟਾਮਾਰੂ ਘਟਨਾ ਦੇ ਸ਼ਹੀਦ, ਜਿਨ੍ਹਾਂ ਦੀ ਅਗਵਾਈ ਬਾਬਾ ਗੁਰਦਿੱਤ ਸਿੰਘ ਕਾਮਾਗਾਟਮਾਰੂ (ਸਰਹਾਲੀ ਕਲਾਂ, ਜ਼ਿਲ੍ਹਾ ਤਰਨਤਾਰਨ) ਵੱਲੋਂ ਕੀਤੀ ਗਈ ਸੀ, ਵੀ ਸ਼ਾਮਲ ਸਨ। ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ, ਜਿਨ੍ਹਾਂ ਨੇ ਜਲਾਵਤਨੀ ਕਾਰਨ ਵਿਦੇਸ਼ਾਂ 'ਚ ਰਹਿ ਕੇ ਆਜ਼ਾਦੀ ਦੀ ਲੜਾਈ 'ਚ ਯੋਗਦਾਨ ਪਾਇਆ ਸੀ।

ਮਾਂ-ਬੋਲੀ ਦੀ ਪ੍ਰਫੁੱਲਤਾ 'ਚ ਯੋਗਦਾਨ

ਪਰਵਾਸੀ ਪੰਜਾਬੀਆਂ ਦਾ ਆਪਣੇ ਪਿੰਡਾਂ ਦੇ ਵਿਕਾਸ ਤੇ ਖੇਡਾਂ 'ਚ ਯੋਗਦਾਨ ਪਾਉਣ ਤੋਂ ਇਲਾਵਾ ਮਾਤ ਭਾਸ਼ਾ ਪੰਜਾਬੀ ਦੀ ਪ੍ਰਫੁੱਲਤਾ ਲਈ ਵੀ ਅਹਿਮ ਯੋਗਦਾਨ ਰਿਹਾ ਹੈ। ਇਨ੍ਹਾਂ 'ਚ ਵਿਦੇਸ਼ਾਂ ਅੰਦਰ ਰਹਿ ਕੇ ਪੰਜਾਬੀ 'ਚ ਰਚੇ ਗਏ ਸਾਹਿਤ ਤੋਂ ਇਲਾਵਾ ਵੱਖ-ਵੱਖ ਸਾਹਿਤਕ ਸੰਸਥਾਵਾਂ ਵੱਲੋਂ ਕਰਵਾਈਆਂ ਜਾਂਦੀਆਂ ਵਿਸ਼ਵ ਪੰਜਾਬੀ ਕਾਨਫਰੰਸਾਂ ਤੇ ਕੌਮਾਂਤਰੀ ਪੱਧਰ ਦੇ ਸੈਮੀਨਾਰ ਤੇ ਸਾਹਿਤਕ ਸੰਮੇਲਨ ਵੀ ਸ਼ਾਮਲ ਹਨ। ਵਿਸ਼ਵ ਪੰਜਾਬੀ ਕਾਨਫਰੰਸ ਕਰਵਾਉਣ 'ਚ ਕੈਨੇਡਾ ਵਸਦੇ ਪੰਜਾਬੀਆਂ ਦਾ ਅਹਿਮ ਯੋਗਦਾਨ ਰਿਹਾ ਹੈ ਹਾਲਾਂਕਿ ਆਸਟ੍ਰੇਲੀਆ ਤੇ ਇੰਗਲੈਂਡ 'ਚ ਵੀ ਸਾਹਿਤਕ ਸੰਮੇਲਨ ਹੁੰਦੇ ਰਹਿੰਦੇ ਹਨ। ਇਨ੍ਹਾਂ 'ਚ ਮੁੱਖ ਤੌਰ 'ਤੇ ਅਜਾਇਬ ਸਿੰਘ ਚੱਠਾ, ਗਿਆਨ ਸਿੰਘ ਕੰਗ, ਸੁੱਖੀ ਬਾਠ ਸ਼ਾਮਲ ਹਨ। ਪੰਜਾਬੀ ਸੱਥ ਲਾਂਬੜਾ ਦੀਆਂ ਵੱਖ-ਵੱਖ ਦੇਸ਼ਾਂ ਵਿਚਲੀਆਂ ਇਕਾਈਆਂ ਵੀ ਮਾਤ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਭਰਪੂਰ ਯੋਗਦਾਨ ਪਾ ਰਹੀਆਂ ਹਨ।ਕੈਨੇਡਾ ਦੇ ਸ਼ਹਿਰ ਸਰੀ ਵਾਸੀ ਐੱਨਆਰਆਈ ਤੇ ਸਮਾਜ ਸੇਵੀ ਸੁੱਖੀ ਬਾਠ ਵੱਲੋਂ ਮਾਂ ਬੋਲੀ ਪੰਜਾਬੀ ਦੀ ਪ੍ਰਫੁੱਲਤਾ ਲਈ ਆਰੰਭੇ ਗਏ ਕਾਰਜ ਕਾਫ਼ਲੇ ਦਾ ਰੂਪ ਧਾਰਨ ਕਰ ਚੁੱਕੇ ਹਨ। ਉਨ੍ਹਾਂ ਵੱਲੋਂ ਬਣਾਈ ਗਈ ਸੰਸਥਾ ਸੁੱਖੀ ਬਾਠ ਫਾਊਂਡੇਸ਼ਨ ਦੀ ਰਹਿਨੁਮਾਈ 'ਚ ਸਾਹਿਤਕ ਸਰਗਰਮੀਆਂ ਲਈ 2016 'ਚ ਪੰਜਾਬ ਭਵਨ ਸਰੀ ਦਾ ਨਿਰਮਾਣ ਕਰਵਾਇਆ ਗਿਆ ਸੀ, ਜਿੱਥੇ ਕਰਵਾਏ ਜਾਂਦੇ ਸਾਹਿਤਕ ਸਮਾਗਮਾਂ ਲਈ ਨਾ ਸਿਰਫ਼ ਮੁਫ਼ਤ ਜਗ੍ਹਾ ਮੁਹੱਈਆ ਕਰਵਾਈ ਜਾਂਦੀ ਹੈ ਬਲਕਿ ਸਮਾਗਮ 'ਚ ਸ਼ਾਮਲ ਹੋਣ ਵਾਲੇ ਸਾਹਿਤਕਾਰਾਂ ਤੇ ਸਾਹਿਤਕ ਪ੍ਰੇਮੀਆਂ ਦੇ ਖਾਣ-ਪੀਣ ਦਾ ਪ੍ਰਬੰਧ ਵੀ ਪੰਜਾਬ ਭਵਨ ਵੱਲੋਂ ਹੀ ਕੀਤਾ ਜਾਂਦਾ ਹੈ।ਸੁੱਖੀ ਬਾਠ ਦੇ ਯਤਨਾਂ ਨੂੰ ਕੌਮਾਂਤਰੀ ਪੱਧਰ 'ਤੇ ਹਾਂ-ਪੱਖੀ ਹੁੰਗਾਰਾ ਮਿਲਣ ਤੋਂ ਉਤਸ਼ਾਹਤ ਹੋ ਕੇ ਉਨ੍ਹਾਂ ਨੇ 2021 'ਚ ਜਲੰਧਰ ਵਿਖੇ ਵੀ ਪੰਜਾਬ ਭਵਨ ਕਾਇਮ ਕਰ ਦਿੱਤਾ। ਉਹ ਵੀ ਹੁਣ ਸਾਹਿਤਕ ਸਰਗਰਮੀਆਂ ਦਾ ਕੇਂਦਰ ਬਣਦਾ ਜਾ ਰਿਹਾ ਹੈ। ਪੰਜਾਬ ਭਵਨ ਵੱਲੋਂ ਸਾਹਿਤਕਾਰਾਂ ਨੂੰ ਵੀ ਉਤਸ਼ਾਹਤ ਕੀਤਾ ਜਾਂਦਾ ਹੈ ਅਤੇ ਬਹੁਤ ਸਾਰਿਆਂ ਦੀਆਂ ਪੁਸਤਕਾਂ ਮੁਫ਼ਤ ਛਪਵਾ ਕੇ ਦਿੱਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਹਰ ਸਾਲ ਪੰਜਾਬ ਭਵਨ ਸਰੀ 'ਚ ਕੌਮਾਂਤਰੀ ਪੱਧਰ ਦੀ ਕਾਨਫਰੰਸ ਕਰਵਾਈ ਜਾਂਦੀ ਹੈ, ਜਿਸ 'ਚ ਨਾ ਸਿਰਫ਼ ਪੰਜਾਬ ਬਲਕਿ ਵਿਦੇਸ਼ਾਂ 'ਚ ਰਹਿੰਦੇ ਸਾਹਿਤਕਾਰ ਵੀ ਸ਼ਮੂਲੀਅਤ ਕਰਦੇ ਹਨ। 67 ਸਾਲਾ ਐੱਨਆਰਆਈ ਸੁੱਖੀ ਬਾਠ ਦੱਸਦੇ ਹਨ ਕਿ ਪੰਜਾਬ ਭਵਨ ਸਰੀ 'ਚ 9 ਭਾਸ਼ਾਵਾਂ 'ਚ ਪ੍ਰੋਗਰਾਮ ਹੁੰਦੇ ਹਨ ਅਤੇ ਹਰ ਮਹੀਨੇ 20-25 ਸਮਾਗਮ ਹੋ ਜਾਂਦੇ ਹਨ।

ਗ਼ੈਰ-ਕਾਨੂੰਨੀ ਪਰਵਾਸ ਦੇ ਜਾਨਲੇਵਾ ਸਿੱਟੇ

ਚੰਗੇ ਜੀਵਨ ਦੀ ਤਲਾਸ਼ ਲਈ ਅੱਜ ਹਰ ਕੋਈ ਬਿਹਤਰ ਬਦਲ ਲੱਭ ਰਿਹਾ ਹੈ। ਇਹੀ ਕਾਰਨ ਹੈ ਕਿ ਮੌਜੂਦਾ ਨੌਜਵਾਨ ਪੀੜ੍ਹੀ ਨੂੰ ਵਿਦੇਸ਼ਾਂ 'ਚ ਆਪਣੇ ਸੁਪਨਿਆਂ ਦੀ ਮੰਜ਼ਿਲ ਦਿਸ ਰਹੀ ਹੈ, ਜਿਸ ਕਾਰਨ ਉਹ ਕਿਸੇ ਵੀ ਢੰਗ-ਤਰੀਕੇ ਵਿਦੇਸ਼ ਜਾਣਾ ਚਾਹੁੰਦੇ ਹਨ। ਇਸ ਲਾਲਸਾ ਵੱਸ ਉਹ ਕਈ ਵਾਰ ਫ਼ਰਜ਼ੀ ਟਰੈਵਲ ਏਜੰਟਾਂ ਦੇ ਢਹੇ ਚੜ੍ਹ ਜਾਂਦੇ ਹਨ। ਇਨ੍ਹਾਂ ਠੱਗ ਟਰੈਵਲ ਏਜੰਟਾਂ ਦਾ ਸ਼ਿਕਾਰ ਹੋ ਕੇ ਕਈ ਆਪਣੇ ਮਾਪਿਆਂ ਦੀ ਉਮਰ ਭਰ ਦੀ ਮਿਹਨਤ-ਮਜ਼ਦੂਰੀ ਕਰ ਕੇ ਕਮਾਈ ਗਈ ਪੂੰਜੀ ਗੁਆ ਲੈਂਦੇ ਹਨ ਤੇ ਫਿਰ ਰਕਮਾਂ ਵਾਪਸ ਲੈਣ ਲਈ ਥਾਣੇ-ਕਚਹਿਰੀਆਂ ਦੇ ਚੱਕਰ ਕੱਟਦੇ ਰਹਿੰਦੇ ਹਨ। ਕਈ ਜਿਹੜੇ ਮੋਟੀਆਂ ਰਕਮਾਂ ਖ਼ਰਚ ਕਰ ਕੇ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਚਲੇ ਵੀ ਜਾਂਦੇ ਹਨ, ਉਹ ਉੱਥੇ ਜਾ ਕੇ ਅਤਿ-ਤਰਸਯੋਗ ਹਾਲਤਾਂ 'ਚ ਰਹਿਣ ਲਈ ਮਜਬੂਰ ਹੋ ਜਾਂਦੇ ਹਨ ਜੋ ਕਿ ਨਾ ਤਾਂ ਵਾਪਸ ਪਰਤ ਸਕਦੇ ਹਨ ਤੇ ਨਾ ਹੀ ਉਥੇ ਉਨ੍ਹਾਂ ਨੂੰ ਜੀਵਨ ਬਸਰ ਕਰਨ ਲਈ ਕੋਈ ਰੁਜ਼ਗਾਰ ਹੀ ਮਿਲਦਾ ਹੈ।ਵਿਦੇਸ਼ਾਂ 'ਚ ਬੈਠੇ ਉਹ ਆਪਣੀ ਮਾੜੀ ਹਾਲਤ 'ਤੇ ਕੁੜ੍ਹਦੇ ਰਹਿੰਦੇ ਹਨ ਅਤੇ ਪਿੱਛੇ ਮਾਪੇ ਆਪਣੇ ਬੱਚਿਆਂ ਦੀ ਖ਼ੈਰ-ਸੁੱਖ ਦੀ ਉਡੀਕ 'ਚ ਅੱਥਰੂ ਕੇਰਦੇ ਰਹਿੰਦੇ ਹਨ। ਅਜਿਹੀਆਂ ਬਹੁਤ ਸਾਰੀਆਂ ਉਦਾਹਰਨਾਂ ਹਨ, ਜਿਨ੍ਹਾਂ 'ਚ ਕਈ ਨੌਜਵਾਨ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕੀ ਤੇ ਅਫਰੀਕੀ ਦੇਸ਼ਾਂ 'ਚ ਦਾਖਲ ਹੋਣ ਲਈ ਜੰਗਲਾਂ 'ਚੋਂ ਲੰਘਦੇ ਹੋਏ ਜਾਨਾਂ ਤਕ ਗੁਆ ਚੁੱਕੇ ਹਨ। 1996 ਦੌਰਾਨ ਯੂਰਪ 'ਚ ਜਾਣ ਲਈ ਕਿਸ਼ਤੀ ਰਾਹੀਂ ਜਾ ਰਹੇ 565 ਦੇ ਕਰੀਬ ਲੋਕਾਂ ਦੀ ਕਿਸ਼ਤੀ ਮਾਲਟਾ 'ਚ ਡੁੱਬਣ ਨਾਲ 290 ਲੋਕਾਂ ਦੀ ਜਾਨ ਚਲੀ ਗਈ ਸੀ। ਇਨ੍ਹਾਂ ਮਰਨ ਵਾਲਿਆਂ 'ਚ ਭਾਰਤੀ, ਪਾਕਿਸਤਾਨੀ, ਸ੍ਰੀਲੰਕਾਈ ਤੇ ਬੰਗਲਾਦੇਸ਼ੀ ਸ਼ਾਮਲ ਸਨ। ਇਸ ਘਟਨਾ ਨੂੰ ਮਾਲਟਾ ਕਿਸ਼ਤੀ ਕਾਂਡ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸੇ ਤਰ੍ਹਾਂ ਪਿਛਲੇ ਸਾਲ ਦਸੰਬਰ 'ਚ ਫਰਾਂਸ 'ਚ ਇਕ ਜਹਾਜ਼, ਜਿਸ 'ਚ ਸਵਾਰ ਕਈ ਲੋਕਾਂ ਦੀ ਮਨੁੱਖੀ ਤਸਕਰੀ (ਗ਼ੈਰ ਕਾਨੂੰਨੀ ਢੰਗ ਨਾਲ ਪਰਵਾਸ) ਕਰਨ ਦਾ ਸ਼ੱਕ ਪ੍ਰਗਟਾਇਆ ਗਿਆ ਸੀ, ਦੇ ਕੁਝ ਯਾਤਰੀਆਂ ਨੂੰ ਵਾਪਸ ਭਾਰਤ ਭੇਜ ਦਿੱਤਾ ਗਿਆ ਸੀ।

ਪਰਵਾਸੀ ਭਾਰਤੀਆਂ ਦਾ ਦੇਸ਼ ਦੇ ਵਿਕਾਸ 'ਚ ਯੋਗਦਾਨ

ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਜਿਹੜੇ ਲੋਕ ਵਿਦੇਸ਼ਾਂ 'ਚ ਪੜ੍ਹਾਈ ਜਾਂ ਕੰਮ ਕਰਨ ਤੋਂ ਇਲਾਵਾ ਬਰਤਾਨਵੀ ਹਕੂਮਤ ਵੱਲੋਂ ਪਹਿਲੇ ਤੇ ਦੂਜੇ ਵਿਸ਼ਵ ਯੁੱਧ ਦੌਰਾਨ ਫ਼ੌਜ 'ਚ ਭਰਤੀ ਕਰ ਕੇ ਲਿਜਾਏ ਗਏ ਸਨ, ਉਨ੍ਹਾਂ 'ਚੋਂ ਬਹੁਤ ਸਾਰੇ ਵਿਦੇਸ਼ਾਂ 'ਚ ਵਸ ਗਏ ਅਤੇ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਨੇ ਵਿਦੇਸ਼ਾਂ 'ਚ ਦਿਨ-ਰਾਤ ਮਿਹਨਤ ਕਰ ਕੇ ਉੱਚੇ ਮੁਕਾਮ ਹਾਸਲ ਕੀਤੇ। ਪਰਵਾਸੀ ਭਾਰਤੀਆਂ ਨੇ ਵਿਦੇਸ਼ਾਂ ਅੰਦਰ ਹਰ ਖੇਤਰ 'ਚ ਤਰੱਕੀ ਦੀਆਂ ਬੁਲੰਦੀਆਂ ਛੂਹੀਆਂ ਅਤੇ ਉੱਥੋਂ ਦੀ ਸਿਆਸਤ ਤੇ ਉਦਯੋਗਾਂ 'ਚ ਨਾਮਣਾ ਖੱਟਿਆ। ਉਨ੍ਹਾਂ ਨੇ ਵਿਦੇਸ਼ੀ ਧਰਤੀ 'ਤੇ ਜਾ ਕੇ ਨਾ ਸਿਰਫ਼ ਆਪਣੇ ਪਰਿਵਾਰਾਂ ਦੀ ਤਰੱਕੀ ਕੀਤੀ ਬਲਕਿ ਪਿੰਡ ਦੇ ਮੋਹ ਕਾਰਨ ਆਪੋ-ਆਪਣੇ ਪਿੰਡਾਂ ਦੇ ਵਿਕਾਸ ਲਈ ਵੀ ਕੰਮ ਕੀਤੇ ਹਨ। ਪੰਜਾਬ ਅੰਦਰ ਵਿਕਾਸ ਕਾਰਜਾਂ, ਖੇਡਾਂ ਦੀ ਪ੍ਰਫੁੱਲਤਾ ਤੇ ਸਿਹਤ ਸਹੂਲਤਾਂ 'ਚ ਯੋਗਦਾਨ ਪਾਉਣ ਵਾਲੇ ਪ੍ਰਮੁੱਖ ਪਰਵਾਸੀ ਭਾਰਤੀਆਂ 'ਚ ਯੂਐੱਸਏ ਤੋਂ ਟੁੱਟ ਬ੍ਰਦਰਜ਼, ਗਾਖਲ ਬ੍ਰਦਰਜ਼ ਤੇ ਕੈਨੇਡਾ ਤੋਂ ਬਾਠ ਭਰਾਵਾਂ ਤੋਂ ਇਲਾਵਾ ਯੂਕੇ ਤੋਂ ਕੈਂਸਰ ਕੇਅਰ ਫਾਊਂਡੇਸ਼ਨ ਦੇ ਕੁਲਦੀਪ ਸਿੰਘ ਧਾਲੀਵਾਲ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਐੱਸਪੀ ਸਿੰਘ ਓਬਰਾਏ, ਕੈਨੇਡਾ ਤੋਂ ਪੁਰੇਵਾਲ ਭਰਾ ਅਤੇ ਹੋਰ ਸੈਂਕੜੇ ਐੱਨਆਰਆਈ ਵੀਰ ਆਪਣੇ ਪਿੰਡਾਂ 'ਚ ਅਤਿ-ਆਧੁਨਿਕ ਸਿਹਤ ਤੇ ਸਿੱਖਿਆ ਸਹੂਲਤਾਂ ਮੁਹੱਈਆ ਕਰਵਾਉਣ ਲਈ ਲੱਖਾਂ ਰੁਪਏ ਖ਼ਰਚ ਕਰ ਰਹੇ ਹਨ।

ਪਰਵਾਸੀ ਭਾਰਤੀ ਦਿਵਸ ਦੀਆਂ ਸ਼ੁਭਕਾਮਨਾਵਾਂ

ਐਨਆਰਆਈ ਦਿਵਸ ਦੇਸ਼ ਦੇ ਹਰ ਗ਼ੈਰ-ਵਸਨੀਕ ਨੂੰ ਆਪਣੇ ਪਿਆਰਿਆਂ ਨਾਲ ਅਨੰਦ ਲੈਣ ਅਤੇ ਖੁਸ਼ਹਾਲ ਹੋਣ ਦੀ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਮੂਲ ਨਾਲ ਜੁੜੇ ਰਹਿਣ ਅਤੇ ਦੇਸ਼ ਲਈ ਕੰਮ ਕਰਨਾ ਜਾਰੀ ਰੱਖਣ ਲਈ ਉਤਸ਼ਾਹਤ ਕਰਦਾ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, 'ਪਰਵਾਸੀ ਭਾਰਤੀ ਦਿਵਸ ਦੀ ਪੂਰਵ ਸੰਧਿਆ 'ਤੇ, ਵਿਦੇਸ਼ਾਂ ਵਿੱਚ ਰਹਿੰਦੇ ਸਾਰੇ ਪਿਆਰੇ ਭਾਰਤੀਆਂ ਨੂੰ ਵਧਾਈਆਂ; ਸਾਡਾ ਦੇਸ਼ ਵਿਕਾਸ ਲਈ ਦੁਨੀਆ ਦੀਆਂ ਸਾਰੀਆਂ ਪ੍ਰਾਪਤੀਆਂ ਤੋਂ ਖ਼ੁਸ਼ ਹੈ। ਇਸ ਖ਼ਾਸ ਦਿਨ 'ਤੇ, ਦੁਨੀਆ ਭਰ ਦੇ ਸਾਰੇ ਪਰਵਾਸੀ ਭਾਰਤੀਆਂ ਨੂੰ ਸ਼ੁਭਕਾਮਨਾਵਾਂ।

1947 'ਚ ਅੰਗਰੇਜ਼ਾਂ ਤੋਂ ਭਾਰਤ ਨੂੰ ਮਿਲੀ ਆਜ਼ਾਦੀ ਤੋਂ ਬਾਅਦ ਵੀ ਵਿਦੇਸ਼ਾਂ ਵੱਲ ਪਰਵਾਸ ਜਾਰੀ ਰਿਹਾ ਹੈ। ਮੌਜੂਦਾ ਸਮੇਂ ਵੀ ਵੱਡੀ ਗਿਣਤੀ ਭਾਰਤੀ ਲੋਕ ਹਰ ਸਾਲ ਵਿਦੇਸ਼ਾਂ ਵੱਲ ਉਡਾਰੀ ਮਾਰ ਰਹੇ ਹਨ। ਇਨ੍ਹਾਂ 'ਚ ਵਧੇਰੇ ਗਿਣਤੀ ਨੌਜਵਾਨਾਂ ਦੀ ਹੈ, ਜਿਹੜੇ ਕਿ ਵਧੇਰੇ ਕਰ ਕੇ ਖਾੜੀ ਤੇ ਪੱਛਮੀ ਦੇਸ਼ਾਂ ਵੱਲ ਰੁਖ਼ ਕਰਦੇ ਹਨ। ਕੇਂਦਰ ਸਰਕਾਰ ਵਿਦੇਸ਼ ਮੰਤਰਾਲੇ ਦੇ ਅੰਕੜਿਆਂ ਮੁਤਾਬਕ 2.9 ਕਰੋੜ ਭਾਰਤੀ ਵਿਦੇਸ਼ਾਂ 'ਚ ਰਹਿ ਰਹੇ ਹਨ, ਜਿਹੜੇ ਐੱਨਆਰਆਈ ਤੇ ਓਸੀਆਈਜ਼ ਹਨ। ਇਨ੍ਹਾਂ 'ਚ 1.79 ਕਰੋੜ ਭਾਰਤੀ ਫਾਰਸੀ ਖਾੜੀ ਦੇਸ਼ਾਂ 'ਚ ਹਨ, ਜਿਨ੍ਹਾਂ 'ਚੋਂ ਇਕੱਲੇ ਯੂਏਈ 'ਚ 37 ਲੱਖ ਭਾਰਤੀ ਸ਼ਾਮਲ ਸਨ। ਇਹੀ ਨਹੀਂ ਵਿਦੇਸ਼ਾਂ ਵੱਲ ਕੂਚ ਕਰਨ ਦਾ ਲੋਕਾਂ ਦਾ ਰੁਝਾਨ ਬਾਦਸਤੂਰ ਜਾਰੀ ਹੈ ਅਤੇ ਅੰਕੜਿਆਂ ਮੁਤਾਬਕ ਹਰ ਸਾਲ 25 ਲੱਖ ਭਾਰਤੀ ਵਿਦੇਸ਼ਾਂ 'ਚ ਜਾ ਰਹੇ ਹਨ। ਤਾਜ਼ਾ ਅੰਦਾਜ਼ੇ ਮੁਤਾਬਕ ਵਿਦੇਸ਼ਾਂ 'ਚ ਵਸੇ ਭਾਰਤੀਆ ਦੀ ਗਿਣਤੀ 3 ਕਰੋੜ ਤੋਂ ਟੱਪ ਗਈ ਹੈ। ਇਨ੍ਹਾਂ ਵਿੱਚੋਂ ਵਧੇਰੇ 18 ਤੋਂ 30 ਸਾਲ ਦੀ ਉਮਰ ਦੇ ਨੌਜਵਾਨ ਹਨ ਜੋ ਸਟੱਡੀ ਤੇ ਵਰਕ ਵੀਜ਼ੇ 'ਤੇ ਜਾ ਰਹੇ ਹਨ। ਹਾਲਾਂਕਿ ਕੁਝ ਲੋਕ ਫੈਮਿਲੀ ਤੇ ਬਿਜ਼ਨੈੱਸ ਵੀਜ਼ੇ ਰਾਹੀਂ ਵੀ ਜਾ ਰਹੇ ਹਨ। ਸਟੱਡੀ ਵੀਜ਼ੇ 'ਤੇ ਜਾਣ ਵਾਲਿਆਂ 'ਚ ਸਭ ਤੋਂ ਵੱਧ ਗਿਣਤੀ ਪੰਜਾਬ ਦੀ ਹੈ ਜਦੋਂਕਿ ਗੁਜਰਾਤ ਦੂਜੇ ਨੰਬਰ 'ਤੇ ਹੈ। ਵਿਦੇਸ਼ ਮੰਤਰਾਲੇ ਦੇ ਅੰਕੜਿਆਂ ਮੁਤਾਬਕ 2022 'ਚ 13 ਲੱਖ ਭਾਰਤੀ ਵਿਦੇਸ਼ਾਂ 'ਚ ਪੜ੍ਹ ਰਹੇ ਸਨ। ਖਾੜੀ ਦੇਸ਼ਾਂ 'ਚ ਵਰਕ ਵੀਜ਼ੇ 'ਤੇ ਜਾਣ ਵਾਲਿਆਂ 'ਚ ਉੱਤਰ ਪ੍ਰਦੇਸ਼, ਬਿਹਾਰ, ਤਾਮਿਲਨਾਡੂ ਤੇ ਕੇਰਲਾ ਦੇ ਲੋਕ ਸ਼ਾਮਲ ਹਨ। ਜਿੱਥੇ ਇਕ ਪਾਸੇ ਭਾਰਤ 'ਚ ਬ੍ਰੇਨ ਡਰੇਨ ਤੇ ਮਨੀ ਡਰੇਨ ਵਿਦੇਸ਼ਾਂ ਨੂੰ ਹੋ ਰਹੀ ਹੈ, ਉਥੇ ਹੀ ਵਿਦੇਸ਼ਾਂ 'ਚੋਂ ਭੇਜੀ ਜਾਣ ਵਾਲੀ ਰਾਸ਼ੀ ਵੀ ਕਰੋੜਾਂ 'ਚ ਹੈ।

# ਸਿੱਖ ਰਾਜ ਕਿਵੇਂ ਗਿਆ...?

ਲਿਖਤ : ਸੋਹਣ ਸਿੰਘ ਸ਼ੀਤਲ

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ


ਲੜੀਵਾਰ ਕਿਸ਼ਤ 48

## ਹਾਰਡਿੰਗ ਮਹਾਰਾਣੀ ਦੇ ਵਿਰੋਧੀ

ਹਾਰਡਿੰਗ ਤੇ ਲਾਰੰਸ ਮੁੱਢ ਤੋਂ ਹੀ ਹਾਰਡਿੰਗ ਮਹਾਰਾਣੀ ਦੇ ਵਿਰੋਧੀ ਸਨ। ਉਹ ਕਿਸੇ ਐਸੇ ਸਮੇਂ ਦੀ ਭਾਲ ਵਿਚ ਸਨ, ਜਦੋਂ ਮਹਾਰਾਣੀ ਨੂੰ ਸਜ਼ਾ ਦੇ ਸਕਣ। 16 ਦਸੰਬਰ, 1846 ਈ. ਨੂੰ ਹਾਰਡਿੰਗ ਦੀ 'ਕਰੀ' ਵੱਲ ਲਿਖੀ ਹੋਈ ਗੁਪਤ ਚਿੱਠੀ ਵਿਚ ਲਿਖਿਆ ਹੈ, ''ਜੇ ਕੋਈ ਗੱਲ ਬਹਿਸ ਵਾਲੀ ਹੈ, ਤਾਂ ਉਹ ਹੈ ਰਾਣੀ ਨੂੰ ਬਿਲੇ ਲਾਉਣਾ। ਅਸੀਂ ਏਸ ਗੱਲੋਂ ਤੇ ਸਹਿਮਤ ਹਾਂ, ਤੇ ਇਹ ਗੱਲ ਬਿਲਕੁਲ ਯੋਗ ਹੈ, ਕਿ ਰਾਣੀ ਦੇ ਹੱਥ ਵਿੱਚ ਕਾਰ-ਮੁਖ਼ਤਿਆਰ ਦੀ ਹੈਸੀਅਤ ਵਿਚ ਕੋਈ

ਤਾਕਤ ਨਾ ਰਹੇ।ਉਸਦੀ ਰਿਹਾਇਸ਼ ਦੇ ਥਾਂ ਦਾ ਫੈਸਲਾ ਕਰਨ ਵੇਲੇ ਨਵੇਂ ਰਾਜ ਪਰਬੰਧ ਦੇ ਵਿਰੁੱਧ, ਰਾਣੀ ਵੱਲੋਂ ਹੋਣ ਵਾਲੀਆਂ ਰਾਜਸੀ ਸਾਜ਼ਸ਼ਾਂ ਦੇ ਆਧਾਰ 'ਤੇ ਉਸਨੂੰ ਉਸਦੇ ਪੁੱਤਰ ਤੋਂ ਵੱਖਰਾ ਕਰ ਦੇਣ ਦੇ ਵਿਰੁੱਧ ਇਤਰਾਜ਼ ਹੋ ਸਕਦਾ ਹੈ, ਕਿਉਂਕਿ ਆਖਿਆ ਜਾ ਸਕਦਾ ਹੈ, ਤੇ ਲੋਕਾਂ ਦੀ ਇਸ ਨਾਲ ਹਮਦਰਦੀ ਵੀ ਹੋ ਜਾਏਗੀ, ਕਿ ਰਾਣੀ ਨੂੰ ਉਸ ਵੱਲੋਂ ਹੋਏ ਕਿਸੇ ਰਾਜਸੀ ਗੁਨਾਹ ਤੋਂ ਪਹਿਲਾਂ ਹੀ ਸਜ਼ਾ ਦੇ ਦਿੱਤੀ ਗਈ ਹੈ। ਮੇਰਾ ਖ਼ਿਆਲ ਹੈ, ਕਿ ਉਹ ਪੰਜਾਬ ਵਿਚ ਕਿਸੇ ਹੋਰ ਥਾਂ ਨਾਲੋਂ ਲਾਹੌਰ ਵਿਚ ਘੱਟ ਖ਼ਤਰਨਾਕ ਹੋਵੇਗੀ। ਜੇ ਉਹ ਕੁਝ ਔਖਿਆਂ ਕਰਨ ਲੱਗ ਪਏ, ਤੇ ਉਸਨੂੰ ਦੇਸ ਨਿਕਾਲਾ ਦੇਣਾ ਯੋਗ ਹੋ ਜਾਏ, ਤਾਂ ਜ਼ਰੂਰ ਉਸਨੂੰ ਸਤਲੁਜੋਂ ਪਾਰ ਭੇਜ ਦਿੱਤਾ ਜਾਏ।''

ਜਿੱਥੇ ਪਹਿਲਾਂ ਹੀ ਇਹ ਸਲਾਹੀਂ ਹੋ ਰਹੀਆਂ ਹੋਣ, ਓਥੇ ਲਿਹਾਜ਼ ਤੇ ਨਿਆਂ ਦੀ ਆਸ ਰਖਣਾ ਬੇਸਮਝੀ ਹੈ। ਤੇਜ ਸਿੰਘ ਦੇ ਤਿਲਕ ਵੇਲੇ ਮਹਾਰਾਜੇ ਦੀ 'ਨਾਂਹ', ਮਹਾਰਾਣੀ ਦੇ ਵਿਰੁੱਧ ਮਾਰੂ ਹਥਿਆਰ ਬਣਾ ਕੇ ਵਰਤੀ ਗਈ। ਲਾਰੰਸ ਨੇ ਮਹਾਰਾਣੀ ਨੂੰ ੪ ਹਜ਼ਾਰ ਮਹਾਵਾਰ (ਡੂਢ ਲੱਖ ਦੀ ਥਾਂ ੪੮ ਹਜ਼ਾਰ ਸਾਲਾਨਾ) ਦੇ ਕੇ ਸ਼ੇਖ਼ੂਪੁਰੇ ਦੇ ਕਿਲ੍ਹੇ ਵਿਚ ਭੇਜਣ ਦਾ ਹੁਕਮ ਦੇ ਦਿੱਤਾ। ਇਹ ਦੁਖਦਾਈ ਹੁਕਮ ਸੁਣਾਉਣ ਬਦਲੇ ਮਹਾਰਾਣੀ ਦਾ ਭਰਾ ਹੀਰਾ ਸਿੰਘ ਉਸ ਕੋਲ ਗਿਆ। ਸੁਣ ਕੇ ਮਹਾਰਾਣੀ ਨੇ ਬੜੇ ਧੀਰਜ ਤੇ ਗੰਭੀਰਤਾ ਨਾਲ ਅੱਗੋਂ



ਉੱਤਰ ਦਿੱਤਾ, 'ਜਿਸ ਵਿਚ ਅੰਗਰੇਜ਼ਾਂ ਨੂੰ ਭਲਿਆਈ ਸੁਝੇ, ਮੈਂ ਓਹੋ ਕੁਛ ਕਰਨ ਨੂੰ ਤਿਆਰ ਹਾਂ।

18 ਅਗਸਤ, 1847 ਈ: ਦੀ ਸ਼ਾਮ ਨੂੰ ਦਰਬਾਰ ਹੋਇਆ, ਜਿਸ ਵਿਚ ਲਾਰੰਸ ਨੇ ਮਹਾਰਾਜੇ ਨੂੰ ਘੋੜੇ ਉੱਤੇ ਸੈਰ ਵਾਸਤੇ ਜਾਣ ਲਈ ਕਿਹਾ। ਮਹਾਰਾਜਾ ਹੈਰਾਨ ਤਾਂ ਹੋਇਆ, ਪਰ ਬਿਨਾਂ ਕੁਛ ਕਹੇ ਗੁਲਾਬ ਸਿੰਘ (ਅਟਾਰੀ ਵਾਲਾ) ਤੇ ਕੁਛ ਹੋਰ ਸਰਦਾਰਾਂ ਨਾਲ ਤੁਰ ਪਿਆ। ਸ਼ਾਲਾਮਾਰ ਬਾਗ਼ ਕੋਲ ਪੁੱਜੇ, ਤਾਂ ਹਨੇਰਾ ਹੋ ਜਾਣ ਕਰਕੇ ਮਹਾਰਾਜੇ ਨੇ ਘੋੜਾ ਸ਼ਹਿਰ ਨੂੰ ਮੋੜਿਆ। ਗੁਲਾਬ ਸਿੰਘ ਨੇ ਕਿਹਾ, ''ਕੀ ਆਪ ਸ਼ਹਿਰ ਨੂੰ ਮੁੜ ਕੇ ਸਾਡਾ ਨੱਕ ਵੱਢਾਉਗੇ ? ਲਾਰੰਸ ਸਾਹਿਬ ਦਾ ਹੁਕਮ ਹੈ, ਕਿ ਮੈਂ ਆਪ ਨਾਲ ਸ਼ਾਲਾਮਾਰ ਜਾਵਾਂ।'' ਇਹ ਸੁਣਕੇ ਮਹਾਰਾਜੇ ਨੇ ਦਿਲ ਵਿਚ ਬੜਾ ਦੁਖ

ਅਨੁਭਵ ਕੀਤਾ ਤੇ ਗੁਲਾਬ ਸਿੰਘ ਦੇ ਨਾਲ ਤੁਰ ਪਿਆ। ਬਾਗ਼ ਵਿਚ ਪੁੱਜੇ, ਤਾਂ ਓਥੇ ਆਪਣੇ ਨੌਕਰ ਚਾਕਰ ਤੇ ਰਾਤ ਕੱਟਣ ਦਾ ਸਾਰਾ ਸਾਮਾਨ ਵੇਖ ਕੇ ਮਹਾਰਾਜਾ ਅਸਚਰਜ ਰਹਿ ਗਿਆ। ਉਸਨੇ ਮੂੰਹੋਂ ਤਾਂ ਕੁਛ ਨਾ ਕਿਹਾ, ਪਰ ਰਾਤ ਨੂੰ ਖਾਧਾ ਪੀਤਾ ਕੁਛ ਨਾ। ਦਿਨ ਚੜ੍ਹੇ ਵਾਪਸ ਕਿਲ੍ਹੇ ਵਿਚ ਮੁੜੇ, ਤਾਂ ਮਹਾਰਾਜੇ ਨੂੰ ਪਤਾ ਲੱਗਾ, ਕਿ ਉਸਦੀ ਮਾਤਾ ਸ਼ੇਖ਼ੂਪੁਰੇ ਵਿਚ ਨਜ਼ਰਬੰਦ ਕਰਕੇ ਭੇਜ ਦਿੱਤੀ ਗਈ ਹੈ। ਏਸ ਗ਼ਮ ਨਾਲ ਮਹਾਰਾਜੇ ਦਾ ਦਿਲ ਟੁੱਟ ਗਿਆ। ਉਹਨੇ ਪਹਿਲੇ ਨਿਵਾਸ ਅਸਥਾਨ (ਸੰਮਣ ਬੁਰਜ) ਵਿਚ ਰਹਿਣ ਤੋਂ ਨਾਂਹ ਕਰ ਦਿੱਤੀ ਤੇ ਤਖ਼ਤਸ਼ਾਹ ਦੇ ਉਪਰਲੇ ਕਮਰਿਆਂ ਵਿਚ ਰਹਿਣ ਲੱਗਾ । ਗੁਲਾਬ ਸਿੰਘ ਅਟਾਰੀ ਵਾਲਾ ਹਰ ਵੇਲੇ (ਖ਼ਾਸ ਕਰ ਕੇ ਸੌਣ ਵੇਲੇ ਰਾਤ ਨੂੰ) ਮਹਾਰਾਜੇ ਦੇ ਕੋਲ ਰਹਿੰਦਾ ਸੀ।

ਮਹਾਰਾਣੀ ਸ਼ੇਖ਼ੂਪੁਰੇ ਨਜ਼ਰਬੰਦ

19 ਅਗਸਤ, 1847 ਈ: ਨੂੰ ਮਹਾਰਾਣੀ ਸ਼ੇਖ਼ੂਪੁਰੇ ਦੇ ਕਿਲ੍ਹੇ ਵਿਚ ਪੁਚਾਈ ਗਈ। ਲਾਹੌਰੋਂ ਤੁਰਨ ਲੱਗਿਆਂ ਉਸਨੇ ਰੈਜ਼ੀਡੈਂਟ ਨੂੰ ਮਿਲਣ ਦੀ ਬੇਨਤੀ ਕੀਤੀ, ਪਰ ਲਾਰੰਸ ਨੇ ਮਿਲਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ, ਕਿ ਜੇ ਉਹ ਚਾਹੇ, ਤਾਂ ਆਪਣੇ ਗਹਿਣੇ ਨਾਲ ਲੈ ਜਾ ਸਕਦੀ ਹੈ। ਸੋ, ਮਹਾਰਾਣੀ ਗਹਿਣੇ ਨਾਲ ਲੈ ਗਈ। ਸ਼ੇਖ਼ੂਪੂਰੇ ਵਿਚ ਉਸਦੀ ਰਾਖੀ ਦਾ ਭਾਰ ਸ: ਬੂੜ ਸਿੰਘ ਨੂੰ ਸੌਂਪਿਆ ਗਿਆ।

ਅਗਲੇ ਦਿਨ ਗਵਰਨਰ-ਜਨਰਲ ਦਾ ਇਕ ਐਲਾਨ ਨਿਕਲਿਆ, ''ਲਾਹੌਰ ਦਰਬਾਰ ਤੇ ਸਰਕਾਰ ਅੰਗਰੇਜ਼ੀ ਵਿਚ ਮਿੱਤਰਤਾ ਹੈ। ਬਾਲਕ ਮਹਾਰਾਜੇ ਦੀ' ਸਿੱਖਿਆ ਵਾਸਤੇ ਸਦਾ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਲਈ ਗਵਰਨਰ-ਜੈਨਰਲ ਨੂੰ ਇਹ ਲੋੜ ਭਾਸੀ ਹੈ, ਕਿ ਮਹਾਰਾਜੇ ਨੂੰ ਉਹਦੀ ਮਾਤਾ ਤੋਂ ਵੱਖ ਰੱਖਿਆ ਜਾਵੇ। ਇਸ ਕਾਰਨ ਮਹਾਰਾਣੀ ਲਾਹੌਰੋਂ ਸ਼ੇਖ਼ੂਪੁਰਾ ਭੇਜੀ ਗਈ ਹੈ।

ਡਾਢਾ ਜੋ ਕਹੇ, ਸੋ ਸੱਤ ਹੈ, ਨਹੀਂ ਤਾਂ ਭਲਾ ਕੋਈ ਪੁੱਛੇ, ਪਈ, ਮਹਾਰਾਣੀ ਸ਼ੇਖ਼ੂਪੁਰੇ ਤਾਂ ਘੱਲੀ ਗਈ, ਕਿ ਉਹ ਲਾਹੌਰ ਰਹਿਕੇ ਮਹਾਰਾਜੇ ਦੀ ਵਿੱਦਿਆ ਵਿਚ ਵਿਘਨ ਪਾਉਂਦੀ ਹੈ, ਪਰ ਉਹਦੀ ਪੈਨਸ਼ਨ ਡੇਢ ਲੱਖ ਸਾਲਾਨਾ ਦੀ ਥਾਂ, ਘਟਾਕੇ 48 ਹਜ਼ਾਰ ਸਾਲਾਨਾ ਕਿਸ ਅਹਿਦਨਾਮੇ ਦੇ ਅਸੂਲ ਨਾਲ ਕੀਤੀ ਗਈ ਹੈ ? ਭਰੋਵਾਲ ਦੀ ਸੁਲ੍ਹਾ ਵਿੱਚ ਤਾਂ ਅਜੇਹੀ ਕੋਈ ਸ਼ਰਤ ਨਹੀਂ ਸੀ, ਤੇ ਨਾ ਹੀ ਹਾਰਡਿੰਗ ਜਾਂ ਲਾਰੰਸ ਨੂੰ ਕੋਈ ਹੱਕ ਸੀ, ਕਿ ਕਿਸੇ ਹਾਲ ਵਿੱਚ ਵੀ ਉਸਦੀ ਪੈਨਸ਼ਨ ਘਟਾ ਸਕਦੇ।

ਏਸ ਘਟਨਾ ਤੋਂ ਕੌਂਸਲ ਦੇ ਮੈਂਬਰ ਅੱਗੇ ਨਾਲੋਂ ਵਧੇਰੇ ਦਬ ਗਏ ਤੇ ਹਰ ਇਕ ਕੰਮ ਰੈਜ਼ੀਡੈਂਟ ਤੋਂ ਪੁੱਛਕੇ ਕਰਨ ਲੱਗੇ।

– ਚਲਦਾ

HOMELAND MORTGAGE CORP.

ਜੇ ਮੌਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ।

- ਪਹਿਲੀ ਵਾਰ ਘਰ ਖਰੀਦਣ ਵਾਲੇ
- ਰੈਜੀਡੈਂਸ਼ੀਅਲ ਮੌਰਟਗੇਜ
- ਕੰਸਟਰਕਸ਼ਨ ਮੌਰਟਗੇਜ
- ਪ੍ਰਾਈਵੇਟ ਮੌਰਟਗੇਜ
- ਸੈਕੰਡ ਅਤੇ ਥਰਡ ਮੌਰਟਗੇਜ



Kuldip Panesar
Mortgage Consultant
Cell :604-308-6839

PROFESSIONAL AND EXPERIENCED

Ph.: 604-593-6622, Fax : 604-593-6615

#201-7928 128St. (York Business Centre) Surrey BC V3W 4E8

Website : www.homelandmortgage.ca
E-mail : homelandmortgage@hotmail.com

Keep Smiling Denture Clinic

Complete Denture Implant Denture Partial Denture

Care Home Mobile S... ਸਲਾਹ ਲਈ ਅੱਜ ਹੀ ਮਿਲੋ

ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?

ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ

ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।



ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।

Gagan Chahal R.D.
Registered Denturist

SEMCD CERTIFIED CLINICIAN

Book Your Appointment

778-600-0811 | 778-600-0810

6834 King George Blvd Surrey BC | 2644 Cyril St Abbotsford BC

# ਸਿੱਖ ਕੌਮ ਦੇ ਹੀਰੇ ਮਹਾਨ ਬੁੱਧੀਜੀਵੀ ਗਿਆਨੀ ਦਿੱਤ ਸਿੰਘ

ਲੇਖਕ : ਨਸੀਬ ਸਿੰਘ ਸੇਵਕ, ਸੰਪਰਕ : 94652 16530



6 ਸਤੰਬਰ 1901 ਨੂੰ ਸਿੰਘ ਸਭਾ ਲਾਹੌਰ ਦੇ ਮੋਢੀ, ਵਿਸ਼ਵ ਦੇ ਪੰਜਾਬੀ ਦੇ ਪਹਿਲੇ ਪ੍ਰੋਫੈਸਰ, ਖਾਲਸਾ ਕਾਲਜ ਅੰਮ੍ਰਿਤਸਰ ਦੇ ਮੋਢੀ ਸੰਸਥਾਪਕ, ਪੰਜਾਬੀ ਪੱਤਰਕਾਰੀ ਦੇ ਪਿਤਾਮਾ, 71 ਪੁਸਤਕਾਂ ਦੇ ਲਿਖਾਰੀ, ਆਰੀਆ ਸਮਾਜ ਦੇ ਮੋਢੀ ਸਵਾਮੀ ਦਯਾਨੰਦ ਨੂੰ ਲਗਾਤਾਰ 3 ਧਰਮ ਬਹਿਸਾਂ ਵਿੱਚ ਮਾਤ ਦੇਣ ਵਾਲੇ ਵਡੇਰੇ ਕੱਦ ਦੇ ਸਮਾਜ ਸੁਧਾਰਕ ਤੇ ਸਿੱਖ ਕੌਮ ਦੇ ਅਤੀ ਮਾਣਮੱਤੇ ਵਿਦਵਾਨ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਦੀ ਮੌਤ ਉਪਰੰਤ ਉਸ ਸਮੇਂ ਦੇ ਵਿਦਵਾਨਾਂ, ਲੇਖਕਾਂ ਤੇ ਪੱਤਰਕਾਰਾਂ ਨੇ ਆਪਣੀ-ਆਪਣੀ ਕਲਮ ਰਾਹੀਂ ਜੋ ਗਹਿਰੇ ਦੁੱਖ ਦੇ ਪ੍ਰਗਟਾਵੇ ਵਾਲੇ ਕੀਰਨੇ ਪਾਏ ਸਨ ਤਾਂ ਉਸ ਸਮੇਂ ਦੀਆਂ ਸਿੱਖ ਸੰਗਤਾਂ ਨੂੰ ਜ਼ਰੂਰ ਇਹ ਲੱਗਿਆ ਹੋਵੇਗਾ ਕਿ ਗਿਆਨੀ ਦਿੱਤ ਸਿੰਘ ਦੀ ਯਾਦ ਨੂੰ ਹਮੇਸ਼ਾ-ਹਮੇਸ਼ਾ ਲਈ ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੀ ਅੱਖਰਾਂ ਵਿੱਚ ਚਮਕਦਾ ਰੱਖਿਆ ਜਾਵੇਗਾ। ਪਰ ਜਲਦੀ ਹੀ ਸਮੇਂ ਦੀ ਰਫਤਾਰ ਦੇ ਨਾਲ-ਨਾਲ ਇਸ ਗੌਰਵਮਈ ਵਿਦਵਾਨ ਨੂੰ ਭੁਲਾਇਆ ਜਾਣ ਲੱਗਿਆ। ਇਸ ਤਰ੍ਹਾਂ ਉਸ ਦੀ ਮੌਤ 'ਤੇ ਪਾਏ ਕੀਰਨੇ ਸਿਰਫ ਤੇ ਸਿਰਫ ਕਾਗਜ਼ਾਂ ਦੇ ਪੰਨਿਆਂ ਤੱਕ ਹੀ ਸੀਮਤ ਰਹਿ ਗਏ। ਇੰਨੇ ਵੱਡੇ ਵਿਦਵਾਨ, ਸਾਹਿਤਕਾਰ, ਸਮਾਜ ਸੁਧਾਰਕ ਤੇ ਕੌਮ ਦੇ ਮਸੀਹੇ ਦੀ ਕੋਈ ਵੱਡੀ ਤਾਂ ਕੀ ਛੋਟੀ ਯਾਦਗਾਰ ਵੀ ਨਹੀਂ ਬਣਾਈ ਗਈ, ਸਿੱਖੀ ਦੇ ਪੁਨਰ ਵਿਕਾਸ ਲਈ ਪਾਏ ਅਤਿਅੰਤ ਯੋਗਦਾਨ ਨੂੰ ਮੂਲੋਂ ਹੀ ਵਿਸਾਰ ਦਿੱਤਾ। ਸਿੱਖ ਕੌਮ ਦੀ ਇਹ ਬਹੁਤ ਵੱਡੀ ਤ੍ਰਾਸਦੀ ਹੈ ਕਿ ਇਹ ਆਪਣੇ ਹੀਰਿਆਂ ਨੂੰ ਜਲਦੀ ਹੀ ਭੁੱਲ ਜਾਂਦੀ ਹੈ।

ਇਤਿਹਾਸ ਦੇ ਪੰਨੇ ਫਰੋਲਦਿਆਂ ਇਹ ਸਹਿਜੇ ਹੀ ਪਤਾ ਚੱਲ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀ ਮੌਤ (1839) ਵੇਲੇ ਸਿੱਖਾਂ ਦੀ ਕੁੱਲ ਗਿਣਤੀ ਇੱਕ ਕਰੋੜ ਤੋਂ ਵੱਧ ਸੀ ਜੋ ਕਿ 1861 ਦੀ ਮਰਦਮਸ਼ੁਮਾਰੀ ਸਮੇਂ 18 ਲੱਖ 70 ਹਜ਼ਾਰ ਰਹਿ ਗਈ ਸੀ। ਸਿੱਖ ਵਿਦਵਾਨਾਂ ਲਈ ਇਹ ਇੱਕ ਚੁਣੌਤੀ ਸੀ ਕਿ ਦਿਨ ਪ੍ਰਤੀ ਦਿਨ ਸਿੱਖ, ਇਸਾਈ ਧਰਮ ਅਪਣਾਉਣ ਲੱਗ ਪਏ ਸਨ। ਇਸਾਈਆਂ ਦੇ ਧੜਾਧੜ ਪ੍ਰਚਾਰ ਦੀ ਬਦੌਲਤ ਸਿੱਖ ਆਪਣਾ ਧਰਮ ਬਦਲ ਕੇ ਇਸਾਈ ਬਣਦੇ ਜਾ ਰਹੇ ਸਨ। ਇਤਿਹਾਸ ਦੇ ਪੰਨੇ ਫਰੋਲਦਿਆਂ ਇੱਕ ਯੁੱਗ ਪਲਟਾਊ ਘਟਨਾ ਦਾ ਜ਼ਿਕਰ ਆਉਂਦਾ ਹੈ ਕਿ ਅੰਮ੍ਰਿਤਸਰ ਵਿਖੇ ਮਿਸ਼ਨ ਸਕੂਲ ਦੇ ਚਾਰ ਅਮੀਰ ਸਿੱਖ ਘਰਾਣਿਆਂ ਦੇ ਲੜਕਿਆਂ ਨੇ ਇਸਾਈ ਬਣਨ ਦੀ ਇੱਛਾ ਪ੍ਰਗਟ ਕਰ ਦਿੱਤੀ ਸੀ। ਇਸ ਘਟਨਾ ਨੇ ਸਿੱਖੀ ਦੇ ਅਲੰਬਰਦਾਰਾਂ ਦੇ ਹਿਰਦਿਆਂ ਨੂੰ ਹਲੂਣ ਕੇ ਰੱਖ ਦਿੱਤਾ ਸੀ।

ਇਸ ਦੇ ਨਤੀਜੇ ਵਜੋਂ ਸਿੰਘ ਸਭਾ ਅੰਮ੍ਰਿਤਸਰ ਹੋਂਦ ਵਿੱਚ ਆਈ। ਗਿਆਨੀ ਦਿੱਤ ਸਿੰਘ ਤੇ ਪ੍ਰੋ. ਗੁਰਮੁਖ ਸਿੰਘ ਇਸ ਦੇ ਕ੍ਰਮਵਾਰ ਦਫਤਰ ਇੰਚਾਰਜ ਤੇ ਸਕੱਤਰ ਸਨ। ਜਲਦੀ ਹੀ ਸਿੰਘ ਸਭਾ ਅੰਮ੍ਰਿਤਸਰ ਆਪਣੇ ਉਦੇਸ਼ਾਂ ਤੋਂ ਭਟਕ ਗਈ। ਪ੍ਰੋ. ਗੁਰਮੁੱਖ ਸਿੰਘ ਤੇ ਗਿਆਨੀ ਦਿੱਤ ਸਿੰਘ ਨੇ ਸਿੱਖ ਕੌਮ ਦੀ ਲੀਹੋਂ ਉੱਤਰੀ ਗੱਡੀ ਨੂੰ ਮੁੜ ਲੀਹ 'ਤੇ ਲਿਆਉਣ ਦੀ ਕਸਮ ਖਾਧੀ ਹੋਈ ਸੀ। ਇਸ ਲਈ 1879 ਵਿੱਚ ਸਿੰਘ ਸਭਾ ਲਾਹੌਰ ਬਣਾਈ। ਇਸ ਸਿੰਘ ਸਭਾ ਦਾ ਪੂਰੀ ਦੁਨੀਆਂ ਵਿੱਚ ਬੋਲ-ਬਾਲਾ ਹੋ ਗਿਆ ਤੇ ਪੂਰੇ ਭਾਰਤ ਵਿੱਚ ਲਗਪਗ 3000 (ਤਿੰਨ ਹਜ਼ਾਰ) ਸਿੰਘ ਸਭਾਵਾਂ ਬਣ ਗਈਆਂ ਸਨ।

ਸਿੰਘ ਸਭਾ ਲਾਹੌਰ ਦੇ ਮੁੱਖ ਉਦੇਸ਼ ਜਿਵੇਂ (ਸਿੱਖੀ ਦੀ ਮੁੜ ਸੁਰਜੀਤੀ, ਸਿਰਫ ਤੇ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣਾ, ਵਹਿਮਾਂ-ਭਰਮਾਂ, ਮੜ੍ਹੀ-ਮਸਾਣਾਂ, ਗੁਰੂ ਡੰਮ, ਫੋਕੇ ਕਰਮ-ਕਾਂਡਾਂ ਆਦਿ) ਸਮਾਜਿਕ ਬੁਰਾਈਆ ਦੇ ਖਿਲਾਫ਼ ਜੰਗ ਸ਼ੁਰੂ ਕਰਨਾ, ਸਿੱਖਿਆ ਦਾ ਪ੍ਰਸਾਰ ਕਰਨਾ ਆਦਿ ਮੁੱਖ ਸਨ। ਗਿਆਨੀ ਦਿੱਤ ਸਿੰਘ ਹੁਰਾਂ ਨੇ ਵੱਖ-ਵੱਖ ਵਿਸ਼ਿਆਂ 'ਤੇ ਲਗਪਗ 71 ਪੁਸਤਕਾਂ ਲਿਖ ਕੇ, ਖਾਲਸਾ ਅਖ਼ਬਾਰ ਲਾਹੌਰ ਦੇ ਜ਼ਰੀਏ ਅਤੇ ਸਟੇਜਾਂ 'ਤੇ ਧੂੰਆਂ-ਧਾਰ ਪ੍ਰਚਾਰ ਕਰਦੇ ਹੋਏ ਉਪਰੋਕਤ ਉਦੇਸ਼ਾਂ ਦੀ ਪੂਰਤੀ ਲਈ ਸਿਰ-ਤੋੜ ਯਤਨ ਆਰੰਭ ਕਰ ਦਿੱਤੇ ਤੇ ਆਖਰੀ ਸਾਹ ਤੱਕ ਸੰਘਰਸ਼ ਕਰਦੇ ਰਹੇ। ਆਪਣੇ ਇਸ ਕਾਰਜ ਵਿੱਚ ਕਾਫੀ ਹੱਦ ਤੱਕ ਸਫਲਤਾ ਵੀ ਪ੍ਰਾਪਤ ਕੀਤੀ ਸੀ।

ਪਰ ਉਨ੍ਹਾਂ ਦੀ ਮੌਤ ਉਪਰੰਤ ਹਾਲਾਤ ਹੌਲੀ-ਹੌਲੀ ਉਸੀ ਤਰ੍ਹਾਂ ਦੇ ਹੋ ਗਏ ਹਨ ਜਿਹੋ ਜਿਹੇ ਉਸ ਸਮੇਂ ਸਨ। ਗਿਆਨੀ ਦਿੱਤ ਸਿੰਘ ਦੇ ਜੀਵਨ ਦੀਆਂ ਕੁਝ ਅਹਿਮ ਘਟਨਾਵਾਂ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਤਾਂ ਕਿ ਪਤਾ ਲੱਗ ਸਕੇ ਉਨ੍ਹਾਂ ਨੇ ਸਿੱਖੀ ਲਈ ਤੇ ਸਮਾਜ ਲਈ ਕੀ-ਕੀ ਕੀਤਾ।

ਜਦੋਂ ਜੋੜਿਆਂ 'ਚ ਬੈਠ ਕੇ ਪ੍ਰਸ਼ਾਦ ਲੈਣਾ ਪੈਂਦਾ ਸੀ: ਫਿਰੋਜ਼ਪੁਰ ਵਿਖੇ ਗੁਰੂਦੁਆਰਾ ਅਕਾਲਗੜ੍ਹ ਸਾਹਿਬ ਵਿਖੇ ਗਿਆਨੀ ਜੀ ਹਰ ਮਹੀਨੇ ਭਾਸ਼ਣ ਦੇਣ ਆਇਆ ਕਰਦੇ ਸਨ। ਗੁਰੂਦੁਆਰੇ ਅੰਦਰ ਇੱਕ ਥੜੇ 'ਤੇ ਖੜ੍ਹ ਕੇ ਉਹ ਲੈਕਚਰ ਦਿਆ ਕਰਦੇ ਸਨ, ਪਰ ਜਦੋਂ ਦੇਗ ਵਰਤਾਈ ਜਾਂਦੀ ਸੀ ਤਾਂ ਉਨ੍ਹਾਂ ਨੂੰ ਥੜੇ ਦੇ ਹੇਠਾਂ ਜੋੜਿਆਂ ਵਿੱਚ ਬਹਿ ਕੇ ਦੇਗ ਲੈਣੀ ਪੈਂਦੀ ਸੀ। ਧੰਨ ਸਨ ਗਿਆਨੀ ਦਿੱਤ ਸਿੰਘ, ਇਨ੍ਹਾਂ ਹਾਲਾਤਾਂ ਵਿੱਚ ਵੀ ਅਗਲੇ ਮਹੀਨੇ ਫੇਰ ਲੈਕਚਰ ਦੇਣ ਆਉਂਦੇ ਸਨ। ਉਪਰੋਕਤ ਘਟਨਾ ਉਪਰੰਤ ਪ੍ਰੋ. ਗੁਰਮੁਖ ਸਿੰਘ ਨੂੰ 18 ਮਾਰਚ 1888 ਵਿੱਚ ਪੰਥ ਤੋਂ ਛੇਕ ਦਿੱਤਾ ਸੀ। ਮੁੜ 1995 ਵਿੱਚ ਮਰਨ ਉਪਰੰਤ ਇੱਕ ਹੁਕਮਨਾਮੇ ਰਾਹੀਂ ਵਾਪਸ ਪੰਥ ਵਿੱਚ ਲਿਆ ਗਿਆ ਸੀ। ਉਸ ਸਮੇਂ ਗਿਆਨੀ ਦਿੱਤ ਸਿੰਘ ਨੇ 'ਸਵਪਨ' ਨਾਂ ਦਾ ਨਾਟਕ ਲਿਖਿਆ, ਜੋ ਬਾਬੇ ਬੇਦੀ ਵਰਗਿਆਂ 'ਤੇ ਇੱਕ ਵਿਅੰਗ ਸੀ। ਗਿਆਨੀ ਜੀ 'ਤੇ ਮੁਕੱਦਮਾ ਚਲਾਇਆ ਗਿਆ ਤੇ ਹੇਠਲੀ ਅਦਾਲਤ ਨੇ ਉਨ੍ਹਾਂ ਨੂੰ 51 ਰੁਪਏ ਜੁਰਮਾਨਾ ਕਰ ਦਿੱਤਾ ਸੀ ਪਰ ਉਪਰਲੀ ਅਦਾਲਤ ਨੇ ਅਪੀਲ ਉਪਰੰਤ ਇਹ ਜੁਰਮਾਨਾ ਮੁਆਫ ਕਰਕੇ ਗਿਆਨੀ ਜੀ ਨੂੰ ਬਰੀ ਕਰ ਦਿੱਤਾ ਸੀ।

ਖਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ ਸਿੰਘ ਸਭਾ ਲਾਹੌਰ ਦੀ ਘਾਲਣਾ ਦਾ ਹੀ ਨਤੀਜਾ ਹੈ। ਗਿਆਨੀ ਦਿੱਤ ਸਿੰਘ ਆਖਰੀ ਸਮੇਂ ਤੱਕ ਇਸ ਦੀ ਵਰਕਿੰਗ ਕਮੇਟੀ ਦੇ ਮੈਂਬਰ ਰਹੇ। ਕਾਲਜ ਲਈ ਪੰਜਾਬੀ ਦੀਆਂ ਪਾਠ ਪੁਸਤਕਾਂ ਗਿਆਨੀ ਦਿੱਤ ਸਿੰਘ ਦੁਆਰਾ ਲਿਖੀਆਂ ਗਈਆਂ ਸਨ। 1905 ਤੋਂ ਅੱਜ ਤੱਕ ਇਸ ਕਾਲਜ ਵੱਲੋਂ ਹਰ ਸਾਲ ਪਹਿਲੇ ਨੰਬਰ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਗਿਆਨੀ ਦਿੱਤ ਸਿੰਘ ਗੋਲਡ ਮੈਡਲ ਦਿੱਤਾ ਜਾਂਦਾ ਹੈ।

ਇਸ ਦੀ ਉਸਾਰੀ ਮੌਕੇ ਮਾਇਆ ਇਕੱਠੀ ਕਰਨ ਸਬੰਧੀ ਇੱਕ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿੱਚ ਦਿਆਲ ਸਿੰਘ ਮਜੀਠੀਏ ਨੇ ਇਹ ਐਲਾਨ ਕਰ ਦਿੱਤਾ ਸੀ ਕਿ ਬਿਲਡਿੰਗ 'ਤੇ ਸਾਰਾ ਖਰਚਾ ਮੈਂ ਕਰਾਂਗਾ ਪਰ ਸ਼ਰਤ ਹੈ ਕਿ ਕਾਲਜ ਦਾ ਨਾਂ ਮੇਰੇ ਨਾਂ 'ਤੇ ਰੱਖਿਆ ਜਾਵੇ। ਗਿਆਨੀ ਦਿੱਤ ਸਿੰਘ ਤੇ ਪ੍ਰੋ. ਗੁਰਮੁਖ ਸਿੰਘ ਨੇ ਇਸ ਸ਼ਰਤ ਦਾ ਡੱਟ ਕੇ ਵਿਰੋਧ ਕੀਤਾ ਤੇ ਇਸ ਕਾਲਜ ਦਾ ਨਾਂ ਖਾਲਸਾ ਕਾਲਜ ਹੀ ਰੱਖਣ ਲਈ ਸਫਲ ਹੋਏ ਤੇ ਮਾਇਆ ਇਲਾਕੇ ਵਿਚੋਂ ਘਰ-ਘਰ ਜਾ ਕੇ ਇਕੱਤਰ ਕੀਤੀ ਤੇ 1893 ਵਿੱਚ ਇਹ ਕਾਲਜ ਮਿਡਲ ਸਕੂਲ ਦੇ ਰੂਪ ਵਿੱਚ ਸ਼ੁਰੂ ਹੋ ਗਿਆ ਸੀ। ਆਰੀਆ ਸਮਾਜ ਦੀ ਨੀਂਹ ਸਵਾਮੀ ਦਇਆ ਨੰਦ ਵੱਲੋਂ 10 ਅਪਰੈਲ 1875 ਨੂੰ ਬੰਬਈ ਵਿਖੇ ਰੱਖੀ ਗਈ ਤੇ ਉਹ 1877 ਵਿੱਚ ਇਸ ਦੇ ਪ੍ਰਚਾਰ ਲਈ ਪੰਜਾਬ ਆਏ। ਇਸ ਫੇਰੀ ਦੌਰਾਨ ਗਿਆਨੀ ਜੀ ਨੇ ਤਿੰਨ ਵਾਰੀ ਤਿੰਨ ਵੱਖ-ਵੱਖ ਵਿਸ਼ਿਆਂ 'ਤੇ ਸਵਾਮੀ ਦਇਆ ਨੰਦ ਨਾਲ ਬਹਿਸਾਂ ਕੀਤੀਆਂ ਤੇ ਤਿੰਨਾਂ ਵਿੱਚ ਜਿੱਤ ਪ੍ਰਾਪਤ ਕੀਤੀ ਸੀ।

ਪਹਿਲੀ ਬਹਿਸ  
''ਜਗਤ ਦਾ ਕਰਤਾ ਕੌਣ ਹੈ?''  
19 ਅਪਰੈਲ 1877 ਨੂੰ  
ਦੂਜੀ ਬਹਿਸ  
24 ਤੋਂ 27 ਅਪਰੈਲ 1877 ਨੂੰ  
''ਵੇਦਾਂ ਦਾ ਕਰਤਾ ਈਸ਼ਵਰ ਨਹੀਂ'' ਦੇ ਵਿਸ਼ੇ 'ਤੇ  
ਤੀਜੀ ਬਹਿਸ  
24 ਤੋਂ 27 ਜੂਨ 1877 ਤੱਕ  
''ਮੁਕਤੀ ਦਾ ਸਰੂਪ ਕਿਆ ਹੈ'' ਵਿਸ਼ੇ 'ਤੇ ਹੋਈ।

ਇਨ੍ਹਾਂ ਜਿੱਤਾਂ ਨਾਲ ਗਿਆਨੀ ਜੀ ਦੀ ਵਿਦਵਤਾ ਦੀ ਚਾਰੇ ਪਾਸੇ ਧੁੰਮ ਮੱਚ ਗਈ ਸੀ।

ਬਾਅਦ ਵਿੱਚ ਗਿਆਨੀ ਜੀ ਨੇ ਇਨ੍ਹਾਂ ਬਹਿਸਾਂ ਨੂੰ ਕਿਤਾਬੀ ਰੂਪ ਦਿੱਤਾ, ਜਿਸ ਦਾ ਨਾਮ ਸੀ ਉਮੇਰਾ ਤੇ ਸਾਧੂ ਦਯਾਨੰਦ ਦਾ ਸੰਬਾਦ। ਇਸ ਨਾਲ ਸਿੱਖ ਹਲਕਿਆਂ ਵਿੱਚ ਗਿਆਨੀ ਜੀ ਦੀ ਧਾਕ ਜਮ ਗਈ ਸੀ। ਅੱਜ ਵੀ ਇਸ ਪੁਸਤਕ ਨੂੰ ਹਰ ਸਿੱਖ ਪੜ੍ਹਨ ਦੀ ਤੀਬਰ ਇੱਛਾ ਰੱਖਦਾ ਹੈ।

ਸਮਾਜ ਵਿੱਚ ਫੈਲੀਆਂ ਅਨੇਕਾਂ ਤਰ੍ਹਾਂ ਦੀਆਂ ਕੁਰੀਤੀਆਂ ਨੂੰ ਠੱਲ੍ਹ ਪਾਉਣ ਲਈ ਗੁੱਗਾ ਗਪੌੜਾ, ਸੁਲਤਾਨ ਪੁਆੜਾ, ਨਕਲੀ ਸਿੱਖ ਪ੍ਰਬੋਧ, ਮੀਰਾਂ ਮਨੌਤ, ਆਰਤੀ ਪ੍ਰਬੋਧ, ਪੰਮਾ ਪ੍ਰਬੋਧ, ਡਰਪੋਕ ਸਿੰਘ ਦਲੇਰ ਸਿੰਘ, ਦੰਭ ਬਿਦਾਰਨ, ਗੁਰਮਤਿ ਆਰਤੀ ਪ੍ਰਬੋਧ, ਧਰਮ ਦਰਪਣ ਆਦਿ ਲਿਖੀਆਂ। 'ਦੁਰਗਾ ਪ੍ਰਬੋਧ' ਨਾਮੀ ਆਪਣੀ ਸ਼ਾਹਕਾਰ ਰਚਨਾ ਰਾਹੀਂ ਇਸ ਪ੍ਰਚਲਿੱਤ ਕਹਾਣੀ ਨੂੰ ਝੁਠਲਾਉਣ ਵਿੱਚ ਸਫਲਤਾ ਪ੍ਰਾਪਤ ਕੀਤੀ, ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਰਗਾ ਦੇ ਪੁਜਾਰੀ ਸਨ।

ਇਸ ਤਰ੍ਹਾਂ ਭਲੀ-ਭਾਂਤ ਅੰਦਾਜ਼ਾ ਲਾਇਆ ਜਾ ਸਕਦਾ ਹੈ, ਕਿ ਉਹ ਸਿੱਖ ਕੌਮ ਦੇ ਬਹੁਤ ਹੀ ਮਾਣ ਮੱਤੇ ਵਿਦਵਾਨ ਸਨ ਪਰ ਕੌਮ ਨੇ ਉਨ੍ਹਾਂ ਨੂੰ ਬਿਲਕੁਲ ਹੀ ਭੁਲਾ ਦਿੱਤਾ ਹੈ। 2001 ਵਿੱਚ ਉਨ੍ਹਾਂ ਦੀ 100 ਸਾਲਾ ਯਾਦ ਸਮੇਂ ਨਸੀਬ ਸਿੰਘ ਸੇਵਕ ਦੀ ਪ੍ਰਧਾਨਗੀ ਹੇਠ ਗਿਆਨੀ ਦਿੱਤ ਸਿੰਘ ਮੈਮੋਰੀਅਲ ਇੰਟਰਨੈਸ਼ਨਲ ਸੁਸਾਇਟੀ (ਰਜਿ.) ਬਣਾਈ ਗਈ ਜਿਸ ਨੇ ਗਿਆਨੀ ਜੀ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਯਤਨ ਆਰੰਭੇ ਹੋਏ ਹਨ ਤੇ ਉਨ੍ਹਾਂ ਦੀ ਸੋਚ ਨੂੰ ਘਰ-ਘਰ ਪੁੱਜਦਾ ਕਰਨ ਲਈ ਸਿਰ ਤੋੜ ਕੋਸ਼ਿਸ਼ਾਂ ਕਰ ਰਹੀ ਹੈ।

ਇਸੇ ਲੜੀ ਤਹਿਤ ਪਿਛਲੇ 3 ਸਾਲਾਂ ਤੋਂ ਉਨ੍ਹਾਂ ਦੇ ਨਾਂ 'ਤੇ ਮਹੀਨਾਵਾਰ ਪੰਜਾਬੀ ਮੈਗਜ਼ੀਨ ਉਭਾਈ ਦਿੱਤ ਸਿੰਘ ਪੱਤ੍ਰਿਕਾ ਲਗਾਤਾਰ ਛੱਪ ਰਹੀ ਹੈ ਜਿਸ ਵਿੱਚ ਉਨ੍ਹਾਂ ਵੱਲੋਂ ਪ੍ਰਕਾਸ਼ਿਤ ਖਾਲਸਾ ਅਖ਼ਬਾਰ ਲਾਹੌਰ ਤੇ ਖਾਸ-ਖਾਸ ਰਚਨਾਵਾਂ ਦੀਆਂ ਵੰਨਗੀਆਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ। ਜਿਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਖਾਸ ਹੁੰਗਾਰਾ ਮਿਲ ਰਿਹਾ ਹੈ।

ਇਸ ਨਿਮਾਣੇ ਜਿਹੇ ਹੰਭਲੇ ਨਾਲ ਇਕ ਸਦੀ ਪਿੱਛੋਂ ਭਾਵੇਂ ਦੇਰ ਆਏ ਦਰੁਸਤ ਆਏ ਮੁਤਾਬਕ ਵਿਸ਼ਵ ਭਰ ਦੀਆਂ ਸਮੂਹ ਸੰਗਤਾਂ ਵਿੱਚ ਕਾਫੀ ਜਾਗ੍ਰਿਤੀ ਆਈ ਹੈ। ਬਹੁਤ ਸਾਰੇ ਗਿਆਨੀ ਜੀ ਦੀ ਸੋਚ ਨਾਲ ਜੁੜੇ ਹਨ, ਉਨ੍ਹਾਂ ਦੇ ਸਾਹਿਤ ਤੋਂ ਜਾਣੂ ਹੋਏ ਹਨ, ਕੌਮ ਲਈ, ਸਮਾਜ ਲਈ, ਕੀਤੇ ਵਡੇਰੇ ਕਾਰਜਾਂ ਪ੍ਰਤੀ ਜਾਣਕਾਰੀ ਪ੍ਰਾਪਤ ਹੋਈ ਹੈ।

ਡਾ. ਇੰਦਰਜੀਤ ਸਿੰਘ ਗੋਗੋਆਣੀ, ਡਾ. ਸੰਦੀਪ ਕੌਰ ਤੇ ਡਾ. ਸੁਰਿੰਦਰ ਕੌਰ ਭਾਟੀਆ ਨੇ ਗਿਆਨੀ ਜੀ ਦੇ ਨਾਂ 'ਤੇ ਪੀਐਚ.ਡੀ ਕਰ ਲਈ ਹੈ। ਕਈ ਯੂਨੀਵਰਸਿਟੀਆਂ ਖਾਸ ਕਰਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਤੇ ਹੋਰ ਕਈ ਯੂਨੀਵਰਸਿਟੀਆਂ ਵਿੱਚ ਅੱਜ-ਕੱਲ੍ਹ ਬਹੁਤ ਸਾਰੇ ਵਿਦਿਆਰਥੀ ਐਮ.ਫਿਲ. ਕਰ ਰਹੇ ਹਨ। ਇਸ ਤੋਂ ਬਿਨਾਂ ਗਿਆਨੀ ਦਿੱਤ ਸਿੰਘ ਦੀ ਯਾਦ ਵਿੱਚ ਉਨ੍ਹਾਂ ਦੇ ਨਾਂ 'ਤੇ ਬਹੁਤ ਸਾਰੀਆਂ ਲਾਇਬਰੇਰੀਆਂ, ਗੁਰਦੁਆਰੇ, ਸਕੂਲ, ਸੰਸਥਾਵਾਂ, ਸਾਹਿਤ ਸਭਾਵਾਂ, ਨੌਜੁਆਨ ਸਭਾਵਾਂ ਅਤੇ ਆਡੀਟੋਰੀਅਮ ਆਦਿ ਬਣੇ ਹਨ, ਪਰ ਇਹ ਕਾਫੀ ਨਹੀਂ। ਫਿਰ ਵੀ ਇਸ ਵਿੱਚ ਕੋਈ ਅਤਿਕਥਨੀ ਨਹੀਂ ਕਿ ਪੂਰੀ ਸਦੀ ਅਣਗੌਲੇ ਕੀਤੇ ਗਏ ਇਸ ਮਹਾਨ ਸਿੱਖ ਵਿਦਵਾਨ ਦੀ ਅਤੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ ਕਿਉਂਕਿ ਅੱਜ ਵੀ ਹਾਲਾਤ ਠੀਕ ਉਸੇ ਤਰ੍ਹਾਂ ਦੇ ਹਨ ਜੋ ਗਿਆਨੀ ਦਿੱਤ ਸਿੰਘ ਦੇ ਸਮੇਂ ਵਿੱਚ ਸਨ। ਸਮੇਂ ਦੀ ਮੰਗ ਹੈ ਕਿ ਧਾਰਮਿਕ ਸਿੱਖ ਸੰਸਥਾਵਾਂ ਤੇ ਸ਼੍ਰੋਮਣੀ ਕਮੇਟੀ, ਗਿਆਨੀ ਦਿੱਤ ਸਿੰਘ ਦੀਆਂ ਯਾਦਗਾਰਾਂ ਸਥਾਪਿਤ ਕਰਨ, ਉਨ੍ਹਾਂ ਦਾ ਸਾਹਿਤ ਮੁੜ ਪ੍ਰਕਾਸ਼ਤ ਕਰਕੇ ਲੋਕਾਂ ਵਿੱਚ ਪੁੱਜਦਾ ਕਰਨ। ਕੌਮ ਦੇ ਇਸ ਲਾਸਾਨੀ ਵਿਦਵਾਨ ਦੇ ਪਿਛੋਕੜ ਤੋਂ ਪਤਾ ਚਲਦਾ ਹੈ ਇਨ੍ਹਾਂ ਦਾ ਜਨਮ 21 ਅਪਰੈਲ 1850 ਪਿੰਡ ਕਲੌੜ (ਨੰਦਪੁਰ) ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਮਾਤਾ ਰਾਮ ਕੌਰ ਤੇ ਪਿਤਾ ਦੀਵਾਨ ਸਿੰਘ ਦੇ ਗ੍ਰਹਿ ਵਿਖੇ ਹੋਇਆ ਸੀ। ਪਿਤਾ ਸਾਧੂ ਸੁਭਾਅ ਦੇ ਸਨ ਤੇ ਕੱਪੜਾ ਬੁਣ ਕੇ ਘਰ ਦਾ ਗੁਜ਼ਾਰਾ ਕਰਦੇ ਸਨ।

8 ਸਾਲ ਦੀ ਉਮਰ ਵਿੱਚ ਗਿਆਨ ਦੀ ਪ੍ਰਾਪਤੀ ਲਈ ਪਿੰਡ ਤਿਉੜ ਨੇੜੇ ਖਰੜ ਮੁਹਾਲੀ ਵਿਖੇ ਗੁਲਾਬਦਾਸੀਆਂ ਦੇ ਡੇਰੇ ਪੁੱਜ ਗਏ ਸਨ ਜਿੱਥੇ ਕਿ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਬਾਣੀ ਦੀ ਸਮੀਖਿਆ ਲਈ ਪੰਜਾਬੀ, ਹਿੰਦੀ, ਉਰਦੂ, ਫਾਰਸੀ, ਅਰਬੀ, ਅੰਗਰੇਜ਼ੀ ਆਦਿ ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕੀਤਾ ਤੇ 18 ਸਾਲ ਦੀ ਉਮਰ ਵਿੱਚ ਲਾਹੌਰ ਚਲੇ ਗਏ ਸਨ ਜਿੱਥੇ ਉਨ੍ਹਾਂ ਅੰਮ੍ਰਿਤ ਛੱਕ ਕੇ ਸਿੱਖੀ ਦੇ ਪ੍ਰਚਾਰ ਲਈ ਆਖਰੀ ਸਾਹ ਤੱਕ ਕਾਰਜ ਕੀਤੇ। ਕੌਮ ਉਨ੍ਹਾਂ ਦੀ ਦੇਣ ਕਦੀ ਨਹੀਂ ਦੇ ਸਕਦੀ।

# ਪ੍ਰੋਫੈਸਰ ਗੁਰਮੁਖ ਸਿੰਘ ਦੀ ਖਾਲਸਾ ਪੰਥ ਨੂੰ ਮਹਾਨ ਦੇਣ

**ਲਿਖਤ : ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**

ਪ੍ਰੋਫੈਸਰ ਗੁਰਮੁਖ ਸਿੰਘ ਤੇ ਗਿਆਨੀ ਦਿਤ ਸਿੰਘ ਵੀਹਵੀਂ ਸਦੀ ਦੇ ਭਾਈ ਜੀਵਨ ਸਿੰਘ , ਭਾਈ ਸੰਗਤ ਸਿੰਘ ਸਨ , ਜੋ ਦਬੇ ਕੁਚਲੇ ਸਮਾਜ ਵਿਚੋਂ ਸਨ।ਸ਼ਾਇਦ ਇਸੇ ਕਾਰਣ ਪੰਥਕ ਸੰਸਥਾਵਾਂ , ਬੁਧੀਜੀਵੀਆਂ ਨੇ ਮਾਨਤਾ ਨਹੀਂ ਦਿਤੀ। ਸੰਗਤ ਇਸ ਗਲ ਨੂੰ ਸਮਝ ਲਵੇ ਕਿ ਗੁਰੂ ਡੰਮ ,ਆਰੀਆ ਸਮਾਜੀਆਂ , ਈਸਾਈਆਂ , ਬਾਹਮਣੀ ਕਰਮਕਾਂਡਾਂ ਵਿਰੁਧ ਇਹਨਾਂ ਦੋ ਯੋਧਿਆ ਨੇ ਲਹਿਰ ਖੜੀ ਕੀਤੀ ਤਾਂ ਜੋ ਗੁਰੂ ਨਾਨਕ ਪੰਥ ਦਾ ਸ਼ੁਧ ਰਹਿ ਸਕੇ।ਡਾਕਟਰ ਅਨੁਰਾਗ ਸਿੰਘ ਲੁਧਿਆਣਾ ਅੱਜਕਲ ਪ੍ਰੋਫੈਸਰ ਗੁਰਮੁਖ ਸਿੰਘ ਵਿਰੁਧ ਝੂਠੀਆਂ ਅਫਵਾਹਾਂ ਫੈਲਾਕੇ ਉਸ ਸਮੇ ਦੇ ਗੁਰੂ ਡੰਮੀਆਂ ਦੀ ਦੀ ਤਾਰੀਫ ਕਰਕੇ ਪ੍ਰੋਫੈਸਰ ਗੁਰਮੁਖ ਸਿੰਘ ਦੀ ਬਦਨਾਮੀ ਕਰ ਰਿਹਾ ਹੈ।ਕੀ ਇਹ ਜਾਤੀਵਾਦੀ ,ਬਾਹਮਣਵਾਦ ਨਹੀਂ ਹੈ? ਕੀ ਇਹ ਕੇਸਾਧਾਰੀ ਹਿੰਦੂ ਬਣ ਜਾਣ ਦਾ ਸਫਰ ਨਹੀਂ ਹੈ? ਜੋ ਸਿਖ ਵਿਦਵਾਨ ਸਿਖ ਹਕਾਂ ਲਈ ਗਰੀਬੀ ਕਟਦਾ ਜੂਝਦਾ ਮਰ ਗਿਆ ਉਹ ਅਨੁਰਾਗ ਸਿੰਘ ਅਨੁਸਾਰ ਅੰਗਰੇਜ਼ ਦਾ ਟਾਊਟ ਹੋ ਗਿਆ,ਜੋ ਸਾਧ ਗੁਰੂ ਡੰਮੀ ਮਹੰਤਾਂ ਰੂਪ ਵਿਚ ਅੰਗਰੇਜ਼ਾਂ ਦੇ ਸਹਾਰੇ ਗੁਰਦੁਆਰਾ ਤੇ ਤਖਤ ਦੇ ਮਾਲਕ ਬਣ ਗਏ , ਉਹ ਅਨੁਰਾਗ ਸਿੰਘ ਲਈ ਰਬ ਬਣ ਗਏ।ਇਹ ਖਾਲਸਾ ਪੰਥ ਨੇ ਸੋਚਨਾ ਹੈ ਕਿ ਅਜਿਹੇ ਵਿਦਵਾਨਾਂ ਦਾ ਵਿਰੋਧ ਕਰਨਾ ਹੈ ਜਾਂ ਕੇਸਾਧਾਰੀ ਹਿੰਦੂ ਬਣਾਉਣ ਵਾਲੇ ਵਿਦਵਾਨਾਂ ਨੂੰ ਮਾਨਤਾ ਦੇਣੀ ਹੈ।ਸਿਖ ਵਿਦਵਾਨਾਂ ਵਿਚ ਆਇਆ ਬਾਹਮਣਵਾਦ ਤੇ ਜਾਤੀਵਾਦੀ ਸੋਚ ਪੰਥ ਨੂੰ ਖੰਡ ਖੰਡ ਕਰ ਰਹੀ ਹੈ।ਜੇ ਦਬੇ ਕੁਚਲੇ ਮਹਾਪੁਰਖਾਂ ਯੋਧਿਆਂ ਦਾ ਸਤਿਕਾਰ ਨਹੀਂ ਕਰੋਗੇ ਨਿਸਚਿਤ ਹੈ ਪੰਥ ਖੰਡ ਖੰਡ ਹੋਵੇਗਾ।ਪ੍ਰੋ:ਗੁਰਮੁਖ ਸਿੰਘ ਜੀ ਦਾ ਜਨਮ 15 ਅਪ੍ਰੈਲ, ਸੰਨ 1849 ਨੂੰ ਸਰਦਾਰ ਵਸਾਵਾ ਸਿੰਘ ਜੀ ਦੇ ਘਰ (ਕਪੂਰਥਲਾ) ਵਿਖੇ ਹੋਇਆ ।ਕਪੂਰਥਲੇ ਦੇ ਕੰਵਰ ਬਿਕ੍ਰਮ ਸਿੰਘ ਜੀ ਸਦਕਾ (1877)ਈਸਵੀ ਨੂੰ ਸੰਸਰਕ ਪੜਾਈ ਪੂਰੀ ਕਰਕੇ ਗੁਰਮੁਖ ਸਿੰਘ ਪੰਜਾਬ ਯੂਨੀਵਰਸਿਟੀ ਓਰੀਐਂਟਲ ਕਾਲਜ, ਲਾਹੌਰ ਵਿਚ ਟੀਚਰ ਵਜੋਂ ਨਿਯੁਕਤ ਹੋਏ। 1881 ਈਸਵੀ ਵਿਚ ਅਸਿਸਟੈਂਟ ਪ੍ਰੋਫੈਸਰ ਤੇ 1887 ਵਿਚ ਐਲਿਕਜ਼ੈਨਡਰਾ ਰੀਡਰ ਵਜੋਂ ਨਿਯੁਕਤ ਹੋਏ।

''ਸਿੰਘ ਸਭਾ ਲਾਹੋਰ'' ਦੀ ਸਥਾਪਨਾ ਲਈ 1879 ਨੂੰ ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਰਾਮ ਦਾਸ ਜੀ ਵਿਖੇ ਸੰਗਤ ਵਿਚ ਵਿਚਾਰ ਹੋਈ।ਵਿਚਾਰ ਉਪ੍ਰੰਤ ਇਕ ਕਮੇਟੀ ਬਣਾਈ ਜਿਸ ਦੇ ਪ੍ਰਧਾਨ ਦੀਵਾਨ ਬੂਟਾ ਸਿੰਘ ਅਤੇ ਸਕੱਤਰ ਭਾਈ ਗੁਰਮੁਖ ਸਿੰਘ ਥਾਪੇ ਗਏ।ਅਗਲੇ ਹੀ ਦਿਨ ਇਸ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ''ਸਿੰਘ ਸਭਾ ਲਾਹੋਰ'' ਦੀ ਸਥਾਪਨਾ ਦਾ ਐਲਾਨ ਕੀਤਾ ਗਿਆ।ਗੁਰਮੁਖ ਸਿੰਘ ਜੀ ਦੀ ਪ੍ਰੇਰਨਾ ਸਦਕਾ ਸਿੰਘ ਸਭਾ ਲਾਹੋਰ ਨੇ ਸਪਸ਼ਟ ਤੋਰ ਤੇ ਆਪਣੇ ਕਰਨ ਯੋਗ ਉਦੇਸ਼ ਨਿਸ਼ਚਿਤ ਕਰ ਲਏ:

1) ਸਿੱਖ ਧਰਮ ਦਾ ਪ੍ਰਚਾਰ ਖਾਲਸ ਰੂਪ ਵਿਚ ਕਰਨਾ ਅਤੇ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਲਈ ਵੱਧ ਤੋ ਵੱਧ ਪ੍ਰਿੰਟ ਮੀਡੀਏ ਦੀ ਵਰਤੋਂ ਕਰਨੀ।
2) ਪੰਜਾਬੀ ਬੋਲੀ ਅਤੇ ਪੰਜਾਬੀ ਸਾਹਿਤ ਨੂੰ ਪਕੇ ਪੈਰੀ ਮਜ਼ਬੂਤ ਕਰਨ ਲਈ ਵੱਧ ਤੋ ਵੱਧ ਅਖਬਾਰ ਅਤੇ ਰਸਾਲੇ ਕਢਣੇ।
3) ਇਸੇ ਸੰਦਰਭ ਵਿਚ ਸਿਖ ਸਮਾਜ ਨੂੰ ਪੜਾਈ ਲਿਖਾਈ ਵਿਚ ਨਿਪੁੰਨਤਾ ਹਾਸਲ ਕਰਾਉਣੀ।
4) ਇਸ ਮਕਸਦ ਲਈ ਖਾਲਸਾ ਸਕੂਲਾਂ ਦੀ ਸਥਾਪਨਾ ਕਰਨੀ।

ਪ੍ਰੋ. ਗੁਰਮੁਖ ਸਿੰਘ ਜੀ ਦੀ ਸੂਝ ਬੂਝ ਸਦਕਾ ਹੀ ਗਿਆਨੀ ਦਿਤ ਸਿੰਘ,ਭਾਈ ਜਵਾਹਰ ਸਿੰਘ,ਭਾਈ ਕਾਨ੍ਹ ਸਿੰਘ ਨਾਭਾ,ਮਿਸਟਰ ਮੈਕਾਲਿਫ ਆਦਿ ਪਰਮੁਖ ਹਸਤੀਆਂ ਨੂੰ ਗੁਰਮਤਿ ਪ੍ਰਚਾਰ ਪ੍ਰਸਾਰ ਦੇ ਇਕੋ ਸੂਤਰ ਵਿਚ ਜੋੜ ਦਿਤਾ।



ਭਾਈ ਗੁਰਮੁਖ ਸਿੰਘ ਜੀ ਪ੍ਰੋਫੈਸਰ

ਪ੍ਰੋ.ਗੁਰਮੁਖ ਸਿੰਘ ਜੀ ਦੀ ਪ੍ਰੇਰਨਾ ਸਦਕਾ ਹੀ ਗਿਆਨੀ ਦਿਤ ਸਿੰਘ ਜੀ ਨੇ ਪਹਿਲਾਂ ਓਰੀਐਂਟਲ ਕਾਲਜ ਲਾਹੋਰ ਤੋਂ ਗਿਆਨੀ ਦੀ ਪ੍ਰੀਖਿਆ ਪਾਸ ਕੀਤੀ ਅਤੇ ਫਿਰ ਇਸੇ ਹੀ ਕਾਲਜ ਵਿਚ ਗੁਰਮੁਖੀ ਦੇ ਸੈਕਿੰਡ ਟੀਚਰ ਨਿਯੁਕਤ ਹੋਏ।ਫਿਰ ਜਿਸ ਸਮੇਂ 1886 ਈਸਵੀ ਵਿਚ ਪ੍ਰੋ.ਗੁਰਮੁਖ ਸਿੰਘ ਜੀ ਨੇ ''ਖਾਲਸਾ ਅਖਬਾਰ''ਪ੍ਰਕਾਸ਼ਿਤ ਕੀਤਾ ਤਾਂ ਕੁਝ ਸਮੇ ਪਿਛੋ ਹੀ ਇਸ ਦੀ ਜ਼ਿਮੇਵਾਰੀ ਗਿਆਨੀ ਦਿਤ ਸਿੰਘ ਜੀ ਨੂੰ ਸੌਂਪ ਦਿਤੀ।ਗਿਆਨੀ ਦਿਤ ਸਿੰਘ ਜੀ ਖਾਲਸਾ ਅਖਬਾਰ ਦੇ ਸੰਪਾਦਕ ਬਣ ਗਏ।ਪੰਜਾਬੀ ਮਾਂ ਬੋਲੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਲਈ ਪ੍ਰੋ.ਗੁਰਮੁਖ ਸਿੰਘ ਜੀ ਨੇ ਦਰਅਸਲ ਸਭ ਤੋਂ ਪਹਿਲਾਂ ਗੁਰਮੁਖੀ ਦਾ ਸਭ ਤੋਂ ਪਹਿਲਾ ਅੰਕ 10 ਨਵੰਬਰ 1880 ਨੂੰ ਪ੍ਰਕਾਸ਼ਿਤ ਕੀਤਾ।ਇਸ ਤੋਂ ਬਾਦ ਸਿੰਘ ਸਭਾ ਲਾਹੋਰ ਦੀ ਸਰਪ੍ਰਸਤੀ ਹੇਠ''ਵਿਦਯਾਰਕ''ਮਾਸਕ ਪਤਰ ਸੰਨ 1881 ਨੂੰ ਪ੍ਰਕਾਸ਼ਿਤ ਕੀਤਾ।1882 ਨੂੰ ''ਪੰਜਾਬੀ ਪ੍ਰਚਾਰਨੀ ਸਭਾ ਲਾਹੋਰ''ਦੀ ਸਥਾਪਨਾ ਕੀਤੀ ਅਤੇ ਇਸ ਦੇ ਮੁਖ ਸਲਾਹਕਾਰ ਹੋਣ ਦੇ ਨਾਤੇ ਸੁਚੱਜੀ ਅਗਵਾਈ ਦਿਤੀ। ਥਾਂ ਥਾਂ ਤੇ ਸਿੰਘ ਸਭਾਵਾਂ ਕਾਇਮ ਹੋਣੀਆਂ ਸ਼ੁਰੂ ਹੋ ਗਈਆਂ।ਸਿਖ ਕੌਮ ਵਿਚ ਧਾਰਮਿਕ ਜਾਗਰਤੀ ਆਉਣੀ ਸ਼ੁਰੂ ਹੋਈ।ਪ੍ਰੋ.ਗੁਰਮੁਖ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਆਰੇ ਸਿਧਾਂਤਾਂ ਤੋਂ ਭਲੀ ਪਰਕਾਰ ਜਾਣੂ ਸਨ ਅਤੇ ਆਪ ਜੀ ਗੁਰੂ ਡੰਮੀ ਖੇਮ ਸਿੰਘ ਵਰਗੇ ਅਨੇਕਾਂ ਸਾਧਾਂ ਦੀ ਬ੍ਰਾਹਮਣੀ ਮਕੜ ਜਾਲ ਵਿਚ ਬੁਰੀ ਤਰਾਂ ਫਸ ਚੁਕੀ ਸਿਖ ਕੌਮ ਨੂੰ ਬਾਹਰ ਕਢ ਕੇ ਇਸ ਨੂੰ ਨਿਰੋਲ ਖਾਲਸਾਈ ਰੰਗਣ ਵਿਚ ਰੰਗਣਾ ਚਾਹੁੰਦੇ ਸਨ। ਆਪ ਜੀ ਦੀਆਂ ਪ੍ਰਭਾਵ ਸ਼ਾਲੀ ਲਿਖਤਾਂ ਨੇ ਅਤੇ ਭਾਸ਼ਣਾਂ ਨੇ ਜਿਥੇ ਸਿਖ ਕੌਮ ਵਿਚ ਕੌਮੀਅਤ ਦਾ ਜਜ਼ਬਾ ਅਤੇ ਆਪਣੇ ਨਿਆਰੇਪਨ ਦੇ ਅਹਿਸਾਸ ਨੂੰ ਜਗਾਇਆ ਉਥੇ ਨਾਲ ਹੀ ਆਪ ਜੀ ਦੀਆਂ ਲਿਖਤਾਂ ਨੇ ਪੁਜਾਰੀਆਂ, ਸੋਢੀਆਂ, ਬੇਦੀਆਂ, ਭੱਲਿਆਂ,ਬਾਵਿਆਂ ਦੇ ਗੁਰਮਤਿ ਵਿਰੋਧੀ ਕਾਰਜਾਂ ਨੂੰ ਨੰਗਾ ਕਰ ਦਿਤਾ।ਕਿਉਕਿ ਇਹ ਲੋਕ ਆਪਣੇ ਆਪ ਨੂੰ ਗੁਰੂ ਸਾਹਿਬਾਨ ਜੀ ਦੀ ਅੰਸ਼ ਵੰਸ਼ ਆਖਵਾਉਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਤੇ ਦਰਬਾਰ ਸਾਹਿਬ ਵਿਖੇ ਗੱਦੀਆਂ ਲਗਾ ਕੇ ਬੈਠਦੇ ਆਪਣੀ ਪੂਜਾ ਕਰਾਉਦੇ ..ਆਦਿ ਭਾਵ ਗੁਰਮਤਿ ਵਿਰੋਧੀ ਹਰ ਇਕ ਕਰਮ ਕਾਂਡ ਕਰਾਉਣ ਵਿਚ ਸਭ ਤੋਂ ਅਗੇ ਸਨ।ਅੰਮ੍ਰਿਤਸਰ ਧੜੇ ਦੇ ਆਗੂ ਬਾਬਾ ਖੇਮ ਸਿੰਘ ਬੇਦੀ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਉਚੇਚੇ ਗਦੇਲੇ ਵਿਛਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਬੈਠ ਕੇ ਆਪਣੀ ਪੂਜਾ ਕਰਾਉਦੇ ਸਨ। ਪ੍ਰੋ.ਗੁਰਮੁਖ ਸਿੰਘ ਜੀ ਅਤੇ ਇਹਨਾਂ ਦੇ ਸੰਗੀ ਸਾਥੀਆਂ ਦਾ ਵਿਰੋਧ ਕਰਨਾ ਸ਼ੁਰੂ ਕਰ ਦਿਤਾ।ਇਹ ਵਿਰੋਧ ਇਥੋਂ ਤਕ ਵਧ ਗਿਆ ਕਿ ਆਪ ਜੀ ਦੇ ਖਿਲਾਫ ਵਿਰੋਧਤਾ ਦੀ ਇਕ ਮੁਹਿੰਮ ਹੀ ਚਲਾ ਦਿਤੀ ਗਈ।

ਆਪ ਜੀ ਦੇ ਉਪਰ ਇਹ ਦੋਸ਼ ਲਗਾਏ ਗਏ:

1) ਪ੍ਰੋ. ਗੁਰਮੁਖ ਸਿੰਘ ਨੇ ਗੁਰੂ ਸਾਹਿਬਾਨ ਦੀ ਅੰਸ ਬੰਸ ਬੇਦੀਆਂ, ਭਲੇ, ਸੋਢੀਆਂ ਅਤੇ ਬਾਵਿਆਂ ਪ੍ਰਤੀ ਨਿਰਾਦਰੀ ਵਿਖਾਈ ਹੈ।
2) ਸਿੰਘ ਸਭਾ ਦੇ ਇਕ ਦੀਵਾਨ ਵਿਚ ਉਨ੍ਹਾਂ ਨੇ ਹਿੰਦੂ ਦੇਵੀ ਦੇਵਤਿਆਂ ਦੇ 24 ਅਵਤਾਰਾਂ ਦੀ ਛਪੀ ਤਸਵੀਰ ਬਾਰੇ ਸਖਤ ਨਿਰਾਦਰੀ ਕੀਤੀ ਹੈ।
3) ਲਾਹੌਰ ਦੀ ਸਿੰਘ ਸਭਾ ਨੇ ਇਕ ਮੁਸਲਮਾਨ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਲਿਆ ਹੈ।
4) ਅਖੌਤੀ ਨੀਵੀਆਂ ਜਾਤੀਆਂ ਅਤੇ ਮੁਸਲਮਾਨਾਂ ਨੂੰ ਇਕੋ ਬਾਟੇ ਨੂੰ ਮੂੰਹ ਲਾ ਕੇ ਅੰਮ੍ਰਿਤ ਛਕਾਇਆ ਗਿਆ ਹੈ।
5) ਬਾਬਾ ਖੇਮ ਸਿੰਘ ਬੇਦੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਉਚੇਚੇ ਗਦੇਲੇ ਲਗਾਕੇ ਨਾ ਬੈਠਣ ਦੇਣਾ।

ਇਹ ਦੋਸ਼ ਲਗਾਕੇ 1887 ਨੂੰ ''ਸਿੰਘ ਸਭਾ ਅੰਮ੍ਰਿਤਸਰ'' ਅਤੇ ਤਖਤਾਂ ਦੇ ਪੁਜਾਰੀਆਂ ਨੇ ਪੋ.ਗੁਰਮੁਖ ਸਿੰਘ ਜੀ ਨੂੰ ਪੰਥ ਵਿਚੋਂ ਛੇਕਣ ਦਾ ਹੁਕਮਨਾਮਾ ਕੱਢ ਦਿੱਤਾ।ਇਸ ਦੇ ਬਾਵਜੂਦ ਵੀ ਪ੍ਰੋ. ਗੁਰਮੁਖ ਸਿੰਘ ਜੀ ਨੇ ਥਾਂ ਥਾਂ ਜਾਂਕੇ ਆਪਣੇ ਗੁਰਮਤਿ ਵਿਖਿਆਨਾ ਰਾਹੀਂ ਆਪਣੀਆਂ ਲਿਖਤਾਂ ਰਾਹੀਂ ਗੁਰਮਤਿ ਦਾ ਪ੍ਰਚਾਰ ਜਾਰੀ ਰੱਖਿਆ।ਆਪ ਜੀ ਦੇ ਪ੍ਰਚਾਰ ਦੇ ਸਦਕਾ ਹੀ ਨਿੰਰਕਾਰੀਆਂ ਅਤੇ ਨਾਮਧਾਰੀਆਂ ਦੇ ਦੇਹਧਾਰੀਆਂ ਦੇ ਝੂਠੇ ਦਾਵਿਆਂ ਨੂੰ ਸਿੰਘ ਸਭਾ ਲਾਹੋਰ ਨੇ ਮੂਲੋ ਹੀ ਰੱਦ ਕਰ ਦਿਤਾ ਅਤੇ ਸਿਖ ਕੋਮ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਨੂੰ ਸਥਾਪਤ ਕਰ ਦਿਤਾ।

ਪ੍ਰੋ. ਗੁਰਮੁਖ ਸਿੰਘ ਜੀ ਦੀਆਂ ਕੋਸ਼ਿਸ਼ਾਂ ਦੇ ਸਦਕਾ ਹੀ 1892 ਵਿਚ ''ਖਾਲਸਾ ਕਾਲਜ''ਅੰਮ੍ਰਿਤਸਰ ਦੀ ਨੀਂਹ ਰਖੀ ਗਈ।

ਪ੍ਰੋ. ਗੁਰਮੁਖ ਸਿੰਘ ਜੀ ਦੇ ਯਤਨਾ ਸਦਕਾ ਹੀ ਅੰਗਰੇਜ਼ ਅਫਸਰ ਮੈਕਸ ਆਰਥਰ ਮੈਕਾਲਿਫ ਨੇ ਡਿਸਟਿਕਟ ਜੱਜ ਦੀ ਪਦਵੀ ਤੋਂ ਅਸਤੀਫਾ ਦੇ ਕੇ ''ਆਦਿ ਗੁਰੂ ਗ੍ ਿਥ ਸਾਹਿਬ''ਦਾ ਅੰਗਰੇਜ਼ੀ ਭਾਸ਼ਾ ਵਿਚ ਅਨੁਵਾਦ ਕੀਤਾ। ਕੰਡਾ ਘਾਟ,ਜ਼ਿਲਾ ਸ਼ਿਮਲਾ ਵਿਖੇ 23 ਸਤੰਬਰ ਦੇਰ ਰਾਤ ਤੱਕ ਲਿਖਤ ਪੜ੍ਹਤ ਦਾ ਕੰਮ ਨਿਪਟਾਉਣ ਉਪਰੰਤ ਮੁੜ ਨੀਦ ਵਿਚੋ ਉਠੇ ਹੀ ਨਹੀਂ।

ਪ੍ਰੋ. ਗੁਰਮੁਖ ਸਿੰਘ ਜੀ ਦੇ ਅਕਾਲ ਚਲਾਣੇ ਦੇ ਸੌ ਸਾਲ ਬੀਤਣ ਤੋਂ ਬਾਦ ਕੌਮ ਨੂੰ ਥੋਹੜੀ ਜਿਹੀ ਹੋਸ਼ ਆਈ ਕਿ ਸਤੰਬਰ 1995 ਵਿਚ ਹੋਏ ਵਿਸ਼ਵ ਸੰਮੇਲਨ ਵਿਚ ਪ੍ਰੋ. ਗੁਰਮੁਖ ਸਿੰਘ ਜੀ ਨੂੰ ਛੇਕਣ ਵਾਲਾ ਹੁਕਮਨਾਮਾ ਵਾਪਸ ਲਿਆ ਗਿਆ।


YOUR NEIGHBOURHOOD LAYER
RISHI LAW CORPORATION
Criminal Law
» Assault Charges
» Drug Charges
» Theft/Fraud
» Uttering Threats
» Driving Offences
Real Estate
» Purchase/ Sale of Property
» Mortgage / Line of Credit
Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa
Divorces Probate
All kind of Notary Services

NARINDER RISHI
Barrister, Solicitor & Notary Public
Services offered in Punjabi, Hindi & English
Vancouver
6625, Fraser Street
604-322-5515
Email : nkrishi@yahoo.com
Two Locations to serve you
Surrey
604-505-6454
(By appointments only)



NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ
"Over 20 years experience as Denturist"
• ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
• ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
• ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
• ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।

BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)




AtoZ

# A to Z Driving School

ਪੰਜਾਬੀ ਵਿੱਚ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰੋ ਅਤੇ

ਲਰਨਿੰਗ ਲਾਇਸੈਂਸ ਪਹਿਲੀ ਵਾਰ 'ਚ ਪਾਸ ਕਰੋ

**CLASS 1, 2, 3, 4, 5, 6 & 7 LEARNING LICENSE**

ਲੈਣ ਲਈ ਕੋਈ ਫਿਕਰ ਨਾ ਕਰੋ, ਸਾਡੀਆਂ ਬੇਹਤਰੀਨ ਸੇਵਾਵਾਂ ਤੁਹਾਨੂੰ ਸਫ਼ਲਤਾ ਦਿਵਾਉਣ 'ਚ ਮਦਦਗਾਰ ਹੋਣਗੀਆਂ

ਸਾਰੇ ਟੈਸਟ ਪੰਜਾਬੀ ਵਿੱਚ ਕੰਪਿਊਟਰ ਤੇ ਕਰਵਾਉਂਦੇ ਹਾਂ

NSC ਟੈਸਟ, ਸਿਟੀਜਨਸ਼ਿਪ ਟੈਸਟ ਅਤੇ ਫੂਡ ਸੇਫਟੀ ਟੈਸਟ ਦੀ ਤਿਆਰੀ ਵੀ ਕਰਵਾਉਂਦੇ ਹਾਂ।

# 604-614-5365

Unit 15-8388 128 Street, Surrey behind Grand Taj

ਖਾਲਸਾ ਸਾਜਨਾ ਦਿਵਸ
ਅਤੇ
ਵਿਸਾਖੀ
ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ



Save-on-Pallet
& Enviro Pallet Recovery
Buy + Sell (2004) Ltd.

ਵੱਲੋਂ : ਹਰਪਾਲ ਸਿੰਘ ਗਰੇਵਾਲ, ਸੰਤੋਖ ਸਿੰਘ ਕੰਦੋਲਾ, ਕੁਲਦੀਪ ਸਿੰਘ ਕੰਦੋਲਾ

ਸੇਵ-ਔਨ ਪੈਲੇਟ ਲਿਮਿਟਡ
ਇਨਵਾਇਰੋ ਪੈਲੇਟ ਰਿਕਵਰੀ ਬਾਏ+ਸੈਲ (2004) ਲਿਮਟਿਡ

ਦੋਨੋਂ ਕਾਰੋਬਾਰੀ ਪੈਲੇਟ ਕੰਪਨੀਆਂ ਇੱਕੋ ਹੀ ਮੈਨੇਜਮੈਂਟ ਅਧੀਨ ਰਿਚਮੰਡ ਵਿਖੇ ਚਲਦੀਆਂ ਹਨ।

Save-on-Pallet : 604-301-1084
Enviro Pallet Recovery : 604-301-1084
FAX : 604-301-1079

7801 Vantage Way, Delta, BC V4G 1A6
11571 Mitchell Road Richmond B.C.

# "ਗ਼ਲ ਲੱਗ ਕੇ ਸੀਰੀ ਦੇ ਜੱਟ ਰੋਵੇ" ਦਾ ਲਿਖਾਰੀ ਲੋਕ ਕਵੀ ਸੰਤ ਰਾਮ ਉਦਾਸੀ

ਲਿਖਤ : ਡਾ ਗੁਰਵਿੰਦਰ ਸਿੰਘ

20 ਅਪ੍ਰੈਲ : ਜਨਮ ਦਿਹਾੜੇ 'ਤੇ ਵਿਸ਼ੇਸ਼



ਸੰਤ ਰਾਮ ਉਦਾਸੀ ਸਹੀ ਅਰਥਾਂ ਵਿੱਚ ਪੰਜਾਬ ਦੇ ਲੋਕ ਕਵੀ ਅਤੇ ਕਲਾਕਾਰ ਸਨ। ਉਹਨਾਂ ਪੰਜਾਬ ਦੇ ਸਮਾਜਿਕ ਤਾਣੇ-ਬਾਣੇ ਅਤੇ ਸਾਂਝਾ ਨੂੰ ਜੋੜਿਆ, ਨਾ ਕਿ ਵੰਡੀਆਂ ਪਾਈਆਂ। ਪੰਜਾਬ ਵਿੱਚ ਬਰਨਾਲਾ ਦੇ ਪਿੰਡ ਰਾਏਸਰ 'ਚ 20 ਅਪ੍ਰੈਲ 1939 ਨੂੰ ਗਰੀਬ ਦਲਿਤ ਪਰਿਵਾਰ ਵਿੱਚ ਜਨਮੇ ਜੁਝਾਰੂ ਅਤੇ ਕ੍ਰਾਂਤੀਕਾਰੀ ਕਵੀ ਸੰਤ ਰਾਮ ਉਦਾਸੀ ਵੱਲੋਂ ਹੇਕ ਲਾ ਕੇ ਗਾਏ ਇਨਕਲਾਬੀ ਗੀਤ, ਅੱਜ ਵੀ ਲੋਕ ਮਨਾਂ ਦੀ ਤਰਜਮਾਨੀ ਕਰਦੇ ਹਨ। 6 ਨਵੰਬਰ 1986 ਨੂੰ ਪੰਜਾਬੀ ਦਾ ਇਹ ਮਹਾਨ ਸ਼ਾਇਰ ਸੰਸਾਰ ਤੋਂ ਕੂਚ ਕਰ ਗਿਆ ਸੀ।ਉਦਾਸੀ ਦੀਆਂ ਰਚਨਾਵਾਂ 'ਕੰਮੀਆਂ ਦਾ ਵਿਹੜਾ', 'ਲਹੂ ਭਿੱਜੇ ਬੋਲ', 'ਸੈਨਤਾਂ', 'ਚੌ-ਨੁਕਰੀਆਂ ਸੀਖਾਂ' ਅਤੇ ਬਹੁਤ ਸਾਰੀਆਂ ਅਣਛਪੀਆਂ ਰਚਨਾਵਾਂ ਨੂੰ ਲੇਖਕ ਰਾਜਵਿੰਦਰ ਸਿੰਘ ਰਾਹੀ ਨੇ ਸੰਪਾਦਿਤ ਕਰਕੇ, ਸਿਮਰਤੀ ਗ੍ਰੰਥ 'ਸੰਤ ਰਾਮ ਉਦਾਸੀ ਜੀਵਨ ਅਤੇ ਸਮੁੱਚੀ ਰਚਨਾ' ਤੋਂ ਇਲਾਵਾ 'ਕੰਮੀਆਂ ਦੇ ਵਿਹੜੇ ਦਾ ਸੂਰਜ ਲੋਕ ਕਵੀ ਸੰਤ ਰਾਮ ਉਦਾਸੀ' ਪੁਸਤਕਾਂ ਵਿੱਚ ਪ੍ਰਕਾਸ਼ਤ ਕੀਤਾ ਹੈ।

ਅੱਜ ਮਹਾਨ ਸ਼ਾਇਰ ਸੰਤ ਰਾਮ ਉਦਾਸੀ ਨੂੰ ਯਾਦ ਕਰਦਿਆਂ, ਇਤਿਹਾਸ ਨੂੰ ਤੋੜਨ-ਮਰੋੜਨ ਅਤੇ ਸਥਾਪਤੀ ਖ਼ਿਲਾਫ਼ ਮੂੰਹ ਨਾ ਖੁੱਲ੍ਹਣ ਵਾਲੀ ਸਰਕਾਰ-ਪੱਖੀ ਲਿਖਾਰੀ ਜਮਾਤ ਨੂੰ, ਸਾਹਿਤਕ ਫ਼ਰਜ਼ਾਂ ਦੀ ਕੋਤਾਹੀ ਦਾ ਅਹਿਸਾਸ ਕਰਵਾਉਣਾ ਜ਼ਰੂਰੀ ਹੈ। ਆਪਣੇ ਪਿੰਡੇ 'ਤੇ ਸਰਕਾਰੀ ਜਬਰ ਹੰਢਾਉਣ ਵਾਲੇ ਲੋਕ ਕਵੀ ਸੰਤ ਰਾਮ ਉਦਾਸੀ ਬਾਰੇ, ਹਲਕੇ ਪੱਧਰ ਦੇ ਆਲੋਚਕ, ਅਖੌਤੀ ਵਿਦਵਾਨ ਜਾਂ ਰਾਜਸੀ ਪਾਰਟੀਆਂ ਦੇ ਕਰਿੰਦੇ ਇਹ ਦੋਸ਼ ਲਾਉਂਦੇ ਰਹੇ ਕਿ ਉਹ ਲਾਲ ਕਿਲੇ ਤੇ ਸਰਕਾਰੀ ਕਵੀ ਦਰਬਾਰ ਦਾ ਹਿੱਸਾ ਬਣੇ। ਸਵਾਲ ਇਹ ਨਹੀਂ ਕਿ ਸੰਤ ਰਾਮ ਉਦਾਸੀ ਲਾਲ ਕਿਲੇ ਤੇ ਕਿਉਂ ਗਏ, ਸਵਾਲ ਇਹ ਹੈ ਕਿ ਉੱਥੇ ਜਾ ਕੇ ਕੀ ਉਦਾਸੀ ਅਖੌਤੀ ਲੇਖਕਾਂ ਵਾਂਗ ਸਰਕਾਰੀ ਪ੍ਰਸ਼ੰਸਾ ਕਰਨ ਲੱਗੇ ਜਾਂ ਸਰਕਾਰੀ ਜਬਰ ਖ਼ਿਲਾਫ਼ ਬੋਲੇ? ਨਿਸ਼ਚਿਤ ਰੂਪ ਵਿੱਚ ਸੰਤ ਰਾਮ ਉਦਾਸੀ ਨੇ ਇੰਡੀਅਨ ਸਟੇਟ ਦੇ ਜਬਰ ਖਿਲਾਫ ਲਾਲ ਕਿਲੇ ਤੋਂ ਜੋ ਆਵਾਜ਼ ਦਿੱਤੀ, ਉਹ ਸਦਾ ਹੀ ਯਾਦ ਰਹੇਗੀ।

### 1 ) ਵਸੀਅਤ

ਮੇਰੀ ਮੌਤ ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ ।
ਮੇਰੇ ਲਹੂ ਦਾ ਕੇਸਰ ਰੇਤੇ 'ਚ ਨਾ ਰਲਾਇਓ ।
ਮੇਰੀ ਵੀ ਜ਼ਿੰਦਗੀ ਕੀ ? ਬਸ ਬੂਰ ਸਰਕੜੇ ਦਾ,
ਆਹਾਂ ਦਾ ਸੇਕ ਕਾਫ਼ੀ, ਤੀਲੀ ਬੇਸ਼ੱਕ ਨਾ ਲਾਇਓ ।

### 2) ਸੂਰਜ ਕਦੇ ਮਰਿਆ ਨਹੀਂ

ਰਾਤ ਨੇ ਭਾਵੇਂ ਕਸਾਈਆਂ ਦੀ ਕਰੀ ਹੈ ਰੀਸ ਹੋ,
ਉਹ ਕੀ ਜਾਣੇ ਤਲੀਆਂ 'ਤੇ ਵੀ ਉੱਗ ਖਲੋਂਦੇ ਸੀਸ ਹੋ,
ਵਰਮੀਆਂ 'ਤੇ ਵਾਸ ਜਿਸ ਦਾ ਨਾਗ ਤੋਂ ਡਰਿਆ ਨਹੀਂ,
ਕਾਲਖ਼ ਦੇ ਵਣਜਾਰਿਓ, ਚਾਨਣ ਕਦੇ ਹਰਿਆ ਨਹੀਂ ।
ਓ ਕਿਰਨਾਂ ਦੇ ਕਾਤਲੋ, ਸੂਰਜ ਕਦੇ ਮਰਿਆ ਨਹੀਂ ।....

### 3)ਵਾਰਸਾਂ ਦੇ ਨਾਂ

ਐਵੇਂ ਭਰਮ ਹੈ ਸਾਡਿਆਂ ਕਾਤਲਾਂ ਨੂੰ,
ਕਿ ਅਸੀਂ ਹੋਵਾਂਗੇ ਦੋ ਜਾਂ ਚਾਰ ਬਾਪੂ ।
ਬਦਲੇ ਲਏ ਤੋਂ ਵੀ ਜਿਹੜੀ ਟੁੱਟਣੀ ਨਾ,
ਏਡੀ ਲੰਮੀ ਹੈ ਸਾਡੀ ਕਤਾਰ ਬਾਪੂ ।

ਸਾਡੇ ਹੱਕਾਂ ਦੀ ਮੱਕੀ ਹੈ ਹੋਈ ਚਾਬੂ,
ਵਿਹਲੜ ਵੱਗ ਨਾ ਖੇਤਾਂ ਵਿਚ ਵੜਨ ਦੇਣਾ ।
ਨਰਮ ਦੋਧਿਆਂ ਦੇ ਸੂਹੇ ਪਿੰਡਿਆਂ ਨੂੰ,
ਅਸੀਂ ਲੁੱਟ ਦਾ ਤਾਪ ਨੀ ਚੜ੍ਹਨ ਦੇਣਾ ।

### 4) ਆਜ਼ਾਦੀ ਦੇ ਨਾਂ

ਹਾਏ ਨੀ ! ਹੀਰ ਅਜ਼ਾਦੀਏ ਬਹਿਲ, ਰੰਨੇ,
ਸਾਨੂੰ ਖੰਧੇ ਚਰਾਇਆਂ ਦਾ ਕੀ ਫਾਇਦਾ ।
ਜੇ ਤੂੰ ਖੇੜੇ ਸਰਦਾਰ ਦੀ ਸੇਜ ਸੌਣਾ
ਸਾਨੂੰ ਕੰਨ ਪੜਵਾਇਆਂ ਦਾ ਕੀ ਫਾਇਦਾ ।

### 5)ਕਿਸ ਨੂੰ ਵਤਨ ਕਹਾਂ

ਹਰ ਥਾਂ ਖ਼ੂਨੋ ਖ਼ੂਨ ਹੈ ਧਰਤੀ
ਹਰ ਥਾਂ ਕਬਰਾਂ ਦੀ ਚੁੱਪ ਵਰਤੀ
ਅਮਨ ਕਿੱਥੇ ਮੈਂ ਦਫ਼ਨ ਕਰੂੰਗਾ
ਮੈਂ ਹੁਣ ਕਿਸਨੂੰ ਵਤਨ ਕਹੂੰਗਾ
ਭੰਨ ਸੁੱਟੀਆਂ ਨਾਨਕ ਦੀਆਂ ਬਾਹਵਾਂ
ਪੁੱਟ ਸੁੱਟੀਆਂ ਸ਼ਿਵ ਦੀਆਂ ਜਟਾਵਾਂ
ਕਿਸ ਨੂੰ ਕਿਸ ਦਾ ਦਮਨ ਕਹੂੰਗਾ
ਮੈਂ ਹੁਣ ਕਿਸਨੂੰ ਵਤਨ ਕਹੂੰਗਾ

ਇਨੀ ਦਿਨੀ ਮਨੂਵਾਦੀ ਇੰਡੀਅਨ ਸਟੇਟ ਅਤੇ ਉਸ ਦੇ ਹੱਥਠੋਕਿਆਂ ਵੱਲੋਂ ਸਮਾਜਿਕ ਬਣਤਰਾਂ ਵਿੱਚ ਤੇੜ ਪਾਉਣ ਦੀ ਸਾਜਿਸ਼ ਰਚੀ ਜਾ ਰਹੀ ਹੈ। ਇਹ ਸੱਚ ਹੈ ਕਿ ਸਮਾਜ ਨੂੰ ਵਰਗਾਂ ਚ ਵੰਡਣ ਲਈ ਮਨੂਵਾਦੀ ਸਮਰਿਤੀ ਜਿੰਮੇਵਾਰ ਹੈ ਅਤੇ ਅੱਜ ਦੀ ਸਟੇਟ ਉਸਦੇ ਨਕਸ਼ੇ ਕਦਮਾਂ 'ਤੇ ਚੱਲ ਰਹੀ ਹੈ, ਪਰ ਇਸ ਦੇ ਉਲਟ ਉਹ ਦੋਸ਼ੀ ਪੰਜਾਬ ਦੇ ਸਾਂਝੇ ਸੱਭਿਆਚਾਰ ਨੂੰ ਠਹਿਰਾ ਰਹੀ ਹੈ। ਅਫਸੋਸ ਹੈ ਕਿ ਪੰਜਾਬ ਵਿਰੋਧੀ ਬਿਰਤਾਂਤ ਦਾ ਸੰਦ ਬਣਨ ਲਈ ਪੰਜਾਬ ਦੇ ਕਲਾਕਾਰ, ਅਖੌਤੀ ਖੱਬੇ ਪੱਖੀ ਲੇਖਕ ਅਤੇ ਫਿਲਮਕਾਰ ਆਦਿ ਇੱਕ ਦੂਜੇ ਤੋਂ ਕਾਹਲੇ ਹਨ। ਇਨੀ ਦਿਨੀਂ ਚਮਕੀਲਾ ਫਿਲਮ ਰਾਹੀਂ ਜੋ ਪੇਸ਼ ਕੀਤਾ ਗਿਆ, ਉਸ ਦਾ ਤੱਥਾਂ ਹੀਣਾ ਤੇ ਇਤਰਾਜ਼ਯੋਗ ਪੱਖ ਇਹ ਵੀ ਹੈ ਕਿ ਚਮਕੀਲੇ ਦਾ ਕਤਲ ਇਸ ਕਰਕੇ ਹੋਇਆ ਕਿਉਂਕਿ ਉਹ ਚਮਾਰ ਸੀ ਅਤੇ ਉਸਨੂੰ ਕਤਲ ਜੱਟਾਂ ਦੇ ਵੱਲੋਂ ਕੀਤਾ ਗਿਆ।

ਕਲਾ ਅਤੇ ਕਲਾਕਾਰ ਨੂੰ ਜਾਤਾਂ ਅਤੇ ਵਰਗਾਂ ਚ ਵੰਡ ਕੇ ਦੇਖਣਾ ਬੇਹਦ ਸ਼ਰਮਨਾਕ ਵਰਤਾਰਾ ਹੈ। ਬ੍ਰਿਟਿਸ਼ ਕਲੰਬੀਆ ਦੇ ਸ਼ਹਿਰ ਬਰਨਵੀ ਵਿੱਚ ਲੱਗੀ ਪ੍ਰਦਰਸ਼ਨੀ ਓਵਰਕਾਸਟ ਵਿੱਚ ਹੋਰ ਹੀ ਬਿਰਤਾਂਤ ਸਿਰਜਿਆ ਗਿਆ ਕਿ ਚਮਕੀਲੇ ਦੀ ਪਤਨੀ ਅਮਰਜੋਤ ਜੱਟਾਂ ਦੀ ਧੀ ਸੀ, ਜਿਸ ਕਾਰਨ ਜੱਟਾਂ ਦੇ ਵੱਲੋਂ ਚਮਕੀਲੇ ਨੂੰ ਨਿਸ਼ਾਨਾ ਬਣਾਇਆ ਗਿਆ, ਬੇਸ਼ੱਕ ਥੱਲੇ ਕਹਿ ਦਿੱਤਾ ਗਿਆ ਇਹ ਅਫਵਾਹਾਂ ਹਨ। ਜਦੋਂ ਕਿ ਇਹ ਸੱਚ ਹੈ ਕਿ ਚਮਕੀਲੇ ਦੀ ਅਸ਼ਲੀਲ ਗਾਇਕੀ ਦਾ ਮਸਲਾ ਹਮੇਸ਼ਾ ਵਿਵਾਦਾਂ ਵਿੱਚ ਰਿਹਾ, ਨਾ ਕਿ ਮਸਲਾ ਉਸ ਦੇ ਦਲਿਤ ਹੋਣ ਦਾ ਜਾਂ ਜੱਟਾਂ ਦਾ ਉਸਦੇ ਵਿਰੁੱਧ ਹੋਣ ਦਾ ਰਿਹਾ। ਕਿਧਰੇ ਵੀ ਜੱਟਾਂ ਨੇ ਚਮਕੀਲੇ ਨੂੰ ਮਾੜਾ ਨਹੀਂ ਕਿਹਾ, ਬਲਕਿ ਸਾਰੇ ਅਖਾੜੇ ਜੱਟਾਂ ਵੱਲੋਂ ਲਗਾਏ ਗਏ ਅਤੇ ਚਮਕੀਲੇ ਨੂੰ ਮੁਕਾਮ 'ਤੇ ਪਹੁੰਚਾਉਣ ਲਈ ਸਹਿਯੋਗ ਵਧੇਰੇ ਕਰਕੇ ਜੱਟਾਂ ਵੱਲੋਂ ਹੀ ਹੋਇਆ। ਮੈਨੂੰ ਯਾਦ ਆਉਂਦਾ ਹੈ ਸੁਰਿੰਦਰ ਸ਼ਿੰਦਾ ਨੂੰ ਇੱਕ ਵਾਰ ਮੀਡੀਆਕਾਰ ਨੇ ਪੁੱਛਿਆ ਕਿ ਤੁਸੀਂ ਜੱਟਾਂ ਦੇ ਇਨੇ ਗੀਤ ਕਿਉਂ ਗਾਉਂਦੇ ਹੋ, ਤਾਂ ਦਲਿਤ ਬਰਾਦਰੀ ਨਾਲ ਸੰਬੰਧ ਸੁਰਿੰਦਰ ਸ਼ਿੰਦਾ ਕਹਿਣ ਲੱਗਿਆ, "ਕਿਉਂ ਨਾ ਗਾਵਾਂ? ਸਾਨੂੰ ਰੋਟੀ ਜੱਟਾਂ ਨੇ ਦਿੱਤੀ ਹੈ!"

ਅੰਦਰ ਜੇਕਰ ਹੰਕਾਰ ਹੈ, ਤਾਂ ਬਹੁਤ ਬੁਰਾ ਹੈ। ਜੱਟ ਦੇ ਘਰ ਜੰਮਣਾ ਮਾੜਾ ਨਹੀਂ, ਜੱਟਵਾਦ ਮਾੜਾ ਹੈ। ਜੇ ਅਸਲੀਅਤ ਵਿੱਚ ਦੇਖੀਏ, ਤਾਂ ਪੰਜਾਬੀਅਤ ਦੀ ਜਿਸ ਸਾਂਝ ਨੂੰ ਕਿ ਤੋੜਨ ਦੀ ਕੋਸਸ਼ਿ ਕੀਤੀ ਜਾ ਰਹੀ ਹੈ, ਉਸ ਬਾਰੇ ਪੰਜਾਬੀ ਦੇ ਮਹਾਨ ਲਿਖਾਰੀ ਸੰਤ ਰਾਮ ਉਦਾਸੀ ਨੇ ਜੋ ਗੀਤ ਲਿਖਿਆ, ਉਹ ਅੱਜ ਵੀ ਇਸ ਸਾਂਝ ਦਾ ਪੁਲ ਬਣ ਰਿਹਾ ਹੈ ਕਿ ਕਿਵੇਂ ਆਰਥਿਕ ਤੰਗੀ ਵਿੱਚ ਇੱਕ ਜੱਟ ਸੀਰੀ ਦੇ ਗਲ ਲੱਗ ਕੇ ਰੋ ਰਿਹਾ ਹੈ ਅਤੇ ਕਿਵੇਂ ਉਹ ਆਪਣੇ ਕਿਰਤੀ ਸੀਰੀ ਪੁੱਤ ਜੱਗੇ ਨੂੰ ਤੰਗਲੀ ਲਿਆ ਕੇ ਕਰਮਾਂ ਨੂੰ ਫਰੋਲਣ ਦੀ ਗੱਲ ਕਹਿ ਰਿਹਾ ਹੈ। ਅੱਜ ਸੰਤ ਰਾਮ ਉਦਾਸੀ ਵਰਗੇ ਅਜਿਹੇ ਮਹਾਨ ਸ਼ਾਇਰ ਚਾਹੀਦੇ ਹਨ, ਜੋ ਸਮਾਜ ਨੂੰ ਜੋੜਨ, ਨਾ ਕਿ ਤੋੜਨ ;

"ਗ਼ਲ ਲੱਗ ਕੇ ਸੀਰੀ ਦੇ ਜੱਟ ਰੋਵੇ, ਬੋਹਲਾਂ ਵਿਚੋਂ ਨੀਰ ਵਗਿਆ।
ਓ!ਲੈ ਆ ਤੰਗਲ਼ੀ ਨਸੀਬਾਂ ਨੂੰ ਫਰੋਲੀਏ, ਤੂੜੀ ਵਿਚੋਂ ਪੁੱਤ ਜੱਗਿਆ।
ਸਾਡੇ ਪਿੜ ਵਿਚ ਤੇਰੇ ਗਲ ਚੀਥੜੇ ਨੀ, ਮੇਰੀਏ ਜਵਾਨ ਕਣਕੇ।
ਕੱਲ੍ਹ ਸ਼ਾਹਾਂ ਦੇ ਗੋਦਾਮਾਂ ਵਿਚੋਂ ਨਿਕਲੇਂ, ਤੂੰ ਸੋਨੇ ਦਾ ਪਟੋਲਾ ਬਣ ਕੇ।
ਤੂੰ ਵੀ ਬਣ ਗਿਆ ਗ਼ਮਾਂ ਦਾ ਗੁਮੰਤਰੀ, ਓ ਮੇਰੇ ਬੇਜ਼ੁਬਾਨ ਢੱਗਿਆ..
ਸਾਡਾ ਘੁੱਟੀਂ-ਘੁੱਟੀਂ ਤੇਲ ਖ਼ੂਨ ਪੀ ਗਿਆ,
ਤੇ ਖਾਦ ਖਾ ਗਈ ਹੱਡ ਖਾਰ ਕੇ।
ਬੋਲੇ ਬੈਂਕ ਦੀ ਤਕਾਵੀ ਵਹੀ ਅੰਦਰੋਂ, ਬਈ ਬੋਹਲ ਨੂੰ ਖੰਘੂਰਾ ਮਾਰ ਕੇ।
ਸਾਨੂੰ ਬਿਜਲੀ ਝੰਜੋੜਾ ਏਨਾ ਮਾਰਿਆ, ਕਿ ਸੱਧਰਾਂ ਨੂੰ ਲਾਂਬੂ ਲੱਗਿਆ..
ਨੀ ਧੀਏ! ਕਿਹੜੇ ਨੀ ਭੜੋਲੇ ਵਿਚ ਡੱਕ ਲਾਂ, ਮੈਂ ਤੇਰੀਆਂ ਜਵਾਨ ਸੱਧਰਾਂ।
ਵੱਢ ਖਾਣੀਆਂ ਸੱਸਾਂ ਦਾ ਰੂਪ ਧਾਰਿਆ, ਹੈ ਸਾਡੀਆਂ ਸਮਾਜੀ ਕਦਰਾਂ।
ਧੀਏ! ਕਿਹੜੇ ਮੈਂ ਨਜੂਮੀਆਂ ਨੂੰ ਪੁੱਛ ਲਾਂ,
ਕਿਉਂ ਚੰਨ ਨੂੰ ਸਰਾਪ ਲੱਗਿਆ?..
ਸੁੱਕੇ ਜਾਣ ਨਾ ਬੋਹਲਾਂ ਦਾ ਮਾਰ ਮਗਰਾ, ਜੋ ਮਾਰਦੇ ਨੇ ਜਾਂਦੇ ਚਾਂਗਰਾਂ।
ਅੱਕ ਝੱਖੜਾਂ ਨੇ ਤੂੜੀ ਨੂੰ ਬਖੇਰਿਆ, ਹੈ ਖੇਤਾਂ 'ਚ ਬਰੂਦ ਵਾਂਗਰਾਂ।
ਹੁਣ ਸਾਡਿਆਂ ਹੀ ਹੱਥਾਂ ਨੇ ਹੀ ਚੋਵਣਾ, ਜੋ ਮਿਹਨਤਾਂ ਨੂੰ ਮਾਖੋਂ ਲੱਗਿਆ..
ਓ!ਲੈ ਆ ਤੰਗਲ਼ੀ ਨਸੀਬਾਂ ਨੂੰ ਫਰੋਲੀਏ, ਤੂੜੀ ਵਿਚੋਂ ਪੁੱਤ ਜੱਗਿਆ।"


ਲੇਡੀਜ਼ ਸੰਗੀਤ, ਜਾਗੋ, ਮਾਈਆਂ, ਵਿਆਹ, ਜਨਮਦਿਨ ਜਾਂ ਹੋਰ ਕਿਸੇ ਵੀ ਖੁਸ਼ੀ ਮੌਕੇ 'ਤੇ ਪਰਿਵਾਰਕ ਸੱਭਿਆਚਾਰਕ ਪ੍ਰੋਗਰਾਮਾਂ ਲਈ ਸੰਪਰਕ ਕਰੋ



ਚਰਨਜੀਤ ਕੌਰ (ਪੰਜਾਬੀ ਫੋਕ ਸਿੰਗਰ)
306-861-5876
306-891-5441
Email : devicharno35@gmail.com
Follow charanjeet_861

ਟਰੱਕ ਡਰਾਇਵਰਾਂ ਦੀ ਲੋੜ

8 ਤੋਂ 10 ਹਜ਼ਾਰ ਡਾਲਰ ਕਮਾਓ

TLX ਟਰਾਂਸਪੋਰਟ ਲਿਮਟਿਡ, ਟਰੱਕ ਕੰਪਨੀ ਨੂੰ ਵੈਨਕੂਵਰ ਤੋਂ ਪ੍ਰਿੰਸ ਜਾਰਜ ਰੂਟ 'ਤੇ ਚੱਲਣ ਲਈ ਤਜਰਬੇਕਾਰ ਡਰਾਇਵਰਾਂ ਦੀ ਲੋੜ ਹੈ। ਚਾਹਵਾਨ 2 ਸਾਲ ਤੋਂ ਵੱਧ ਦਾ ਤਜਰਬਾ ਰੱਖਦਾ ਹੋਵੇ ਅਤੇ ਉਸ ਦਾ ਡਰਾਈਵਰਵਿੰਗ ਰਿਕਾਰਡ ਸਾਫ਼ ਹੋਣਾ ਚਾਹੀਦਾ ਹੈ। 8000 ਤੋਂ 10000 ਡਾਲਰ ਪ੍ਰਤੀ ਮਹੀਨਾ ਤਨਖਾਹ ਸਮੇਤ ਮੈਡੀਕਲ ਲਾਭ ਵੀ ਦਿੱਤੇ ਜਾਣਗੇ।

ਵਧੇਰੇ ਜਾਣਕਾਰੀ ਲਈ
778-982-3900 ਜਾਂ 604-751-1408
ਫੋਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪ੍ਰੋ. ਪੂਰਨ ਸਿੰਘ ਦੇ 'ਜਪੁ' ਜੀ ਅਨੁਵਾਦ

**ਡਾ. ਜਸਵਿੰਦਰ ਸਿੰਘ, ਅਸਿਸਟੈਂਟ ਪ੍ਰੋਫ਼ੈਸਰ**

**ਸੰਪਰਕ : 8146258800**

ਪ੍ਰੋ. ਪੂਰਨ ਸਿੰਘ (1881-1931) ਵੀਹਵੀਂ ਸਦੀ ਦਾ ਪ੍ਰਮੁਖ ਏਸ਼ੀਆਈ-ਚਿੰਤਕ ਹੈ, ਜਿਸਨੇ ਸਾਹਿਤ ਅਤੇ ਅਨੁਭਵ ਦੇ ਜਗਤ ਦੀਆਂ ਸਿਰਜਣਾਤਮਕ ਰਚਨਾਵਾਂ ਕਰਨ ਤੋਂ ਇਲਾਵਾ ਦਰਸ਼ਨ, ਕਾਵਿ-ਸ਼ਾਸ਼ਤਰ, ਸਭਿਆਚਾਰ, ਰਾਜਨੀਤੀ, ਸਮਾਜਕ ਵਰਤਾਰੇ, ਸੰਗੀਤ, ਚਿਤਰਕਾਰੀ, ਆਰਥਿਕਤਾ ਅਤੇ ਵਿਗਿਆਨ ਆਦਿ ਖੇਤਰਾਂ ਵਿਚ ਸਿੱਕੇਬੰਦ ਗਿਆਨਾਤਮਕ-ਨਿਸ਼ਾਨਦੇਹੀਆਂ ਕੀਤੀਆਂ ਹਨ। ਪੂਰਨ ਸਿੰਘ ਤੋਂ ਪਹਿਲਾਂ ਅਰਨੈਸਟ ਟਰੰਪ ਨੇ 1877 ਵਿਚ ਅਤੇ ਐਮ. ਏ. ਮੈਕੌਲਿਫ ਨੇ 1899 ਵਿਚ 'ਜਪੁ' ਬਾਣੀ ਦੇ ਅੰਗਰੇਜ਼ੀ ਭਾਸ਼ਾ ਵਿਚ ਅਨੁਵਾਦ ਕੀਤੇ ਪਰ ਉਹਨਾਂ ਦੁਆਰਾ 'ਜਪੁ' ਬਾਣੀ ਦੇ ਕੀਤੇ ਅਨੁਵਾਦਾਂ ਤੋਂ ਸਿੱਖ-ਵਿਦਵਾਨ ਸੰਤੁਸ਼ਟ ਨਹੀਂ ਸਨ। ਡਾ. ਟਰੰਪ ਅਤੇ ਮੈਕੌਲਿਫ ਦੁਆਰਾ ਕੀਤੇ ਅਨੁਵਾਦ ਪੂਰਬਵਾਦ/ਬਸਤੀਵਾਦ ਦੇ ਪ੍ਰਵਚਨ ਨਾਲ ਜੁੜੇ ਹੋਏ ਸਨ, ਜੋ ਕਿ "ਯੂਰਪੀ ਗਿਆਨਵਾਦ" ਤੋਂ ਮੁਕਤ ਨਹੀਂ ਸਨ। ਪੂਰਬਵਾਦ ਪੱਛਮੀ ਚਿੰਤਨ ਦੁਆਰਾ ਘੜਿਆ ਗਿਆ ਵਿਸ਼ੇਸ਼ ਚਿੰਤਨ-ਪ੍ਰਬੰਧ ਸੀ, ਜਿਸ ਦੁਆਰਾ ਪੱਛਮੀ ਸਾਮਰਾਜ/ਸਤਾ ਦੀ ਸਦੈਵ ਸਥਾਪਤੀ ਅਤੇ ਪੂਰਬ ਦੇ ਗਿਆਨ-ਪ੍ਰਬੰਧ ਨੂੰ ਨਿਮਨ ਅਤੇ ਨਿਸ਼ਚਤ ਕਰਨ ਦੀ ਕੋਸ਼ਿਸ਼ ਕੀਤੀ ਗਈ।

ਬਸਤੀਵਾਦ ਅਤੇ ਬਸਤੀਵਾਦੀ ਰਾਜਨੀਤੀ ਨੂੰ ਪਿਛਲੇ ਲੰਬੇ ਸਮੇਂ ਤੋਂ ਵਿਭਿੰਨ ਚਿੰਤਕਾਂ ਨੇ ਇਸਦੇ ਕਈ ਪਹਿਲੂਆਂ ਤੋਂ ਸਮਝਣ ਦੀ ਕੋਸ਼ਿਸ਼ ਕੀਤੀ ਹੈ ਅਤੇ ਅਧਿਐਨ ਦੇ ਨਿਸ਼ਕਰਸ਼ ਵਜੋਂ ਇਹ ਸਥਾਪਤ ਹੋ ਗਿਆ ਹੈ ਕਿ ਬਸਤੀਵਾਦ ਦਾ ਵਰਤਾਰਾ ਇਕ ਧਿਰ ਦੁਆਰਾ ਦੂਜੀ ਧਿਰ ਨੂੰ ਕੇਵਲ ਰਾਜਨੀਤਿਕ ਤੌਰ 'ਤੇ ਗ਼ੁਲਾਮ ਕਰਨਾ ਹੀ ਨਹੀਂ ਸੀ/ਹੈ ਬਲਕਿ ਇਸ ਤੋਂ ਵੀ ਵਧੇਰੇ ਖੇਤਰੀ ਲੋਕਾਂ ਦੇ ਸਗਲ ਜੀਵਨ ਨਾਲ ਜੁੜੇ ਗਿਆਨ-ਪ੍ਰਬੰਧਾਂ ਨੂੰ ਵੀ ਇਕ ਖ਼ਾਸ ਵਿਆਖਿਆ ਰਾਹੀਂ ਨਿਸ਼ਚਤ ਕਰਨਾ ਹੈ ਤਾਂਕਿ ਸੱਤਾਧਾਰੀ ਲੋਕਾਂ ਦਾ ਧਰਮ ਅਤੇ ਜੀਵਨ ਬਸਤੀ-ਨਿਵਾਸੀਆਂ ਦਾ ਪਰਮ-ਉਦੇਸ਼ ਅਤੇ ਅਭਿਲਾਸ਼ਾ ਬਣ ਸਕੇ। ਬਸਤੀਵਾਦੀ, ਜਿਸ ਗਿਆਨ ਨੂੰ ਲੈ ਕੇ ਵੱਖ-ਵੱਖ ਧਰਤੀਆਂ 'ਤੇ ਗਏ, ਉਸਦਾ ਮੁਖ ਆਧਾਰ ਪੱਛਮੀ ਗਿਆਨਵਾਦ ਸੀ, ਜਿਸ ਵਿਚ ਤਰਕ ਦੇ ਨੁਕਤੇ ਤੋਂ 'ਮੁਕਤੀ' ਦਾ ਵਾਅਦਾ ਸ਼ਾਮਲ ਸੀ। ਦੂਜੀ ਗੱਲ, ਇਹ ਗਿਆਨਵਾਦ ਇਤਿਹਾਸ ਦੇ ਲਕੀਰੀ/ਰੇਖਕੀ ਪਾਸਾਰ 'ਤੇ ਨਿਰਭਰ ਸੀ, ਜਿਸ ਕਰਕੇ ਇਸਦਾ ਚਿੰਤਨ ਮੂਲ ਰੂਪ ਵਿਚ ਇਕਤਰਫ਼ਾ ਹੋ ਜਾਂਦਾ ਹੈ, ਜਿਸ ਵਿਚ ਇਹ ਕਿਸੇ ਹੋਰ ਗਿਆਨ ਦੀ ਸ਼ਮੂਲੀਅਤ ਨੂੰ ਪ੍ਰਵਾਨ ਨਹੀਂ ਕਰਦਾ। ਹੋਰਨਾਂ ਬਸਤੀਆਂ ਦੀ ਤਰ੍ਹਾਂ ਪੰਜਾਬ ਵਿਚ ਇਸ ਮਾਡਲ ਦਾ ਅਸਰ ਪਿਆ, ਜਿਸ ਕਰਕੇ ਇਸ ਧਰਤੀ ਦੇ ਲੋਕ ਆਪਣੇ ਹੀ ਗਿਆਨ-ਪ੍ਰਬੰਧ ਅਤੇ ਮੂਲ-ਚਿੰਤਨ ਪ੍ਰਤੀ ਸੁਹਿਰਦ ਨਾ ਰਹਿ ਸਕੇ ਅਤੇ ਪ੍ਰਮਾਣਿਕ ਅਤੇ ਅਪ੍ਰਮਾਣਿਕ ਪ੍ਰਸ਼ਨਾਂ ਵਿਚ ਉਲਝ ਗਏ। ਬਸਤੀਵਾਦੀ ਚਿੰਤਨ ਨੇ ਬਸਤੀਆਂ ਦੇ ਮੂਲ-ਚਿੰਤਨ ਨੂੰ ਕਿਸ ਤਰ੍ਹਾਂ ਪ੍ਰਭਾਵਤ ਅਤੇ ਖੰਡਿਤ ਕੀਤਾ, ਇਸਦੇ ਅਧਿਐਨ ਲਈ ਬਰਨਾਰਡ ਐਸ.ਕੋਹਨ, ਐਸ.ਐਨ.ਬਾਲਗੰਗਾਧਰਾ ਅਤੇ ਅਰਵਿੰਦਪਾਲ ਸਿੰਘ ਮੰਡੇਰ ਦੀਆਂ ਲਿਖਤਾਂ ਵਾਚੀਆਂ ਜਾ ਸਕਦੀਆਂ ਹਨ।

ਜੋਨਾਥਨ ਸਮਿਥ, ਤਲਾਲ ਅਸਾਦ ਅਤੇ ਡੇਨੀਅਲ ਡਿਊਬਿਯੂਸਨ ਚਿੰਤਕਾਂ ਦੇ ਅਧਿਐਨ ਦਸਦੇ ਹਨ ਕਿ ਯੋਰਪੀ ਗਿਆਨ ਨੇ ਵਿਭਿੰਨ ਪ੍ਰਵਰਗਾਂ ਦੀ ਰਾਜਨੀਤਕ ਸਥਾਪਤੀ ਨਾਲ ਬਸਤੀ-ਨਿਵਾਸੀਆਂ ਦੇ ਮੂਲ-ਗਿਆਨ ਵਿਚ ਸਥਾਪਤੀ ਕੀਤੀ ਅਤੇ ਖੇਤਰੀ ਗਿਆਨ ਨੂੰ ਸੀਮਤ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਵਿਚ "ਰਿਲੀਜਨ" ਦੇ ਪ੍ਰਵਰਗ ਨੂੰ ਪ੍ਰਮੁਖ ਰੂਪ ਵਿਚ ਸਥਾਪਤ ਕੀਤਾ ਗਿਆ। ਪੀਟਰ ਗੋਸ਼ਕ ਬਸਤੀਵਾਦੀ-ਗਿਆਨਾਤਮਕ ਪ੍ਰਬੰਧ ਨੂੰ ਹਿੰਸਕ ਵਰਤਾਰਾ ਮੰਨਦਾ ਹੈ, ਜਿਸ ਵਿਚ ਕਿਸੇ ਧਰਤੀ ਦੇ ਮੂਲ ਚਿੰਤਨ ਨੂੰ ਵਿਗਿਆਨਕ ਆਧਾਰ ਰਾਹੀਂ ਅਧਿਐਨ ਕਰਦੇ ਹੋਏ ਇਕ-ਪਰਤੀ ਦਿਸ਼ਾ ਵਿਚ ਸਿਧਾ ਲਿਆ ਜਾਂਦਾ ਹੈ ਅਤੇ ਕੁਝ ਸਿੱਟਿਆਂ ਵਿਚ ਨਿਸ਼ਚਤ ਕਰ ਦਿਤਾ ਜਾਂਦਾ ਹੈ। ਇਸ ਵਰਤਾਰੇ ਵਿਚ ਅਨੁਵਾਦ ਦਾ ਅਨੁਸ਼ਾਸ਼ਨ ਵੀ ਰਾਜਨੀਤਕ-ਮਨਸ਼ਾ ਕਰਕੇ ਸਥਾਪਤ ਹੋਇਆ। ਅਨੁਵਾਦ ਚਿੰਤਨ ਦੇ ਵਰਤਮਾਨ ਪ੍ਰਸੰਗ ਵਿਚ ਸਭ ਤੋਂ ਪਹਿਲਾ ਨੁਕਤਾ ਇਹ ਹੈ ਕਿ ਅਨੁਵਾਦ ਅਤੇ ਰਾਜਨੀਤੀ ਆਪਸ ਵਿਚ ਇਕਸੁਰ ਹਨ। ਅਨੁਵਾਦ ਨੂੰ ਅਜੋਕੇ ਸਮੇਂ ਵਿਚ ਰਾਜਨੀਤੀ ਤੋਂ ਭਿੰਨ ਕਰਕੇ ਵੇਖਣਾ ਗਿਆਨਾਤਮਕ-ਚਿੰਤਨ ਦੀ ਰਾਜਨੀਤੀ ਨੂੰ ਨਾ ਸਮਝਣਾ ਹੈ। ਅਨੁਵਾਦ-ਅਭਿਆਸ ਵਿਚ ਕਿਸੇ ਇਕ ਭਾਸ਼ਾ ਦਾ ਦੂਸਰੀ ਭਾਸ਼ਾ ਵਿਚ ਚਲੇ ਜਾਣਾ ਹੀ ਨਹੀਂ ਹੁੰਦਾ ਬਲਕਿ ਇਸ ਨਾਲ ਕਿਸੇ ਇਕ ਭਾਸ਼ਾ ਦੇ ਚਿੰਨ੍ਹਾਂ ਨੂੰ ਦੂਸਰੀ ਭਾਸ਼ਾ ਵਿਚ ਸਥਾਪਤ ਕਰ ਦੇਣਾ ਸੂਖ਼ਮ ਰਾਜਨੀਤੀ ਦਾ ਹਿੱਸਾ ਹੈ। ਅਨੁਵਾਦ ਵਿਚ ਸਥਾਪਤ ਰਾਜਨੀਤੀ ਦਾ ਵੱਡਾ ਅਸਰ ਹੁੰਦਾ ਹੈ, ਜੋ ਕਿ ਪੇਚੀਦਾ ਅਤੇ ਬਾਰੀਕ ਵੀ ਹੈ ਅਤੇ ਸੰਘਣੀ ਵੀ। ਇਸ ਲਈ, ਇਸ ਉਪਰ ਸਰਸਰੀ ਧਿਆਨ ਨਹੀਂ ਕੀਤਾ ਜਾ ਸਕਦਾ। ਜੇਕਰ ਸੱਤਾਧਾਰੀ ਪ੍ਰਵਚਨ 'ਚ ਵਰਤੀ ਜਾ ਰਹੀ ਭਾਸ਼ਾ ਵਿਚ ਕੋਈ ਅਨੁਵਾਦ ਹੁੰਦਾ ਹੈ ਤਾਂ ਹੋ ਸਕਦਾ ਹੈ ਕਿ ਉਸ ਵਿਚ ਨਿਰਸਤਾ ਦੇ ਪਾਠ ਦੀ ਆਤਮਾ ਦੀ ਸ਼ੁਧਤਾ ਨੂੰ ਨਾ ਰਖਿਆ ਜਾ ਸਕੇ। ਅਜਿਹਾ ਅਭਿਆਸ ਚੇਤੰਨ ਰੂਪ ਵਿਚ ਹੁੰਦਾ ਹੈ ਕਿਉਂਕਿ ਇਸ ਨਾਲ ਸਥਾਪਤ ਕੀਤੇ ਜਾ ਰਹੇ ਮਹਾਂ-ਪ੍ਰਵਚਨ ਦੇ ਟੁੱਟਣ ਦੇ ਆਸਾਰਾਂ ਨੂੰ ਘਟ ਤੋਂ ਘਟ ਕਰਨਾ ਹੁੰਦਾ ਹੈ ਤਾਂਕਿ ਸਥਾਪਤ ਸੱਤਾ ਅਤੇ ਉਸਦੇ ਪ੍ਰਵਚਨ ਨੂੰ ਬਰਕਰਾਰ ਰੱਖਿਆ ਜਾ ਸਕੇ।

ਪ੍ਰੋ. ਪੂਰਨ ਸਿੰਘ ਉਪਰੋਕਤ ਰਾਜਨੀਤੀ ਅਤੇ ਬਸਤੀਵਾਦੀ ਪ੍ਰਵਚਨ ਨੂੰ ਆਪਣੇ ਸਮੇਂ ਵਿਚ ਸਮਝਣ ਵਾਲਾ ਪ੍ਰਮੁਖ ਚਿੰਤਕ ਹੈ, ਜਿਸਨੇ 'ਜਪੁ' ਬਾਣੀ ਦੇ ਅੰਗ੍ਰੇਜ਼ੀ ਭਾਸ਼ਾ ਵਿਚ ਦੋ ਅਨੁਵਾਦ ਕੀਤੇ ਅਤੇ ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਕਈ ਬਾਣੀਆਂ ਦਾ ਅਨੁਵਾਦ ਕੀਤਾ। ਇਹਨਾਂ ਅਨੁਵਾਦਾਂ ਵਿਚ ਉਸਨੇ ਇਹ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਕਿ ਬਾਣੀ ਨਾ-ਅਨੁਵਾਦ ਕੀਤੇ ਜਾਣ ਵਾਲੀ ਹੈ ਭਾਵ ਬਾਣੀ ਦੀ ਇਕ-ਪਰਤੀ ਵਿਆਖਿਆ ਸੰਭਵ ਨਹੀਂ ਹੈ। ਬਾਣੀ 'ਅਕਾਲੀ ਵਸਤ' ਹੈ, ਜਿਸਨੂੰ ਕਾਲ ਅਤੇ ਸਥਾਨ ਦੀ ਨਿਸ਼ਚਿਤਤਾ ਵਿਚ ਸੀਮਤ ਨਹੀਂ ਕੀਤਾ ਜਾ ਸਕਦਾ। ਇਸ ਕਰਕੇ ਬਾਣੀ ਦੀ ਕਿਸੇ ਵੀ ਕਾਲ/ਸਮੇਂ ਵਿਚ ਵਿਆਖਿਆ ਕਰਨ ਲਈ ਸਿਖ-ਅਨੁਭਵ ਦੀ ਨਿਸ਼ਚਤ ਕਾਲ 'ਚ ਪਸਰੀ ਚੇਤਨਾ ਨਾਲ ਲਗਾਤਾਰ ਸੰਬੰਧ ਬਣਾਉਣੇ ਪੈਣਗੇ। ਕਾਲ ਦੀ ਤੋਰ ਲਗਾਤਾਰ ਮਨੁਖੀ ਚੇਤਨਾ ਵਿਚ ਨਵੇਂ ਪ੍ਰਸ਼ਨ ਅਤੇ ਸਮਸਿਆਵਾਂ ਪੈਦਾ ਕਰਦੀ ਹੈ, ਜਿਸਦੀ ਸਮਝ ਲਈ ਸਿਖ-ਅਨੁਭਵ 'ਚੋਂ ਲਗਾਤਾਰ ਵਿਆਖਿਆਵਾਂ ਦਾ ਹੁੰਦੇ ਰਹਿਣਾ ਜਰੂਰੀ ਹੈ ਕਿਉਂਕਿ ਕੋਈ ਇਕ ਵਿਆਖਿਆ ਸਿਖ-ਅਨੁਭਵ ਦੇ ਸਗਲੇ ਪਾਸਾਰਾਂ ਨੂੰ ਪ੍ਰਗਟ ਨਹੀਂ ਕਰ ਸਕਦੀ। ਇਹ ਵਿਆਖਿਆ ਦੀ ਸੀਮਾ ਹੋਣ ਦੇ ਨਾਲ-ਨਾਲ ਇਕ ਪ੍ਰਾਪਤੀ ਵੀ ਹੈ ਕਿਉਂਕਿ ਸੀਮਾ ਹੀ ਕਿਸੇ ਕਾਰਜ ਨੂੰ ਪ੍ਰਗਟ ਅਤੇ ਰੂਪਮਾਨ ਕਰ ਸਕਦੀ ਹੈ। ਇਸ ਤੋਂ ਬਿਨਾਂ ਕਿਸੇ ਵੀ ਲਿਖਤ ਦਾ ਪੈਦਾ ਹੋਣਾ ਵੀ ਮੁਸ਼ਕਿਲ ਕਾਰਜ ਹੈ।

ਪੂਰਨ ਸਿੰਘ ਅਨੁਸਾਰ 'ਜਪੁ' ਬਾਣੀ ਦਾ ਸਦਾ ਲਈ ਇਕ ਹੀ ਅਨੁਵਾਦ, ਅਸੰਭਵ ਹੈ, ਕਿਉਂਕਿ ਇਸ ਵਿਚ ਅਨੰਤ ਬ੍ਰਹਿਮੰਡ ਇਕਠੇ ਘੁੰਮ ਰਹੇ ਹਨ। ਪੂਰਨ ਸਿੰਘ ਦਾ ਚਿੰਤਨ ਪ੍ਰਮੁਖ ਰੂਪ ਵਿਚ ਗਿਆਨ, ਸੁਹਜ ਅਤੇ ਅਧਿਆਤਮਕਤਾ ਦੇ ਆਪਸੀ ਰਿਸ਼ਤਿਆਂ ਵਿਚੋਂ ਪੈਦਾ ਹੁੰਦਾ ਹੈ। ਉਸਦੀ ਲਿਖਤ ਵਿਚ ਦੋ ਮੁਖ ਸਿਧਾਂਤਕ ਧੁਰੇ 'ਅਨੁਭਵ' ਅਤੇ 'ਅਹਿਸਾਸ' ਹਨ, ਜਿਨ੍ਹਾਂ ਨੂੰ ਉਹ 'ਵਿਚਾਰ' ਦੇ ਸਿਧਾਂਤ ਤੋਂ ਉਪਰ ਮੰਨਦਾ ਹੈ। 'ਜਪੁ' ਬਾਣੀ ਦਾ ਰੋਜ਼ਾਨਾ ਪਾਠ ਕੀਤਾ ਜਾਂਦਾ ਹੈ, ਜੋ ਕਿ ਹਰ ਵਾਰ ਨਵਾਂ ਹੈ। ਇਸ ਕਰਕੇ ਪੂਰਨ ਸਿੰਘ 'ਜਪੁ' ਬਾਣੀ ਨੂੰ ਵਾਰ-ਵਾਰ ਅਨੁਵਾਦ ਕਰਨਾ ਚਾਹੁੰਦਾ ਹੈ ਤਾਂਕਿ ਕਾਲ ਵਿਚ ਪਸਰੀ ਚੇਤਨਾ ਦੇ ਆਪਣੇ ਅਧਿਆਤਮਕ-ਸ੍ਰੋਤ ਨਾਲ ਮਿਲਣ ਅਤੇ ਉਸ ਵਿਚੋਂ ਪ੍ਰਗਟ ਹੁੰਦੇ ਅਹਿਸਾਸਾਂ ਨੂੰ ਦੱਸ ਸਕੇ ਕਿ ਇਹ ਹਰ ਵਾਰ ਨਵੇਂ ਅਤੇ ਮਉਲਦੇ ਹੋਏ ਹੁੰਦੇ ਹਨ। ਆਪਣੇ ਕੀਤੇ ਅਨੁਵਾਦ ਬਾਰੇ ਉਹ ਕਹਿੰਦਾ ਹੈ ਕਿ "ਹੋ ਸਕਦਾ ਹੈ ਕਿ ਤੁਸੀਂ ਕਹੋ ਕਿ ਇਹ ਅਨੁਵਾਦ ਨਹੀਂ ਹੈ। ਸਚਮੁਚ ਹੀ, ਇਹ ਨਹੀਂ ਹੈ ਬਲਕਿ ਇਹ ਉਹ ਅਨੰਤ ਕੀਤੇ ਗਏ ਪਾਠਾਂ ਵਿਚੋਂ ਇਕ ਹੈ"। ਇਸ ਤਰ੍ਹਾਂ ਪੂਰਨ ਸਿੰਘ ਅਨੁਵਾਦ ਦੇ ਬਸਤੀਵਾਦੀ ਨਿਸ਼ਚਤ ਚੌਖ਼ਟੇ ਵਿਚ ਅਨੁਵਾਦ ਕਰਨ ਨੂੰ ਸਹਿਮਤ ਵਿਖਾਈ ਨਹੀਂ ਦਿੰਦਾ ਬਲਕਿ ਸਿਖ-ਅਨੁਭਵ ਦੇ ਨੁਕਤੇ ਤੋਂ ਉਹ 'ਪਾਠ' ਦਾ ਮੌਲਿਕ ਪ੍ਰਵਰਗ ਉਸਾਰਦਾ ਹੈ, ਜੋ ਕਿ ਬਸਤੀਵਾਦੀ-ਰਾਜਨੀਤਿਕ-ਗਿਆਨਾਤਮਕ ਪ੍ਰਬੰਧ ਤੋਂ ਮੁਕਤ ਮੁਹਾਵਰਾ ਸਿਰਜਦਾ ਹੈ। ਉਹ 'ਜਪੁ' ਬਾਣੀ ਦੀ ਵਿਆਖਿਆ ਇਕਹੈਰੇ ਦ੍ਰਿਸ਼ਟੀਕੋਣ ਤੋਂ ਨਾ ਕਰਕੇ ਇਸਦੀ ਵਿਸ਼ਵ-ਵਿਆਪੀ ਸੰਦਰਭ ਵਿਚ ਵਿਆਖਿਆ ਕਰਦਾ ਹੈ। ਉਸ ਲਈ ਬਾਣੀ ਦੀ ਤਾਸੀਰ ਦਾ ਅਨੁਭਵ ਕਿਸੇ ਨਿਸ਼ਚਤ, ਸਥਾਨਕ ਅਤੇ ਮਨੋਵਿਗਿਆਨਕ ਪ੍ਰਭਾਵ ਤੋਂ ਮੁਕਤ ਹੈ, ਜਿਸ ਕਰਕੇ ਉਹ ਬਾਣੀ ਦੀ ਵਿਆਖਿਆ ਨੂੰ ਬਹੁ-ਦਿਸ਼ਾਵੀ ਪਰਿਪੇਖ ਤੋਂ ਕਰਦਾ ਹੈ।੧ਓ ਿਦੀ ਵਿਆਖਿਆ ਉਹ "ਈ ਸ ੌਨਏ.੍ਹ ਈ ਸ ਟਹਏ ਢਿਰਸਟ.੍ਹ ਈ ਸ ੳਲਲ ਟਹੳਟਿ ਸ" ਕਰਦਾ ਹੈ, ਜੋ ਕਿ ਬਸਤੀਵਾਦੀ ਚਿੰਤਨ ਤੋਂ ਮੁਕਤ ਵਿਆਖਿਆ ਹੈ। ਇਸ ਅਨੁਸਾਰ ਅਕਾਲਪੁਰਖ਼/ਵਾਹਿਗੁਰੂ ਇਕ ਵੀ ਹੈ, ਆਦਿ ਵੀ ਹੈ ਅਤੇ ਸਭ ਕਿਛੁ ਵੀ ਹੈ ਭਾਵ ਉਸਨੂੰ ਕਾਲ ਅਤੇ ਸਥਾਨ ਦੀ ਇਕਪਰਤੀ ਚੇਤਨਾ ਅਧੀਨ ਤਸੱਵਰ ਨਹੀਂ ਕੀਤਾ ਜਾ ਸਕਦਾ।





ਪੂਰਨ ਸਿੰਘ ਦੁਆਰਾ ਕੀਤੇ ਅਨੁਵਾਦ ਕਿਸੇ ਸ਼ਬਦ ਦੇ ਸਾਧਾਰਨ ਅਰਥਾਂ ਤਕ ਮਹਿਦੂਦ ਨਾ ਹੋ ਕੇ ਸਗੋਂ ਸਿੱਖ-ਅਨੁਭਵ ਦੀਆਂ ਸਿਮਰਨਮਈ ਪਰਤਾਂ ਨੂੰ ਖੋਲਣ ਦੀ ਸਮਰੱਥਾ ਵਾਲੇ ਹਨ, ਜਿਸ ਵਿਚ ਆਪਹੁਦਰੇ ਅਤੇ ਮਨੋਵਿਗਿਆਨਕ ਅੰਸ਼ਾਂ ਦੇ ਜਜਬਾਤੀ ਉਲਾਰਾਂ ਦੀ ਥਾਂ ਕਿਰਤਮਈ-ਅਨੁਭਵ ਦੀ ਵਿਆਖਿਆ ਪੈਦਾ ਹੁੰਦੀ ਹੈ। 'ਜਪੁ' ਬਾਣੀ ਦੇ ਅੰਤਲੇ ਸਲੋਕ ਦੀ ਵਿਆਖਿਆ ਦਸਦੀ ਹੈ ਕਿ ਪੂਰਨ ਸਿੰਘ ਦਾ ਗਿਆਨਾਤਮਕ-ਅਨੁਭਵ ਉਹਨਾਂ ਪਾਸਾਰਾਂ ਨਾਲ ਇਕਮਿਕ ਸੀ, ਜਿਥੇ ਕਿਸੇ ਵੀ ਚਿੰਨ੍ਹ ਦੀ ਆਤਮਾ ਅਤੇ ਗਿਆਨਾਤਮਕ-ਦਿਭਤਾ ਨੂੰ ਸਹਿਜ ਨਾਲ ਆਤਮਸਾਤ ਕੀਤਾ ਜਾ ਸਕਦਾ ਸੀ ਅਤੇ ਦੂਜੇ ਪਾਸੇ ਉਹ ਇੰਨਾ ਚੇਤੰਨ ਸੀ ਕਿ ਉਸ ਅਨੁਸਾਰ ਸਿਖ-ਅਨੁਭਵ ਦੀ ਮੌਲਿਕਤਾ ਦੇ ਸੰਕਲਪਾਂ ਜਿਵੇਂ ਕਿ ਧਿਆਨ ਅਤੇ ਨਾਮ ਆਦਿ ਦੀ ਸਾਧਾਰਨ ਵਿਆਖਿਆ ਨਹੀਂ ਕੀਤੀ ਜਾ ਸਕਦੀ ਜਾਂ ਇਹ ਕਿਹਾ ਜਾ ਸਕਦਾ ਹੈ ਕਿ ਨਾਮ ਨੂੰ ਅੰਗਰੇਜ਼ੀ ਭਾਸ਼ਾ ਦੇ 'ਓਮਣ' ਵਿਚ ਉਲਥਾਇਆ ਨਹੀਂ ਜਾ ਸਕਦਾ। ਅਜਿਹਾ ਕਰਨ ਨਾਲ ਨਾਮ ਜਪਣ ਦੀ ਲਗਾਤਾਰਤਾ ਦਾ ਅਨੁਭਵ ਕਿਸੇ ਦੂਜੀ ਭਾਸ਼ਾ ਦੇ ਇਕਪਰਤੀ ਸੰਕਲਪ ਵਿਚ ਗੁਆਚ ਸਕਦਾ ਹੈ। ਪੂਰਨ ਸਿੰਘ ਦੁਆਰਾ 'ਜਪੁ' ਬਾਣੀ ਦੇ ਮੂਲ ਸੰਕਲਪਾਂ ਨੂੰ ਅੰਗਰੇਜ਼ੀ ਭਾਸ਼ਾ ਵਿਚ ਨਾ ਉਲਥਾ ਕੇ ਮੌਲਿਕ ਰੂਪ ਵਿਚ ਰਖਣਾ ਉਸਦਾ ਬਸਤੀਵਾਦੀ-ਰਾਜਨੀਤੀ ਤੋਂ ਚੇਤੰਨ ਹੋਣਾ ਹੈ। ਉਸ ਦੁਆਰਾ 'ਜਪੁ' ਬਾਣੀ ਤੋਂ ਇਲਾਵਾ ਗੁਰਬਾਣੀ ਦੇ ਹੋਰ ਕੀਤੇ ਅਨੁਵਾਦਾਂ ਦੇ ਸਿਧਾਂਤਕ-ਸੂਤਰਾਂ ਦਾ ਸਿਖ/ਪੰਜਾਬੀ ਅਕਾਦਮਕਤਾ ਵਿਚ ਅਧਿਐਨ ਹੋਣਾ ਅਜੇ ਬਾਕੀ ਹੈ, ਜਿਸਦੇ ਅਨੁਸਰਣ/ਅਭਿਆਸ ਨਾਲ ਇਸ ਧਰਤੀ ਦੇ ਮੌਲਿਕ ਪ੍ਰਵਰਗਾਂ ਦੀ ਵਿਸ਼ਵ-ਅਕਾਦਮਕਤਾ ਵਿਚ ਹਾਜ਼ਰੀ ਲਗਵਾਈ ਜਾ ਸਕਦੀ ਹੈ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

ICC Accounting Services Inc.
ICC ACCOUNTING SERVICES INC.






ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
604-597-0991, 778-895-7444
1-800-732-0519
: icc.accounting@yahoo.ca
: www.iccaccounting.com
: 8740 - 140A St., Surrey, BC V3W 0M4
Gurnek Bangar
(Pasla)

# ਵਿਸਾਖੀ ਅਤੇ ਇਨਕਲਾਬ

ਲਿਖਤ : ਐਡਵੋਕੇਟ ਦਰਸ਼ਨ ਸਿੰਘ ਰਿਆੜ

ਦੇਸੀ ਮਹੀਨੇ ਵਿਸਾਖ ਦੀ ਸੰਗਰਾਂਦ ਦਾ ਦਿਨ ਵਿਸਾਖੀ ਦੇ ਤਿਉਹਾਰ ਵਜੋਂ ਪ੍ਰਚਲਿਤ ਹੈ। ਕਿਉਂਕਿ ਭਾਰਤ ਖੇਤੀਬਾੜੀ ਪ੍ਰਧਾਨ ਦੇਸ਼ ਹੈ, ਇਸ ਲਈ ਇੱਥੇ ਖੇਤੀਬਾੜੀ ਨਾਲ ਸਬੰਧਤ ਤਿੱਥ ਤਿਉਹਾਰ ਬੜੀ ਸ਼ਿੱਦਤ ਨਾਲ ਮਨਾਏ ਜਾਂਦੇ ਹਨ। ਭਾਰਤ ਦੇ ਬਹੁਤੇ ਤਿਉਹਾਰ ਫਸਲਾਂ ਦੇ ਬੀਜਣ ਅਤੇ ਪੱਕਣ ਭਾਵ ਕਟਾਈ ਦੇ ਮੌਸਮ ਦੇ ਹਿਸਾਬ ਨਾਲ ਹੀ ਬਣੇ ਹਨ। ਦੇਸ਼ ਵਿੱਚ ਹਾੜ੍ਹੀ ਅਤੇ ਸਾਉਣੀ ਦੀਆਂ ਦੋ ਮੁੱਖ ਫਸਲਾਂ ਹੁੰਦੀਆਂ ਹਨ। ਇਹ ਪੁਰਾਤਨ ਸਮੇਂ ਤੋਂ ਇਸੇ ਤਰਤੀਬ ਨਾਲ ਹੀ ਚੱਲ ਰਹੀਆਂ ਹਨ। ਉਂਜ ਤਕਨੀਕ ਦੇ ਵਿਕਸਤ ਹੋਣ ਅਤੇ ਵਿਗਿਆਨਕ ਸੁਖ ਸਹੂਲਤਾਂ ਅਨੁਸਾਰ ਹਾੜ੍ਹੀ ਸਾਉਣੀ ਦੇ ਸਮੇਂ ਤੋਂ ਬਿਨਾਂ ਵੀ ਕਈ ਫਸਲਾਂ ਦੀ ਬਿਜਾਈ ਤੇ ਕਟਾਈ ਚੱਲਦੀ ਹੀ ਰਹਿੰਦੀ ਹੈ। ਪੌਲੀ ਹਾਊਸ ਵਿਕਸਤ ਹੋਣ ਨਾਲ ਹੁਣ ਬਹੁਤੀਆਂ ਸਬਜ਼ੀਆਂ ਆਪਣੇ ਸਮੇਂ ਤੋਂ ਬਿਨਾਂ ਵੀ ਉਗਾਈਆਂ ਜਾਣ ਲੱਗ ਪਈਆਂ ਹਨ। ਬਦਲਾਵ ਦਾ ਇਹ ਚੱਕਰ ਹੀ ਇਨਕਲਾਬ ਕਹਾਉਂਦਾ ਹੈ। ਵਿਸਾਖ ਦਾ ਮਹੀਨਾ ਉਂਜ ਵੀ ਗਰਮੀ ਦੇ ਮੌਸਮ ਦੀ ਸ਼ੁਰੂਆਤ ਹੁੰਦੀ ਹੈ। ਸਰਦੀ ਰੁੱਤ ਦੇ ਅਕਤੂਬਰ ਨਵੰਬਰ ਦੇ ਮਹੀਨੇ ਬੀਜੀ ਗਈ ਕਣਕ, ਛੋਲੇ, ਮਸਰ, ਸਰ੍ਹੋਂ ਆਦਿ ਦੀ ਫਸਲ ਗਰਮੀ ਸ਼ੁਰੂ ਹੋਣ ਨਾਲ ਪੱਕ ਕੇ ਕਟਾਈ ਲਈ ਤਿਆਰ ਹੋ ਜਾਂਦੀ ਹੈ। ਰੁੱਤ ਬਦਲੀ ਵੀ ਇਨਕਲਾਬ ਭਾਵ ਪਹਿਲੀ ਹਾਲਤ ਦੇ ਬਦਲਨ ਦਾ ਸੰਕੇਤ ਹੁੰਦਾ ਹੈ। ਇਹ ਤਬਦੀਲੀ ਵੀ ਕੁਦਰਤ ਦਾ ਹੀ ਇੱਕ ਅਜੀਬ ਨਿਯਮ ਹੈ। ਇਹ ਜ਼ਰੂਰੀ ਵੀ ਹੈ ਕਿਉਂਕਿ ਜੇ ਹਾਲਤ ਨਾ ਬਦਲਣ ਤਾਂ ਖੜੋਤ ਵਾਲੀ ਅਵਸਥਾ ਮਨੁੱਖੀ ਜੀਵਨ ਵਿੱਚ ਨਿਰਾਸ਼ਾ ਭਰ ਦਿੰਦੀ ਹੈ। ਜ਼ਿੰਦਗੀ ਚੱਲਦੇ ਰਹਿਣ ਦਾ ਨਾਮ ਹੈ। ਇੱਕ ਥਾਂ ਖੜ੍ਹਾ ਰਹਿਣ ਨਾਲ ਤਾਂ ਪਾਣੀ ਵੀ ਮੁਸ਼ਕ ਮਾਰਨ ਲੱਗ ਜਾਂਦਾ ਹੈ, ਜਿਸ ਨੂੰ ਕੁਦਰਤ ਨੇ ਇਨਸਾਨ ਲਈ ਬਹੁਤ ਪਵਿੱਤਰ ਬਣਾਇਆ ਹੈ। ਸਿੱਖ ਧਰਮ ਦੇ ਪਹਿਲੇ ਗੁਰੂ ਬਾਬਾ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਦੀ ਬਾਣੀ ਵਿੱਚ ਇਸ ਨੂੰ ਪਿਤਾ ਦਾ ਦਰਜਾ ਦਿੱਤਾ ਹੈ। ਅਰਥਾਤ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" ਕਿਹਾ ਹੈ। ਇਹ ਕੁਦਰਤੀ ਸੋਮੇ ਸਾਂਭਣੇ ਮਨੁੱਖ ਦਾ ਮੁਢਲਾ ਅਤੇ ਅਹਿਮ ਫਰਜ਼ ਸਨ, ਜਿਨ੍ਹਾਂ ਤੋਂ ਅਵੇਸਲਾ ਹੋ ਕੇ ਮਨੁੱਖ ਨੇ ਆਪਣਾ ਸਮੁੱਚਾ ਚੌਗਿਰਦਾ ਪ੍ਰਦੂਸ਼ਿਤ ਕਰ ਲਿਆ ਹੈ। 'ਆਪੇ ਫਾਥੜੀਏ ਤੈਨੂੰ ਕੌਣ ਛਡਾਵੇ' ਦੇ ਮੁਹਾਵਰੇ ਵਾਂਗ ਪਿਛਲੇ ਦੋ ਸਾਲ ਕਰੋਨਾ ਵਰਗੀ ਭਿਆਨਕ ਮਹਾਂਮਾਰੀ ਦਾ ਸ਼ਿਕਾਰ ਹੋਣ ਤੋਂ ਬਾਦ ਮਨੁੱਖ ਨੂੰ ਹੁਣ ਆਪਣੀ ਗਲਤੀ ਦਾ ਅਹਿਸਾਸ ਹੋਇਆ ਹੈ। ਇਸ ਵਾਰ ਸੱਤ ਅਪਰੈਲ ਦਾ ਦਿਨ ਜੋ ਸਿਹਤ ਨੂੰ ਵਿਸ਼ਵ ਪੱਧਰ 'ਤੇ ਸਮੱਰਪਿਤ ਹੈ, ਵਿਸ਼ਵ ਸਿਹਤ ਸੰਘ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਹੋਏ ਉਪਰੋਕਤ ਅਕੀਦੇ ਨੂੰ ਧਿਆਨ ਵਿੱਚ ਰੱਖਦੇ ਹੋਏ ਕੁਦਰਤੀ ਵਸੀਲਿਆਂ ਅਤੇ ਢੰਗ ਤਰੀਕਿਆਂ ਅਨੁਸਾਰ ਸਿਹਤ ਨੂੰ ਬਚਾਉਣ ਦੀ ਪ੍ਰੇਰਨਾ ਨਾਲ ਮਨਾਇਆ ਗਿਆ ਹੈ। ਦੇਰ ਆਏ ਦਰੁਸਤ ਆਏ, ਜੇ ਹੁਣ ਵੀ ਮਨੁੱਖ ਸੰਭਲ ਜਾਵੇ, ਬੇਲੋੜੇ ਲੜਾਈ ਝਗੜਿਆਂ ਵਿੱਚ ਉਲਝਣ ਦੀ ਥਾਂ ਜੇ ਕੁਦਰਤੀ ਵਾਤਾਵਰਣ ਨੂੰ ਬਚਾਉਣ ਲੱਗ ਪਵੇ ਤਾਂ ਧਰਤੀ ਅਤੇ ਇਸ ਉੱਪਰ ਰਹਿਣ ਵਾਲੇ ਜੀਵਾਂ ਦਾ ਜੀਵਨ ਬਚ ਸਕਦਾ ਹੈ। ਨਹੀਂ ਤਾਂ ਜਿਸ ਤੇਜ਼ੀ ਨਾਲ ਧਰਤੀ ਦਾ ਤਾਪਮਾਨ ਵਧ ਰਿਹਾ ਹੈ, ਤਾਪਮਾਨ ਦੀ ਇਹ ਤਬਦੀਲੀ ਮਨੁੱਖੀ ਬਰਦਾਸ਼ਤ ਤੋਂ ਬਾਹਰ ਹੋ ਜਾਵੇਗੀ ਅਤੇ ਜਨਜੀਵਨ ਨੂੰ ਖਤਰਾ ਪੈਦਾ ਹੋ ਜਾਵੇਗਾ। ਰੁੱਤਾਂ ਅਤੇ ਮੌਸਮਾਂ ਦਾ ਬਦਲਾਵ ਤਾਂ ਹਰ ਸਾਲ ਹੀ ਆਉਂਦਾ ਹੈ ਪਰ 1699 ਦੀ ਵਿਸਾਖੀ ਦਾ ਤਿਉਹਾਰ ਜੋ ਉਸ ਵੇਲੇ ਦੇ ਭਾਰਤ ਦੇ ਪੰਜਾਬ ਦੀ ਧਰਤੀ ਉੱਪਰ ਅਨੰਦਪੁਰ ਸਹਿਬ ਵਿਖੇ ਮਨਾਇਆ ਗਿਆ ਸੀ, ਇੱਕ ਨਵੇਕਲਾ ਅਤੇ ਇਨਕਲਾਬੀ ਸੀ। ਉਸ ਸਮੇਂ ਭਾਰਤਵਰਸ਼ ਉੱਪਰ ਔਰੰਗਜ਼ੇਬ ਬਾਦਸ਼ਾਹ ਦਾ ਰਾਜ ਸੀ। ਉਸਦੇ ਰਾਜ ਵਿੱਚ ਜਬਰੀ ਧਰਮ ਤਬਦੀਲੀ ਦੀ ਬੜੀ ਚਰਚਾ ਸੀ। ਕਸ਼ਮੀਰੀ ਪੰਡਿਤਾਂ ਨੇ ਔਰੰਗਜ਼ੇਬ ਦੇ ਜ਼ੁਲਮ ਤੋਂ ਬਚਣ ਲਈ ਉਸ ਵੇਲੇ ਦੇ ਸਿੱਖ ਗੁਰੂ, ਗੁਰੂ ਤੇਗ ਬਹਾਦਰ ਜੀ ਨੂੰ ਫਰਿਆਦ ਕੀਤੀ ਸੀ। ਪਰ ਔਰੰਗਜ਼ੇਬ ਬਾਦਸ਼ਾਹ ਨੇ ਆਪਣਾ ਰੋਅਬ ਕਾਇਮ ਰੱਖਣ ਤੇ ਦੁਨੀਆਂ ਨੂੰ ਡਰਾਉਣ ਲਈ 1675 ਈਸਵੀ ਵਿੱਚ ਦਿੱਲੀ ਦੇ ਚਾਂਦਨੀ ਚੌਕ ਵਿੱਚ ਉਹਨਾਂ ਨੂੰ ਸ਼ਹੀਦ ਕਰ ਦਿੱਤਾ ਸੀ। ਬਾਲ ਗੋਬਿੰਦ ਰਾਇ, ਜਿਨ੍ਹਾਂ ਦੀ ਉਮਰ ਉਸ ਸਮੇਂ ਕੇਵਲ ਨੌਂ ਸਾਲ ਦੀ ਸੀ, ਉਹਨਾਂ ਨੇ ਗੁਰਗੱਦੀ ਸੰਭਾਲ ਕੇ ਲਿਤਾੜੇ ਹੋਏ ਲੋਕਾਂ ਨੂੰ ਨਵੀਂ ਰੂਹ ਫੂਕ ਕੇ ਬਹਾਦਰ ਬਣਾਉਣ ਲਈ 24 ਸਾਲ ਬਾਦ ਵਿਸਾਖੀ ਦੇ ਬਦਲਦੇ ਮੌਸਮ ਨੂੰ ਇਨਕਲਾਬ ਨਾਲ ਸਰਸ਼ਾਰ ਕਰ ਦਿੱਤਾ। ਜਾਤ-ਪਾਤ ਅਤੇ ਊਚ-ਨੀਚ ਦਾ ਭੇਦਭਾਵ ਮਿਟਾ ਕੇ, ਖੰਡੇ ਬਾਟੇ ਦਾ ਅਮ੍ਰਿਤ ਛਕਾ ਕੇ ਉਹਨਾਂ ਨੇ ਵੱਖ ਵੱਖ ਵਰਗਾਂ ਵਿੱਚੋਂ ਸੂਰਬੀਰਾਂ ਦੀ ਚੋਣ ਕਰਕੇ ਉਹਨਾਂ ਨੂੰ ਸਿੰਘ ਸਜ਼ਾ ਕੇ, ਪੰਜ ਪਿਆਰਿਆਂ ਵਜੋਂ ਸਨਮਾਨਿਆ। ਫਿਰ ਉਹਨਾਂ ਕੋਲੋਂ ਆਪ ਅਮ੍ਰਿਤ ਛਕ ਕੇ ਆਪ ਵੀ ਗੋਬਿੰਦ ਸਿੰਘ ਬਣ ਗਏ। ਇਤਿਹਾਸ ਵਿੱਚ ਕ੍ਰਾਂਤੀਕਾਰੀ ਤਬਦੀਲੀ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਦੇ ਇਸ ਮਹਾਨ ਦਿਨ 'ਆਪੇ ਗੁਰ ਚੇਲਾ' ਦੀ ਮਹਾਨ ਪ੍ਰੰਪਰਾ ਕਾਇਮ ਕੀਤੀ। ਉਹਨਾਂ ਪੰਜ ਪਿਆਰਿਆਂ ਨੇ ਗੁਰੂ ਜੀ ਦੀ ਛਤਰ ਸਾਇਆ ਹੇਠ ਸਮਾਜ ਵਿੱਚੋਂ ਜਬਰ ਤੇ ਜ਼ੁਲਮ ਵਿਰੁੱਧ ਮੁਹਿੰਮ ਚਲਾਈ।

ਇਤਿਹਾਸਕਾਰਾਂ ਅਨੁਸਾਰ ਉਸ ਵੇਲੇ ਦੀ ਵਿਸਾਖੀ ਦਾ ਤਿਉਹਾਰ 30 ਮਾਰਚ ਨੂੰ ਮਨਾਇਆ ਗਿਆ ਸੀ। ਸਮੇਂ ਦੀ ਗਤੀ ਅਨੁਸਾਰ ਦਿਨ ਵੀ ਅੱਗੇ ਚੱਲਦੇ ਜਾ ਰਹੇ ਹਨ। ਤੇਰਾਂ ਅਪਰੈਲ 1919 ਦਾ ਦਿਨ ਵੀ ਭਾਰਤ ਦੇ ਇਤਿਹਾਸ ਵਿੱਚ ਇੱਕ ਵੱਡੀ ਦੁਰਘਟਨਾ ਵਜੋਂ ਜਾਣਿਆ ਜਾਂਦਾ ਹੈ, ਜਦੋਂ ਅਮ੍ਰਿਤਸਰ ਦੇ ਜੱਲ੍ਹਿਆਂ ਵਾਲੇ ਬਾਗ ਵਿੱਚ ਪੰਜਾਬ ਦੇ ਬਜ਼ੁਰਗ ਤੇ ਨੌਜਵਾਨ ਇਸ ਮੇਲੇ ਵਾਲੇ ਦਿਨ ਇੱਕ ਸ਼ਾਂਤਮਈ ਸਭਾ ਕਰਕੇ ਉਸ ਵੇਲੇ ਦੀ ਅੰਗਰੇਜ਼ ਸਰਕਾਰ ਦੇ ਮਨੁੱਖਤਾ ਵਿਰੋਧੀ ਵਿਹਾਰ ਬਾਰੇ ਵਿਚਾਰ ਵਟਾਂਦਰਾ ਕਰ ਰਹੇ ਸਨ। ਉਦੋਂ ਚੁੱਪ ਚਪੀਤੇ ਅੰਗਰੇਜ਼ ਪੁਲਿਸ ਅਫਸਰ ਜਨਰਲ ਡਾਇਰ ਨੇ ਉਹਨਾਂ ਇਕੱਠੇ ਹੋਏ ਲੋਕਾਂ ਉੱਪਰ ਭਾਰੀ ਪੁਲਿਸ ਫੋਰਸ ਨਾਲ ਅੰਨ੍ਹੇ ਵਾਹ ਫਾਇਰਿੰਗ ਕਰਕੇ ਹਜ਼ਾਰਾਂ ਹੀ ਨਿਰਦੋਸ਼ ਲੋਕਾਂ ਦਾ ਕਤਲ ਕਰ ਦਿੱਤਾ ਸੀ। ਦਿਨ ਤਾਂ ਇਹ ਵੀ ਵਿਸਾਖੀ ਦਾ ਹੀ ਸੀ। ਪਰ ਇਸ ਦਿਨ ਜਬਰ ਜ਼ੁਲਮ ਦਾ ਨੰਗਾ ਨਾਚ ਹੋਇਆ ਸੀ। ਤੇ ਦੂਜੇ ਪਾਸੇ 1699 ਦੀ ਵਿਸਾਖੀ ਨੇ ਲੋਕਾਂ ਨੂੰ ਜ਼ਿੰਦਗੀ ਦੇ ਨਵੇਂ ਅਰਥ ਸਮਝਾਏ ਸਨ। ਕੁਦਰਤ ਨੇ ਇਸ ਬ੍ਰਹਿਮੰਡ ਦੀ ਰਚਨਾ ਕਰਕੇ ਇੱਕ ਅਦਭੁਤ ਕਾਰਜ ਕੀਤਾ ਹੈ। ਨਾਲ ਹੀ ਦਿਨ-ਰਾਤ, ਗਰਮੀ ਸਰਦੀ, ਵਰਖਾ ਅਤੇ ਬਹਾਰ ਰੁੱਤ ਵਰਗੇ ਕਿੰਨੇ ਵੱਖਰੇ ਵੱਖਰੇ ਰੰਗੀਨ ਮੌਸਮਾਂ ਦੀ ਸਿਰਜਣਾ ਕੀਤੀ ਹੈ। ਕੁਦਰਤ ਦਾ ਮਨੁੱਖ ਨੂੰ ਸੁਨੇਹਾ ਅਤੇ ਇਸ਼ਾਰਾ ਹੈ ਕਿ ਤਬਦੀਲੀ ਹੀ ਜ਼ਿੰਦਗੀ ਦਾ ਆਗਾਜ਼ ਹੈ। ਪਰ ਇਹ ਬਦਲਾਵ ਜਾਂ ਤਬਦੀਲੀ ਮਨੁੱਖਤਾ ਦੇ ਹਿਤ ਅਤੇ ਸਹੂਲਤਾਂ ਪੈਦਾ ਕਰਨ ਲਈ ਹੋਣੀ ਚਾਹੀਦੀ ਹੈ ਨਾ ਕਿ ਉਸ ਨੂੰ ਤੰਗ ਪ੍ਰੇਸ਼ਾਨ ਕਰਨ ਲਈ। ਅੰਗਰੇਜ਼ ਵਿਸ਼ਵ ਭਰ ਵਿੱਚ ਮਨੁੱਖੀ ਅਧਿਕਾਰਾਂ ਦੇ ਰਾਖੇ ਗਿਣੇ ਜਾਂਦੇ ਹਨ। ਆਪਣੇ ਦੇਸ਼ ਵਿੱਚ ਉਹਨਾਂ ਨੇ ਹਮੇਸ਼ਾ ਆਪਣੇ ਨਾਗਰਿਕਾਂ ਦਾ ਪੂਰਾ ਧਿਆਨ ਰੱਖਿਆ ਹੈ ਪਰ ਸਾਰੇ ਵਿਸ਼ਵ ਨੂੰ ਗੁਲਾਮ ਵੀ ਬਣਾ ਕੇ ਰੱਖਿਆ ਹੈ। ਇੱਕ ਅਜਿਹਾ ਸਮਾਂ ਵੀ ਸੀ ਜਦੋਂ ਅੰਗਰੇਜ਼ਾਂ ਦਾ ਝੰਡਾ ਵਿਸ਼ਵ ਭਰ 'ਤੇ ਝੁੱਲਦਾ ਸੀ ਤੇ ਇਹ ਕਹਾਵਤ ਬਣ ਗਈ ਸੀ ਕਿ ਅੰਗਰੇਜ਼ਾਂ ਦੇ ਰਾਜ ਵਿੱਚ ਸੂਰਜ ਨਹੀਂ ਡੁੱਬਦਾ। ਪਰ ਜਦੋਂ ਹੰਕਾਰ ਵਧਦਾ ਗਿਆ ਤਾਂ ਸਲਤਨਤ ਵੀ ਸੁੰਗੜਦੀ ਗਈ। ਅਮ੍ਰਿਤਸਰ ਦੀ 1919 ਵਾਲੀ ਖੂਨੀ ਵਿਸਾਖੀ ਭਾਰਤ ਵਿੱਚੋਂ ਅੰਗਰੇਜ਼ਾਂ ਦੇ ਰਾਜ ਦੇ ਖਾਤਮੇ ਦੀ ਸ਼ੁਰੂਆਤ ਹੋ ਨਿੱਬੜੀ ਤੇ 1947 ਨੂੰ ਉਹਨਾਂ ਨੂੰ ਭਾਰਤ ਅਜ਼ਾਦ ਕਰਨਾ ਪਿਆ। ਹੁਣ ਤਾਂ ਉਂਜ ਹੀ ਲੋਕਰਾਜ ਪ੍ਰਣਾਲੀ ਅਨੁਸਾਰ ਲੋਕਰਾਜ ਪ੍ਰਚੱਲਤ ਹੈ। ਲਿਆਣਕਾਰੀ ਸਰਕਾਰਾਂ ਦਾ ਦੌਰ ਹੈ ਜੋ ਲੋਕਾਂ ਦੁਆਰਾ ਵੋਟਾਂ ਨਾਲ ਚੁਣੀਆਂ ਜਾਂਦੀਆਂ ਹਨ। ਇਨ੍ਹਾਂ ਸਰਕਾਰਾਂ ਦਾ ਮੁੱਖ ਉਦੇਸ਼ ਆਪਣੇ ਨਾਗਰਿਕਾਂ ਦੇ ਜੀਵਨ ਨੂੰ ਵੱਧ ਤੋਂ ਵੱਧ ਸਹੂਲਤਾਂ ਪ੍ਰਦਾਨ ਕਰਕੇ ਖੁਸ਼ਹਾਲ ਬਣਾਉਣਾ ਹੁੰਦਾ ਹੈ। ਪਰ ਫੇਰ ਵੀ ਕਈ ਵਾਰ ਕਈ ਸਰਕਾਰਾਂ ਤਾਕਤ ਦੇ ਨਸ਼ੇ ਵਿੱਚ ਆਪਣੀਆਂ ਸੀਮਾਵਾਂ ਭੁੱਲ ਜਾਂਦੀਆਂ ਹਨ। ਵੋਟਰ ਭੋਲੇਪਣ ਵਿੱਚ ਬਹੁਤਾ ਨਾ ਸੋਚ ਕੇ ਫਿਰ ਮੌਕਾ ਦੇ ਦਿੰਦੇ ਹਨ। ਪਰ ਜੇ ਫਿਰ ਵੀ ਲੋਕਹਿਤ ਅਣਗੌਲੇ ਜਾਣ ਤਾਂ ਲੋਕ ਜ਼ਿਆਦਾ ਬ੍ਰਦਾਸ਼ਤ ਵੀ ਨਹੀਂ ਕਰਦੇ। ਹੁਣ ਲੋਕ ਪੜ੍ਹ ਲਿਖ ਕੇ ਸਮਝਦਾਰ ਹੋ ਗਏ ਹਨ। ਸੋਸ਼ਲ ਮੀਡੀਏ ਨੇ ਲੋਕਾਂ ਨੂੰ ਆਪਣੇ ਅਧਿਕਾਰਾਂ ਬਾਰੇ ਕਾਫੀ ਸੁਚੇਤ ਕੀਤਾ ਹੈ। ਪਿਛਲੇ ਅਰਸੇ ਦੌਰਾਨ ਸਾਡੇ ਦੇਸ਼ ਦੀ ਰਾਜਧਾਨੀ ਦਿੱਲੀ ਦੀਆਂ ਬਰੂਹਾਂ 'ਤੇ ਸਾਲ ਤੋਂ ਵੀ ਵੱਧ ਸਮੇਂ ਲਈ ਚੱਲਿਆ ਕਿਸਾਨ-ਮਜ਼ਦੂਰ ਸੰਘਰਸ਼, ਜੋ ਜਨ ਅੰਦੋਲਨ ਵਿੱਚ ਬਦਲ ਗਿਆ ਸੀ, ਨੇ ਵੀ ਲੋਕਾਂ ਨੂੰ ਬਹੁਤ ਜਾਗ੍ਰਿਤ ਕੀਤਾ ਹੈ। ਇਹੀ ਕਾਰਨ ਹੈ ਕਿ ਇਸ ਵਾਰ ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵੀ ਇਤਿਹਾਸਕ ਹੋ ਨਿੱਬੜੀਆਂ ਹਨ। ਹਰ ਵੇਰ ਜਦੋਂ ਰੁੱਤ ਬਦਲਦੀ ਹੈ, ਫਸਲ ਪੱਕਦੀ ਹੈ ਤਾਂ ਉਹ ਸਭ ਲਈ ਇੱਕ ਨਵਾਂ ਸੁਨੇਹਾ ਵੀ ਲੈ ਕੇ ਆਉਂਦੀ ਹੈ। ਸਮਾਂ ਹੁਣ ਬਹੁਤ ਮਹੱਤਵ ਪੂਰਨ ਬਣ ਚੁੱਕਾ ਹੈ। ਇਸਦੀ ਮਹੱਤਤਾ ਸਮਝਣ ਵਾਲੇ ਸਫਲ ਹੋ ਜਾਂਦੇ ਹਨ ਅਤੇ ਨਾ ਸਮਝ ਟੱਕਰਾਂ ਮਾਰਨ ਜੋਗੇ ਰਹਿ ਜਾਂਦੇ ਹਨ। ਅੰਗਰੇਜ਼ੀ ਦੀ ਇੱਕ ਕਹਾਣੀ ਦੀ ਬਹੁਤ ਸੋਹਣੀ ਸਿੱਖਿਆ ਸੀ- ਫਾਰਚੂਨ ਟਰਨਜ਼ ਲਾਈਕ ਏ ਵੀਲ, ਇੱਟ ਲਿਫਟਸ ਅੱਪ ਵੰਨ ਐਂਡ ਥਰੋ ਡਾਊਨ ਦਾ ਅਦਰ। ਸਾਲ 2017 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਦੋ ਵਾਰ ਲਗਾਤਾਰ ਸੱਤਾ ਤੋਂ ਬਾਹਰ ਰਹਿਣ ਉਪਰੰਤ ਕਾਂਗਰਸ ਪਾਰਟੀ ਨੂੰ ਲੋਕਾਂ ਨੇ ਵੱਡਾ ਫਤਵਾ ਦਿੱਤਾ ਸੀ। ਭਾਵੇਂ ਇਸ ਵਾਰ ਕਰੋਨਾ ਦੀ ਮਹਾਂਮਾਰੀ ਦਾ ਵੀ ਵੱਡਾ ਅਸਰ ਹੋਇਆ ਸੀ ਪਰ ਫਿਰ ਵੀ ਸਰਕਾਰ ਲੋਕ ਭਾਵਨਾਵਾਂ ਅਨੁਸਾਰ ਖਰੀ ਉੱਤਰਨ ਤੋਂ ਉੱਖੜ ਗਈ ਸੀ। ਫਿਰ ਲੀਡਰਸ਼ਿੱਪ ਵਿੱਚ ਕੀਤਾ ਗਿਆ ਬਦਲਾਅ ਵੀ ਲੋਕਾਂ ਦੇ ਰਾਸ ਨਹੀਂ ਆਇਆ। ਮਹਿੰਗਾਈ, ਬੇਰੋਜ਼ਗਾਰੀ, ਭ੍ਰਿਸ਼ਟਾਚਾਰ ਨੇ ਲੋਕਾਂ ਦਾ ਨੱਕ ਵਿੱਚ ਦਮ ਕਰ ਦਿੱਤਾ ਸੀ। ਸਰਕਾਰ ਲੋਕਾਂ ਤੋਂ ਦੂਰੀ ਬਣਾ ਕੇ ਰੱਖੇ ਤਾਂ ਲੋਕਾਂ ਨੂੰ ਰਾਸ ਨਹੀਂ ਆਉਂਦਾ। ਇਸੇ ਲਈ ਇਸ ਵਾਰ ਲੋਕਾਂ ਨੇ ਸੋਚ ਤੋਂ ਵੀ ਪਰੇ ਬਦਲਾਅ 'ਤੇ ਮੋਹਰ ਲਗਾਈ ਹੈ। ਮਨੁੱਖੀ ਲੋੜਾਂ ਬੜੀ ਬੇਸਬਰੀ ਨਾਲ ਵਧਦੀਆਂ ਜਾ ਰਹੀਆਂ ਹਨ। ਸਾਧਨ ਤੇ ਪੂਰਤੀ ਵਿੱਚ ਪੈ ਰਿਹਾ ਪਾੜਾ ਅਤੇ ਧਨ ਦੀ ਕਾਣੀ ਵੰਡ, ਜਖੀਰੇਬਾਜ਼ੀ ਅਤੇ ਸਰਕਾਰਾਂ ਦਾ ਕਾਰਪੋਰੇਟ ਜਗਤ ਪ੍ਰਤੀ ਵਧਦਾ ਝੁਕਾਅ ਆਮ ਲੋਕਾਂਦੇ ਗਲੇ ਨਹੀਂ ਉੱਤਰਦਾ। ਆਖਰ ਲੋਕਰਾਜੀ ਸਰਕਾਰਾਂ ਲੋਕਾਂ ਨਾਲ ਹੀ ਚੱਲਦੀਆਂ ਹਨ। ਇਨ੍ਹਾਂ ਨੂੰ ਚਾਹੀਦਾ ਹੈ ਕਿ ਮਨੁੱਖੀ ਜੀਵਨ ਸੁਧਾਰਨ ਲਈ ਵੱਧ ਤੋਂ ਵੱਧ ਸਹੂਲਤਾਂ ਦਾ ਜਾਲ ਵਿਛਾ ਕੇ ਲੋਕਾਂ ਦਾ ਜਨ ਜੀਵਨ ਸੁਧਾਰਨ। ਬਦਲਦਾ ਵਾਤਾਵਰਣ, ਵਧਦਾ ਤਾਪਮਾਨ, ਆਲਮੀ ਤਪਸ਼ ਤੇ ਪ੍ਰਦੂਸ਼ਣ ਮਨੁੱਖਤਾ ਦੇ ਗਲੇ ਦੀ ਹੱਡੀ ਬਣਦਾ ਜਾ ਰਿਹਾ ਹੈ। ਤਬਦੀਲੀ ਨੂੰ ਸਮਝ ਕੇ ਸਮੇਂ ਦਾ ਆਦਰ ਕਰਨਾ ਸਮੇਂ ਦੀ ਮੁੱਖ ਲੋੜ ਹੈ। ਰੁੱਤਾਂਦੀ ਅਦਲਾ ਬਦਲੀ, ਮੌਸਮੀ ਤਬਦੀਲੀ ਕਿਤੇ ਨਾ ਕਿਤੇ ਇਨਕਲਾਬ ਦਾ ਇਸ਼ਾਰਾ ਕਰਦੇ ਹਨ, ਜਿਸ ਨੂੰ ਸਮਝ ਕੇ ਚੱਲਣਾ ਬੜਾ ਜ਼ਰੂਰੀ ਹੈ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ

ਲਿਖਤ : ਅਜੈਪਾਲ ਸਿੰਘ ਚਵਿੰਡਾ



ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੁੱਤਰ ਸਨ। ਆਪ ਜੀ ਸਿੱਖਾਂ ਦੇ ਨੌਵੇਂ ਗੁਰੂ ਵੱਜੋਂ ਗੁਰਗੱਦੀ ਉੱਤੇ ਬਿਰਾਜਮਾਨ ਹੋਏ। ਆਪ ਬਚਪਨ ਤੋਂ ਹੀ ਵੈਰਾਗੀ ਅਤੇ ਉਪਰਾਮ ਤਬੀਅਤ ਦੇ ਮਾਲਕ ਸਨ। ਆਪ ਜੀ ਬਾਬਾ ਬਕਾਲਾ ਵਿਖੇ ਸਾਰਾ ਸਮਾਂ ਬਾਣੀ ਸਿਮਰਨ ਅਤੇ ਪ੍ਰਭੂ ਰੰਗ ਵਿਚ ਲੀਨ ਰਹਿੰਦੇ ਸਨ। ਸੰਨ 1664 ਈ. ਵਿਚ ਗੁਰਿਆਈ ਗੁਰਗੱਦੀ ਮਿਲਣ ਉਪਰੰਤ ਆਪ ਨੇ ਆਨੰਦਪੁਰ ਸਾਹਿਬ ਨੂੰ ਸਿੱਖੀ ਪ੍ਰਚਾਰ ਦਾ ਸਥਾਨ ਬਣਾਇਆ ਅਤੇ ਉਥੇ ਰਹਿ ਕੇ ਬਾਣੀ ਦੀ ਰਚਨਾ ਕੀਤੀ।

ਬਚਪਨ ਤੋਂ ਹੀ ਆਪ ਵੈਰਾਗੀ ਸੁਭਾ ਦੇ ਸਨ ਇਸ ਕਾਰਨ ਗੁਰੂ ਜੀ ਦੀਆਂ ਰਚਨਾਵਾਂ ਵਿਚ ਵਧੇਰੇ ਕਰਕੇ ਵੈਰਾਗ ਹੀ ਝਲਕਦਾ ਹੈ ਜਿਵੇਂ-

ਸੋਰਠਿ ਮਹਲਾ 9
ਜੋ ਨਰ ਦੁਖ ਮਹਿ ਦੁਖ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ
ਕੰਚਨ ਮਾਟੀ ਮਾਨੈ॥ਰਹਾਉ॥ (ਆਦਿ ਗ੍ਰੰਥ, ਪੰਨਾ 633)

ਇਕ ਹੋਰ ਉਦਾਹਰਨ ਇਸ ਪ੍ਰਕਾਰ ਹੈ-

ਦੇਵਗੰਧਾਰੀ ਮਹਲਾ 9
ਜਗਤ ਮੈ ਝੂਠੀ ਦੇਖੀ ਪ੍ਰੀਤਿ॥
ਅਪਨੇ ਹੀ ਸੁਖ ਸਿਉ ਸਭ ਲਾਗੇ
ਕਿਆ ਦਾਰਾ ਕਿਆ ਮੀਤ॥ਰਹਾਉ॥
(ਆਦਿ ਗ੍ਰੰਥ, ਪੰਨਾ 536)

ਆਪ ਜੀ ਦੀ ਇਕ ਰਚਨਾ 'ਸਾਧੋ ਮਨ ਕਾ ਮਾਨ ਤਿਆਗਉ' ਸ਼ਬਦ ਨੂੰ ਪੰਡਿਤ ਵਿਸ਼ਨੂੰ ਦਿਗੰਬਰ ਨੇ ਰਾਗ ਮੀਆਂ ਮਲਾਰ ਵਿਚ ਨਿਬੱਧ ਕਰਕੇ ਗਾਇਆ ਹੈ।

ਗੁਰਮਤਿ ਸੰਗੀਤ ਦਾ ਪ੍ਰਚਾਰ ਤੇ ਪਾਸਾਰ-

ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਲਈ ਆਪਣਾ ਮਹਾਨ ਯੋਗਦਾਨ ਪਾਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਿਛੋਂ ਚਾਰ ਪਾਤਸ਼ਾਹੀਆਂ ਮਾਝੇ ਅਤੇ ਦੁਆਬੇ ਵਿਚ ਹੀ ਧਰਮ ਪ੍ਰਚਾਰ ਅਤੇ ਗੁਰਮਤਿ ਸੰਗੀਤ ਦੀ ਜੜ੍ਹ ਪੱਕੀ ਕਰਦੀਆਂ ਰਹੀਆਂ ਸਨ। ਸਿਰਫ ਛੇਵੇਂ ਪਾਤਸ਼ਾਹ ਹੀ ਪੀਲੀਭੀਤ ਤੱਕ ਗਏ ਸਨ। ਸੋ ਮਾਲਵੇ ਬਾਂਗਰ ਆਦਿ ਇਲਾਕਿਆਂ ਵਿਚ ਜਾਣ ਦੀ ਲੋੜ ਗੁਰੂ ਜੀ ਨੇ ਮਹਿਸੂਸ ਕੀਤੀ ਇਸ ਕਰਕੇ ਗੁਰੂ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਨੂੰ ਆਪਣਾ ਪੱਕਾ ਸਥਾਨ ਬਣਾਇਆ ਤੇ ਧਰਮ ਪ੍ਰਚਾਰ ਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਦਾ ਮੁੱਖ ਕੇਂਦਰ ਬਣਾਇਆ।

ਰਾਗ ਅਧੀਨ ਬਾਣੀ ਦੀ ਰਚਨਾ-

ਗੁਰੂ ਜੀ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਲਈ ਰਾਗ ਅਧੀਨ ਬਾਣੀ ਦੀ ਰਚਨਾ ਕੀਤੀ। ਗੁਰੂ ਜੀ ਦੀ ਸਮੁੱਚੀ ਬਾਣੀ ਵਿਚ ਵਿਲੱਖਣਤਾ ਅਤੇ ਮੌਲਿਕਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਆਪ ਜੀ ਦੀ ਬਾਣੀ ਵਿਚ ਸੰਗੀਤਾਤਮਕਤਾ ਦੀ ਨਵੀਂ ਨੁਹਾਰ ਵੀ ਸਾਹਮਣੇ ਆਉਂਦੀ ਹੈ ਅਤੇ ਆਪ ਜੀ ਦੀ ਬਾਣੀ ਵਿਚ ਨਾਸ਼ਮਾਨਤਾ ਤੇ ਰਾਮ ਨਾਮ ਸਿਮਰਨ ਦੇ ਵਿਚਾਰ ਪ੍ਰਬਲ ਹਨ।

ਗੁਰੂ ਜੀ ਨੇ ਕੁਲ 17 ਰਾਗਾਂ ਵਿਚ ਬਾਣੀ ਉਚਰੀ ਜਿਵੇਂ ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਸਾਰੰਗ, ਜੈਜਾਵੰਤੀ ਆਦਿ। ਜੈਜਾਵੰਤੀ ਰਾਗ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹੀ ਆਪਣੀ ਬਾਣੀ ਵਿਚ ਪ੍ਰਯੋਗ ਕੀਤਾ ਹੈ।

ਵੱਖ-ਵੱਖ ਗਾਇਨ ਸ਼ੈਲੀਆਂ ਦਾ ਪ੍ਰਯੋਗ-

ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਹਿੱਤ ਗੁਰੂ ਜੀ ਨੇ ਵੱਖ-ਵੱਖ ਗਾਇਨ ਸ਼ੈਲੀਆਂ ਦਾ ਵੀ ਪ੍ਰਯੋਗ ਕੀਤਾ ਹੈ। ਆਪ ਜੀ ਨੇ ਬਾਣੀ ਨੂੰ ਉਚਾਰਨ ਲਈ ਪਦੇ, ਅਸ਼ਟਪਦੀਆਂ ਆਦਿ ਗੰਭੀਰ ਪ੍ਰਕਿਰਤੀ ਵਾਲੀਆਂ ਗਾਇਨ ਸ਼ੈਲੀਆਂ ਨੂੰ ਅਪਣਾਇਆ ਜਿਨ੍ਹਾਂ ਦਾ ਗੁਰਮਤਿ ਸੰਗੀਤ ਵਿਚ ਬਹੁਤ ਮਹੱਤਵ ਹੈ। ਆਪ ਜੀ ਦੇ ਸੰਬੰਧ ਵਿਚ ਇਹ ਵੀ ਪ੍ਰਚਲਿਤ ਹੈ ਕਿ ਇਕ ਵਾਰੀ ਆਪ ਜੌਨਪੁਰ ਵਿਖੇ ਗਏ ਉਥੇ ਰਾਗੀ ਗੁਰਬਖ਼ਸ਼ ਜੀ ਦੇ ਘਰ ਕੁਝ ਸਮਾਂ ਠਹਿਰੇ ਅਤੇ ਉਸਨੂੰ ਕੀਰਤਨ ਲਈ ਮਿਰਦੰਗ ਸਾਜ਼ ਦੀ ਬਖਸ਼ਿਸ਼ ਕੀਤੀ। ਮਿਰਦੰਗ ਸਾਜ਼ ਗੁਰਦੁਆਰਾ ਸੰਗਤਿ ਮ੍ਰਿਦੰਗਾਵਲੀ ਜੌਨਪੁਰ ਵਿਖੇ ਅੱਜ ਵੀ ਵਿਸ਼ੇਸ਼ ਸਨਮਾਨ ਸਹਿਤ ਸੁਰੱਖਿਅਤ ਪਿਆ ਹੈ।

ਕੀਰਤਨ ਪਰੰਪਰਾ ਨੂੰ ਕਾਇਮ ਰੱਖਣਾ-

ਗੁਰੂ ਜੀ ਨੇ ਆਪਣੇ ਤੋਂ ਪੂਰਵ ਗੁਰੂ ਸਾਹਿਬਾਨਾਂ ਦੁਆਰਾ ਚਲਾਈ ਗਈ ਕੀਰਤਨ ਪਰੰਪਰਾ ਨੂੰ ਕਿਰਿਆਤਮਕ ਤੌਰ ਤੇ ਸੁਰੱਖਿਅਤ ਹੀ ਨਹੀਂ ਰੱਖਿਆ ਸਗੋਂ ਨਿੱਜੀ ਯੋਗਦਾਨ ਦੁਆਰਾ ਪ੍ਰਫੁੱਲਤ ਵੀ ਕੀਤਾ। ਆਪ ਜੀ ਨੇ ਦੀਵਾਨ ਲਗਾਉਣਾ, ਰਾਗ ਅਤੇ ਗਾਇਨ ਸ਼ੈਲੀਆਂ ਅਨੁਸਾਰ ਕੀਰਤਨ ਕਰਨਾ ਗੁਰਮਤਿ ਸੰਗੀਤ ਦੀਆਂ ਪਰੰਪਰਾਵਾਂ ਦੇ ਅੰਤਰਗਤ ਆਉਂਦਾ ਹੈ। ਇਹਨਾਂ ਦੇ ਸਮੇਂ ਵੀ ਸਵੇਰੇ ਆਸਾ ਦੀ ਵਾਰ ਤੇ ਸ਼ਾਮ ਨੂੰ ਸੋਦਰਿ ਦੀ ਚੌਕੀ ਦਾ ਕੀਰਤਨ ਹੁੰਦਾ ਸੀ।

ਸਿੱਖ ਪਰੰਪਰਾਵਾਂ ਦੇ ਅਨੁਸਾਰ ਬਾਣੀ ਦੀ ਰਚਨਾ-

ਪਹਿਲੇ ਗੁਰੂ ਜੀ ਤੋਂ ਲੈ ਕੇ ਜੋ ਪਰੰਪਰਾ ਚੱਲੀ ਆ ਰਹੀ ਸੀ ਜਿਵੇਂ ਰਹਾਉ, ਅੰਕ, ਰਾਗ ਆਦਿ ਨੂੰ ਕਾਇਮ ਰੱਖਦੇ ਹੋਏ ਗੁਰੂ ਜੀ ਨੇ ਵੱਖ-ਵੱਖ ਰਾਗਾਂ ਵਿਚ ਬਾਣੀ ਦੀ ਰਚਨਾ ਕਰਕੇ ਪਹਿਲਾਂ ਚੱਲੀ ਆ ਰਹੀ ਪਰੰਪਰਾ ਦਾ ਅਨੁਸਰਨ ਕੀਤਾ ਜਿਨ੍ਹਾਂ ਦਾ ਗੁਰਮਤਿ ਸੰਗੀਤ ਵਿਚ ਵਿਸ਼ੇਸ਼ ਮਹੱਤਵ ਹੈ।

ਉਪਰੋਕਤ ਵਿਚਾਰਧਾਰਾ ਅਨੁਸਾਰ ਸਪੱਸ਼ਟ ਹੈ ਕਿ ਗੁਰੂ ਜੀ ਨੇ ਵੱਖ-ਵੱਖ ਰਾਗਾਂ ਵਿਚ ਬਾਣੀ ਦਾ ਉਚਾਰਨ ਕੀਤਾ। ਉਹਨਾਂ ਬਾਣੀ ਦੀ ਪ੍ਰਸਤੁਤੀ ਲਈ ਗੁਰਮਤਿ ਸੰਗੀਤ ਪ੍ਰਬੰਧ ਨੂੰ ਕਿਰਿਆਤਮਕ ਰੂਪ ਵਿਚ ਪ੍ਰਫੁੱਲਤ ਕਰਨ ਦਾ ਯਤਨ ਕੀਤਾ। ਉਹਨਾਂ ਗੁਰਮਤਿ ਸੰਗੀਤ ਨੂੰ ਵਿਭਿੰਨ ਰਾਗਾਂ, ਗਾਇਨ-ਸ਼ੈਲੀਆਂ ਅਤੇ ਉਪਕਰਨਾਂ ਸਹਿਤ ਵਿਸਤ੍ਰਿਤ ਅਤੇ ਕਿਰਿਆਤਮਕ ਰੂਪ ਦਿੱਤਾ। ਗੁਰੂ ਜੀ ਨੇ ਸੰਗੀਤ ਦੀ ਦ੍ਰਿਸ਼ਟੀ ਤੋਂ ਬਾਣੀ, ਰਾਗ, ਰਾਗ ਪ੍ਰਯੋਗ, ਵਿਭਿੰਨ ਕੀਰਤਨ ਗਾਇਨ ਸ਼ੈਲੀਆਂ, ਕੀਰਤਨ ਕੇਂਦਰ, ਕੀਰਤਨਕਾਰ, ਸਾਜ਼ ਆਦਿ ਦੇ ਵਿਕਾਸ ਵਿਚ ਜਿਹੜਾ ਯੋਗਦਾਨ ਪਾਇਆ ਉਸ ਦੇ ਫਲਸਰੂਪ ਗੁਰਮਤਿ ਸੰਗੀਤ ਸਾਡੇ ਕੋਲ ਇਕ ਵਡੇਰੀ ਪਰੰਪਰਾ ਵੱਜੋਂ ਵਿਦਮਾਨ ਹੈ। ਇਸ ਦੇ ਨਾਲ ਹੀ ਇਸ ਪਰੰਪਰਾ ਨੂੰ ਪ੍ਰਮਾਣਿਕ ਅਤੇ ਸਥਾਪਿਤ ਰੂਪ ਪ੍ਰਦਾਨ ਕਰਨ ਲਈ ਗੁਰੂ ਜੀ ਨੇ ਇਸ ਨੂੰ ਸਿੱਖੀ ਜੀਵਨ ਦੇ ਰੋਜ਼ਾਨਾ ਅਤੇ ਵਿਸ਼ੇਸ਼ ਕਰ ਸਮਾਗਮ, ਉਤਸਵਾਂ ਆਦਿ ਦਾ ਅਨਿਖੜ ਅੰਗ ਬਣਾ ਕੇ ਸਜੀਵ ਅਤੇ ਵਿਹਾਰਕ ਰੂਪ ਵੀ ਪ੍ਰਦਾਨ ਕੀਤਾ। ਉਕਤ ਚਰਚਾ ਦੇ ਅੰਤਰਗਤ ਵਰਨਿਤ ਵਿਕਾਸ ਸੰਖੇਪ ਰੂਪ ਵਿਚ ਕੀਤਾ ਗਿਆ ਹੈ ਜਿਸ ਕਰਕੇ ਇਸ ਸੰਬੰਧੀ ਵਿਸਤ੍ਰਿਤ ਅਧਿਐਨ ਦੀਆਂ ਅਸੀਮ ਸੰਭਾਵਨਾਵਾਂ ਮੌਜੂਦ ਹਨ।

# ਸ਼ਹਾਦਤ ਗੁਰੂ ਤੇਗ ਬਹਾਦਰ, ਅਤੇ ਮਨੁੱਖੀ ਅਧਿਕਾਰ

**ਡਾ. ਗੁਰਨਾਮ ਕੌਰ, ਕੈਨੇਡਾ**

ਦਸੰਬਰ ਦਾ ਮਹੀਨਾ ਸਿੱਖ ਧਰਮ ਦੇ ਇਤਿਹਾਸ ਵਿਚ ਬਹੁਤ ਹੀ ਮਹੱਤਵ ਰੱਖਦਾ ਹੈ, ਜੋ ਵਾਰ ਵਾਰ ਸਾਨੂੰ ਜਿੱਥੇ ਆਪਣੇ ਇਤਿਹਾਸ ਦੇ ਉਨ੍ਹਾਂ ਪੰਨਿਆਂ ਦੀ ਯਾਦ ਦਿਵਾਉਂਦਾ ਹੈ, ਜੋ ਸ਼ਹਾਦਤਾਂ ਨਾਲ ਭਰੇ ਹੋਏ ਹਨ; ਉਸ ਦੇ ਨਾਲ ਹੀ ਸਾਨੂੰ ਉਨ੍ਹਾਂ ਕੀਮਤਾਂ ਦੀ ਯਾਦ ਨੂੰ ਸਾਡੇ ਚੇਤਿਆਂ ਵਿਚ ਸਦਤਾਜ਼ਾ ਕਰਾਉਂਦਾ ਰਹਿੰਦਾ ਹੈ, ਜੋ ਗੁਰੂਆਂ ਦੀ ਬਖਸ਼ਿਸ਼ ਨਾਲ ਸਾਡਾ ਵਿਰਸਾ ਬਣੀਆਂ ਹਨ। ਦਸੰਬਰ ਦੇ ਠੰਢੇ ਯਖ ਮਹੀਨੇ ਵਿਚ ਗੁਰੂ ਗੋਬਿੰਦ ਸਿੰਘ ਨੇ ਪਰਿਵਾਰ ਅਤੇ ਸਿੰਘਾਂ ਸਮੇਤ ਅਨੰਦਪੁਰ ਦੇ ਕਿਲੇ ਨੂੰ ਛੱਡਿਆ ਸੀ ਅਤੇ ਸਰਸਾ ਨਦੀ ਨੂੰ ਪਾਰ ਕਰਦਿਆਂ ਦੋ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਤੋਂ ਵਿਛੋੜਾ ਪੈ ਗਿਆ ਸੀ।

ਦੋ ਵੱਡੇ ਸਾਹਿਬਜ਼ਾਦਿਆਂ-ਬਾਬਾ ਅਜੀਤ ਸਿੰਘ ਤੇ ਜੁਝਾਰ ਸਿੰਘ ਨੇ ਚਮਕੌਰ ਦੇ ਯੁੱਧ ਵਿਚ ਲੜਦਿਆਂ ਸ਼ਹਾਦਤ ਦਿਤੀ ਅਤੇ ਛੋਟੇ ਸਾਹਿਬਜ਼ਾਦਿਆਂ-ਬਾਬਾ ਫਤਿਹ ਸਿੰਘ ਤੇ ਜੋਰਾਵਰ ਸਿੰਘ ਨੂੰ ਸੂਬਾ ਸਰਹਿੰਦ ਨੇ ਕੰਧਾਂ ਵਿਚ ਚਿਣਾ ਕੇ ਸ਼ਹੀਦ ਕਰ ਦਿੱਤਾ; ਨਾਲ ਹੀ ਮਾਤਾ ਗੁਜਰੀ ਜੀ ਵੀ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਸਨ। ਇਸੇ ਠੰਡੇ ਯਖ ਮਹੀਨੇ ਵਿਚ ਕਿਸਾਨ ਆਪਣੇ ਹੱਕਾਂ ਦੀ ਰਾਖੀ ਅਤੇ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਵਾਪਸ ਕਰਾਉਣ ਲਈ ਦਿੱਲੀ ਵਿਖੇ ਮੋਰਚਿਆ 'ਤੇ ਡਟੇ ਹੋਏ ਹਨ। ਗੁਰੂਆਂ ਨੇ ਸਾਨੂੰ ਸਿਖਾਇਆ ਹੈ ਕਿ ਮਨੁੱਖ ਮਹਿਜ ਆਪਣੀ ਖਾਤਰ ਹੀ ਨਹੀਂ ਜਿਉਂਦਾ, ਸਗੋਂ ਆਪਣੇ ਅਤੇ ਦੂਸਰਿਆਂ ਦੇ ਹੱਕਾਂ ਤੇ ਸਰਬੱਤ ਦੇ ਭਲੇ ਲਈ ਜਿਉਂਦਾ ਵੀ ਹੈ ਅਤੇ ਜੇ ਲੋੜ ਪਵੇ ਤਾਂ ਸ਼ਹਾਦਤ ਵੀ ਦੇ ਸਕਦਾ ਹੈ।


ਗੁਰੂ ਨਾਨਕ ਦੇ ਦਿੱਤੇ ਜੀਵਨ ਦਰਸ਼ਨ ਨੇ ਭਾਰਤ ਦੀ ਸੁੱਤੀ ਹੋਈ ਆਤਮਾ ਨੂੰ ਜਗਾਇਆ ਸੀ; ਮਨੁੱਖੀ ਇਨਸਾਫ, ਬਰਾਬਰੀ, ਸਵੈਮਾਣ, ਆਜ਼ਾਦੀ, ਸਰਬੱਤ ਦੇ ਭਲੇ ਲਈ ਜਿਉਣਾ ਸਿਖਾਇਆ। ਸਿੱਖ ਧਰਮ-ਚਿੰਤਨ ਵਿਚ ਤਾਂ ਮਰਨ ਨੂੰ ਵੀ ਬਹਾਦਰ ਲੋਕਾਂ ਦਾ ਹੱਕ ਅਤੇ ਸੱਚ ਅਰਥਾਤ ਸਫਲ ਮੰਨਿਆ ਗਿਆ ਹੈ। ਗੁਰੂ ਨਾਨਕ ਸਾਹਿਬ ਅਨੁਸਾਰ ਜਿਹੜੇ ਮਨੁੱਖ ਪ੍ਰਵਾਣ ਹੋ ਕੇ ਮਰਦੇ ਹਨ, ਇਨਸਾਫ (ਧਰਮ) ਅਤੇ ਮਨੁੱਖਤਾ ਦੀ ਸੇਵਾ ਲਈ ਮਰਦੇ ਹਨ, ਉਨ੍ਹਾਂ ਦਾ ਮਰਨਾ ਸਫਲ ਮੰਨਿਆ ਜਾਂਦਾ ਹੈ। ਸੂਰਮੇ ਉਨ੍ਹਾਂ ਨੂੰ ਮੰਨਿਆ ਜਾਂਦਾ ਹੈ, ਜਿਨ੍ਹਾਂ ਨੂੰ ਸੱਚੀ ਦਰਗਾਹ ਵਿਚ ਸੱਚੀ ਇੱਜ਼ਤ ਮਿਲਦੀ ਹੈ। ਇਸ ਸੰਸਾਰ ਤੋਂ ਵੀ ਇੱਜ਼ਤ ਕਮਾ ਕੇ ਜਾਂਦੇ ਹਨ ਅਤੇ ਅੱਗੇ ਵੀ ਆਪਣਾ ਮਾਣ, ਆਪਣੀ ਇੱਜ਼ਤ ਕਾਇਮ ਰੱਖਦੇ ਹਨ। ਉਸ ਪਰਵਦਗਾਰ ਨੂੰ ਲਾਸਾਨੀ, ਸਰਵਵਿਆਪਕ ਜਾਣ ਕੇ ਉਸ ਦਾ ਸਿਮਰਨ ਕਰਦੇ ਹਨ ਅਤੇ ਇਸ ਸਿਮਰਨ ਦਾ ਫਲ ਪ੍ਰਾਪਤ ਹੁੰਦਾ ਹੈ। ਉਸ ਦੇ ਸਿਮਰਨ ਨਾਲ ਮਨ ਵਿਚੋਂ ਹਰ ਤਰ੍ਹਾਂ ਦਾ ਭੈ, ਖਾਸ ਕਰਕੇ ਮੌਤ ਦਾ ਭੈ ਦੂਰ ਹੋ ਜਾਂਦਾ ਹੈ। ਗੁਰਬਾਣੀ ਅਨੁਸਾਰ ਜੋ ਮਨੁੱਖ ਉਸ ਇੱਕ ਪਰਵਦਗਾਰ ਦੇ ਭੈ ਵਿਚ ਜਿਉਂਦਾ ਹੈ, ਉਹ ਨਿਰਭਉ ਹੋ ਜਾਂਦਾ ਹੈ, ਉਸ ਨੂੰ ਕਿਸੇ ਹੋਰ ਦਾ ਜਾਂ ਮੌਤ ਦਾ ਭੈ ਨਹੀਂ ਰਹਿੰਦਾ। ਇਸ ਦੇ ਨਾਲ ਹੀ ਹਦਾਇਤ ਇਹ ਵੀ ਕੀਤੀ ਹੈ ਕਿ ਅਹੰਕਾਰ ਨਹੀਂ ਕਰਨਾ, ਕਿਸੇ ਨੂੰ ਉਚਾ ਬੋਲ ਨਹੀਂ ਬੋਲਣਾ, ਆਪਣੇ ਆਪ 'ਤੇ ਸੰਜਮ ਰੱਖਣਾ ਹੈ,

ਮਰਣੁ ਮੁਣਸਾ ਸੂਰਿਆ ਹਕੁ ਹੈ, ਜੋ ਹੋਇ ਮਰਨਿ ਪਰਵਾਣੋ॥
ਸੂਰੇ ਸੇਈ ਆਗੈ ਆਖੀਅਹਿ, ਦਰਗਹ ਪਾਵਹਿ ਸਾਚੀ ਮਾਣੋ॥
ਦਰਗਹ ਮਾਣੁ ਪਾਵਹਿ ਪਤਿ ਸਿਉ, ਜਾਵਹਿ ਆਗੈ ਦੂਖੁ ਨ ਲਾਗੈ॥
ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ, ਜਿਤੁ ਸੇਵਿਐ ਭਉ ਭਾਗੈ॥
ਊਚਾ ਨਹੀ ਕਹਣਾ ਮਨ ਮਹਿ, ਰਹਣਾ ਆਪੇ ਜਾਣੈ ਜਾਣੋ॥
ਮਰਣੁ ਮੁਣਸਾ ਸੂਰਿਆ ਹਕੁ ਹੈ, ਜੋ ਹੋਇ ਮਰਣੁ ਪਰਵਾਣੋ॥

(ਪੰਨਾ 579-80)

ਗੁਰੂ ਤੇਗ ਬਹਾਦਰ ਸਾਹਿਬ ਦਾ ਜਨਮ ਅਪਰੈਲ 1621 ਈਸਵੀ ਨੂੰ ਮਾਤਾ ਨਾਨਕੀ ਅਤੇ ਗੁਰੂ ਹਰਗੋਬਿੰਦ, ਛੇਵੀਂ ਨਾਨਕ ਜੋਤਿ ਦੇ ਗ੍ਰਹਿ ਵਿਖੇ ਹੋਇਆ। ਗੁਰੂ ਹਰਗੋਬਿੰਦ ਸਾਹਿਬ, ਮੀਰੀ-ਪੀਰੀ ਦੇ ਮਾਲਕ ਨੇ ਗੁਰੂ ਨਾਨਕ ਸਾਹਿਬ ਦੇ ਅਧਿਆਤਮਕ ਅਤੇ ਸੰਸਾਰਕ ਜੀਵਨ ਦੀ ਇਕਸੁਰਤਾ ਵਾਲੇ ਸਥਾਪਤ ਕੀਤੇ ਜੀਵਨ ਦਰਸ਼ਨ ਨੂੰ ਅੱਗੇ ਲੈ ਜਾਂਦਿਆਂ, ਸੰਤ ਅਤੇ ਸਿਪਾਹੀ ਦੇ ਸੁਮੇਲ ਦਾ ਪ੍ਰਤੀਕ ਦੋ ਤਲਵਾਰਾਂ ਪਹਿਨੀਆਂ। ਗੁਰੂ ਤੇਗ ਬਹਾਦਰ ਜੀ ਦਾ ਪਹਿਲਾ ਨਾਮ ਤਿਆਗ ਮੱਲ ਸੀ ਅਤੇ ਉਨ੍ਹਾਂ ਦਾ ਮੁਢਲਾ ਜੀਵਨ ਅੰਮ੍ਰਿਤਸਰ ਵਿਚ ਬੀਤਿਆ ਜਿੱਥੇ ਗੁਰੂ ਹਰਗੋਬਿੰਦ ਸਾਹਿਬ ਨੇ ਉਨ੍ਹਾਂ ਦੀ ਸ਼ਾਸਤਰ ਅਤੇ ਸ਼ਸਤਰ ਵਿੱਦਿਆ ਦਾ ਪ੍ਰਬੰਧ ਕੀਤਾ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਦੀ ਰਹਿਨੁਮਾਈ ਵਿਚ ਉਨ੍ਹਾਂ ਨੇ ਗੁਰਮੁਖੀ, ਸੰਸਕ੍ਰਿਤ, ਫਾਰਸੀ ਆਦਿ ਬੋਲੀਆਂ ਦੀ ਉਚੇਰੀ ਸਿੱਖਿਆ ਦੇ ਨਾਲ ਨਾਲ ਧਰਮ ਦਰਸ਼ਨ ਦਾ ਗਿਆਨ ਪ੍ਰਾਪਤ ਕੀਤਾ; ਘੋੜ-ਸਵਾਰੀ, ਤੀਰ ਅੰਦਾਜ਼ੀ ਦੀ ਮੁਹਾਰਤ ਪ੍ਰਾਪਤ ਕੀਤੀ ਅਤੇ ਤਲਵਾਰਬਾਜ਼ੀ ਦੀ ਸਿਖਲਾਈ ਗੁਰੂ ਹਰਗੋਬਿੰਦ ਸਾਹਿਬ ਨੇ ਆਪ ਦਿੱਤੀ।

ਅਕਬਰ ਬਾਦਸ਼ਾਹ ਤੋਂ ਬਾਅਦ ਜਹਾਂਗੀਰ ਵੱਲੋਂ ਦਿੱਲੀ ਦੇ ਤਖਤ ਤੇ ਬੈਠਣ ਉਪਰੰਤ ਮੁਗਲ ਸਲਤਨਤ ਦਾ ਸਿੱਖ ਧਰਮ ਪ੍ਰਤੀ ਰਵੱਈਆ ਸੁਖਾਵਾਂ ਨਹੀਂ ਸੀ ਰਿਹਾ। ਪੰਜਵੇਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਗੁਰੂ ਹਰਗੋਬਿੰਦ ਸਾਹਿਬ ਨੂੰ ਮੁਗਲਾਂ ਨਾਲ ਕਈ ਲੜਾਈਆਂ ਲੜਨੀਆਂ ਪਈਆਂ ਅਤੇ ਬਾਲਕ ਤੇਜ ਮੱਲ ਨੇ ਪਿਤਾ-ਗੁਰੂ ਦੀ ਆਗਿਆ ਨਾਲ ਮਹਿਜ ਤੇਰਾਂ ਸਾਲ ਦੀ ਉਮਰ ਵਿਚ ਕਰਤਾਰਪੁਰ ਵਿਚ ਮੁਗਲਾਂ ਨਾਲ ਹੋਏ ਯੁੱਧ ਵਿਚ ਹਿੱਸਾ ਲਿਆ। ਇਸ ਜੰਗ ਵਿਚ ਉਨ੍ਹਾਂ ਨੇ ਜਿਸ ਦਲੇਰੀ ਅਤੇ ਹੁਸ਼ਿਆਰੀ ਨਾਲ ਦੁਸ਼ਮਣ ਨਾਲ ਲੜਦਿਆਂ ਤਲਵਾਰ ਦੇ ਜੌਹਰ ਦਿਖਾਏ, ਉਸ ਤੋਂ ਹੀ ਉਨ੍ਹਾਂ ਦਾ ਨਾਮ ਤੇਜ ਮੱਲ ਤੋਂ ਤੇਗ ਬਹਾਦਰ (ਤਲਵਾਰ ਦੇ ਧਨੀ) ਹੋ ਗਿਆ। ਕਰਤਾਰਪੁਰ ਦੇ ਨਿਵਾਸ ਦੌਰਾਨ ਹੀ ਉਨ੍ਹਾਂ ਦਾ ਵਿਆਹ 1632 ਈਸਵੀ ਵਿਚ (ਮਾਤਾ) ਗੁਜਰੀ ਜੀ ਨਾਲ ਹੋ ਗਿਆ। ਗੁਰੂ



ਗੁਰਦੁਆਰਾ ਸੀਸਗੰਜ ਸਾਹਿਬ

ਹਰਗੋਬਿੰਦ ਸਾਹਿਬ ਦੇ ਹੁਕਮ ਦੀ ਪਾਲਣਾ ਕਰਦਿਆਂ ਉਨ੍ਹਾਂ ਨੇ ਆਪਣੀ ਮਾਤਾ ਨਾਨਕੀ ਅਤੇ ਪਤਨੀ ਗੁਜਰੀ ਜੀ ਸਮੇਤ ਬਕਾਲੇ ਰਿਹਾਇਸ਼ ਕਰ ਲਈ। ਗੁਰੂ ਹਰਗੋਬਿੰਦ ਸਾਹਿਬ ਨੇ ਸ਼ਿਵਾਲਕ ਪਹਾੜੀਆਂ ਦੇ ਪੈਰਾਂ ਵਿਚ ਨਵਾਂ ਨਗਰ ਕੀਰਤਪੁਰ ਵਸਾਇਆ ਅਤੇ ਇਥੇ ਹੀ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ 1644 ਵਿਚ ਗੁਰਗੱਦੀ ਬਾਬਾ ਗੁਰਦਿੱਤਾ ਜੀ ਦੇ ਪੁੱਤਰ, ਆਪਣੇ ਪੋਤੇ ਹਰਿ ਰਾਏ ਜੀ ਨੂੰ ਸੌਂਪ ਦਿੱਤੀ, ਜਿਨ੍ਹਾਂ ਨੇ ਸੰਗਤਿ ਦੀ ਅਗਵਾਈ 1661 ਈਸਵੀ ਤੱਕ ਕੀਤੀ। ਗੁਰੂ ਆਪ ਜਾਣੀ ਜਾਣ ਸਨ ਅਤੇ ਇਸ ਵਿਚ ਵੀ ਕੋਈ ਮਸਲੀਅਤ ਸੀ, ਜਿਸ ਵਿਚ ਆਉਣ ਵਾਲੇ ਔਖੇ ਵਕਤ ਲਈ ਗੁਰੂ ਤੇਗ ਬਹਾਦਰ ਸਾਹਿਬ ਦੀ ਤਿਆਰੀ ਦਾ ਰਹੱਸ ਛੁਪਿਆ ਹੋਇਆ ਸੀ।

ਗੁਰੂ ਹਰਿ ਰਾਏ ਜੀ ਨੇ 1661 ਈ. ਵਿਚ ਗੁਰਗੱਦੀ ਗੁਰੂ ਹਰਕ੍ਰਿਸ਼ਨ ਜੀ ਨੂੰ ਸੌਂਪੀ, ਜਿਨ੍ਹਾਂ ਦੀ ਉਮਰ ਉਸ ਵੇਲੇ ਬਹੁਤ ਛੋਟੀ ਸੀ। ਗੁਰੂ ਹਰਕ੍ਰਿਸ਼ਨ 1664 ਈ. ਵਿਚ ਦਿੱਲੀ ਵਿਖੇ ਸਨ, ਜਦੋਂ ਉਥੇ ਹੈਜ਼ਾ ਅਤੇ ਚੇਚਕ ਦੀ ਮਹਾਂਮਾਰੀ ਫੈਲ ਗਈ। ਬਿਮਾਰਾਂ ਦੀ ਦੇਖ-ਭਾਲ ਕਰਦਿਆਂ ਗੁਰੂ ਹਰਕ੍ਰਿਸ਼ਨ ਬਿਮਾਰ ਹੋ ਗਏ ਅਤੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਉਨ੍ਹਾਂ ਨੇ ਇਸ਼ਾਰਾ ਕੀਤਾ ਕਿ 'ਬਾਬਾ ਬਕਾਲੇ', ਜਿਸ ਦਾ ਅਰਥ ਸੀ ਕਿ ਉਨ੍ਹਾਂ ਦਾ ਵਾਰਿਸ ਗੁਰੂ ਬਕਾਲੇ ਵਿਖੇ ਹੈ। ਗੁਰੂ ਨਾਨਕ ਦੇ ਸਥਾਪਤ ਕੀਤੇ ਮਾਰਗ ਤੇ ਸੰਗਤਾਂ ਦੀ ਅਗਵਾਈ ਕਰਨ ਲਈ ਨੌਵੇਂ ਗੁਰੂ ਦੇ ਰੂਪ ਵਿਚ ਗੁਰੂ ਤੇਗ ਬਹਾਦਰ 20 ਮਾਰਚ 1665 ਨੂੰ ਗੁਰਗੱਦੀ 'ਤੇ ਬੈਠੇ, ਬਕਾਲੇ ਤੋਂ ਕੀਰਤਪੁਰ ਸਾਹਿਬ ਚਲੇ ਗਏ ਅਤੇ ਥੋੜ੍ਹੀ ਦੇਰ ਬਾਅਦ ਹੀ ਉਨ੍ਹਾਂ ਨੇ ਕੀਰਤਪੁਰ ਸਾਹਿਬ ਦੇ ਨੇੜੇ ਹੀ ਆਪਣੀ ਮਾਤਾ ਜੀ ਦੇ ਨਾਮ 'ਤੇ 'ਚੱਕ ਨਾਨਕੀ' ਵਸਾਇਆ, ਜੋ ਪਿੱਛੋਂ ਅਨੰਦਪੁਰ ਕਰਕੇ ਜਾਣਿਆ ਗਿਆ ਅਤੇ ਖਾਲਸੇ ਦਾ ਜਨਮ ਸਥਾਨ ਬਣਿਆ। ਗੁਰੂ ਨਾਨਕ ਅਤੇ ਉਨ੍ਹਾਂ ਦੇ ਵਾਰਿਸ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਨ ਲਈ ਉਨ੍ਹਾਂ ਨੇ ਪੰਜਾਬ ਦੇ ਦੂਰ-ਦੁਰਾਡੇ ਖੇਤਰਾਂ ਦੀ ਯਾਤਰਾ ਕੀਤੀ ਅਤੇ ਨਾਲ ਹੀ ਭਾਰਤ ਦੇ ਬਹੁਤ ਸਾਰੇ ਹਿੱਸਿਆਂ ਜਿਵੇਂ ਯੂ. ਪੀ., ਬਿਹਾਰ, ਬੰਗਾਲ ਅਤੇ ਅਸਾਮ ਵਰਗੇ ਪ੍ਰਾਂਤਾਂ ਵਿਚ ਗਏ। ਜਦੋਂ ਗੁਰੂ ਤੇਗ ਬਹਾਦਰ ਆਪਣੇ ਪਰਿਵਾਰ ਨੂੰ ਬਿਹਾਰ ਵਿਚ ਪਟਨਾ ਵਿਖੇ ਠਹਿਰਾ ਕੇ ਆਪ ਅਸਾਮ ਵੱਲ ਗਏ ਤਾਂ ਇਸੇ ਸਮੇਂ ਦੌਰਾਨ ਬਾਲਕ ਗੋਬਿੰਦ ਰਾਇ ਦਾ ਜਨਮ 5 ਜਨਵਰੀ 1666 ਈ. ਨੂੰ ਹੋਇਆ। ਗੁਰੂ ਤੇਗ ਬਹਾਦਰ ਜਦੋਂ ਪ੍ਰਚਾਰ ਵਿਚ ਰੁੱਝੇ ਹੋਏ ਸਨ ਤਾਂ ਬਾਲਕ ਗੋਬਿੰਦ ਰਾਇ ਦੀ ਮੁਢਲੀ ਸਿੱਖਿਆ ਦਾ ਪ੍ਰਬੰਧ ਪਟਨਾ ਵਿਖੇ ਮਾਤਾ ਗੁਜਰੀ ਜੀ ਨੇ ਆਪਣੀ ਦੇਖ ਰੇਖ ਵਿਚ ਕੀਤਾ। ਕਰੀਬ 1672 ਈ. ਵਿਚ ਗੁਰੂ ਪਰਿਵਾਰ ਵਾਪਸ ਅਨੰਦਪੁਰ ਆ ਗਿਆ।

ਇਸ ਸਮੇਂ ਔਰੰਗਜ਼ੇਬ ਦਿੱਲੀ ਦੇ ਤਖਤ 'ਤੇ ਬਿਰਾਜਮਾਨ ਸੀ ਅਤੇ ਉਸ ਦੇ ਰਾਜਕਾਲ ਵਿਚ ਮੁਗਲ ਹਾਕਮਾਂ ਦਾ ਜ਼ਬਰ ਪਰਜਾ 'ਤੇ ਬਹੁਤ ਵਧ ਗਿਆ ਸੀ ਅਤੇ ਵੱਡੇ ਪੱਧਰ 'ਤੇ ਲੋਕਾਂ ਨੂੰ ਮੁਸਲਮਾਨ ਬਣਨ ਲਈ ਮਜਬੂਰ ਕੀਤਾ ਜਾ ਰਿਹਾ ਸੀ। ਬਾਲਕ ਗੋਬਿੰਦ ਰਾਇ ਦੀ ਉਮਰ ਸਿਰਫ 9 ਸਾਲ ਸੀ, ਜਦੋਂ ਕਸ਼ਮੀਰੀ ਪੰਡਿਤ ਗੁਰੂ ਤੇਗ ਬਹਾਦਰ ਸਾਹਿਬ ਕੋਲ ਅਨੰਦਪੁਰ ਆਪਣੀ ਫਰਿਆਦ ਲੈ ਕੇ ਆਏ ਸਨ ਕਿ ਉਨ੍ਹਾਂ ਨੂੰ ਮੁਸਮਾਨ ਬਣਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਗੁਰੂ ਤੇਗ ਬਹਾਦਰ ਕਸ਼ਮੀਰੀ ਪੰਡਿਤਾਂ ਦੀ ਪੁਕਾਰ ਸੁਣ ਕੇ ਔਰੰਗਜ਼ੇਬ ਦੇ ਇਸ ਜ਼ੁਲਮ ਨੂੰ ਰੋਕਣ ਲਈ ਦਿੱਲੀ ਵੱਲ ਰਵਾਨਾ ਹੋਏ ਅਤੇ ਭਾਈ ਮਤੀ ਦਾਸ, ਸਤੀ ਦਾਸ ਅਤੇ ਭਾਈ ਦਿਆਲਾ ਵੀ ਉਨ੍ਹਾਂ ਦੇ ਨਾਲ ਗਏ। ਗੁਰੂ ਤੇਗ ਬਹਾਦਰ ਅਤੇ ਉਨ੍ਹਾਂ ਦੀ ਸੰਗਤਿ ਵਿਚ ਗਏ ਸਿੱਖਾਂ ਨੇ ਦਿੱਲੀ ਵਿਚ ਸ਼ਹਾਦਤ ਦਿੱਤੀ। ਇਹ ਸ਼ਹਾਦਤ ਆਪਣੇ ਧਰਮ ਨੂੰ ਮੰਨਣ ਦੀ ਮਨੁੱਖ ਦੀ ਮੁਢਲੀ ਆਜ਼ਾਦੀ, ਬਰਾਬਰੀ, ਮਨੁੱਖੀ ਸਵੈਮਾਨ ਅਤੇ ਇਨਸਾਫ ਲਈ ਦਿੱਤੀ ਗਈ। ਇਹ ਸ਼ਹਾਦਤ ਇਸ ਸਿਧਾਂਤ ਦੀ ਸਥਾਪਤੀ ਲਈ ਦਿੱਤੀ ਗਈ ਕਿ ਸਾਰੇ ਮਨੁੱਖ ਉਸ ਇੱਕ ਅਕਾਲ ਪੁਰਖ ਦੀ ਸਿਰਜਣਾ ਹਨ, ਸਭ ਦਾ ਸੋਮਾ ਉਹ ਇੱਕ ਅਕਾਲ ਪੁਰਖ ਹੈ, ਇਸ ਲਈ ਸਾਰਿਆਂ ਨੂੰ ਜੀਣ ਅਤੇ ਥੀਣ ਦਾ ਬਰਾਬਰ ਦਾ ਹੱਕ ਹੈ। ਹਰ ਇੱਕ ਮਨੁੱਖ ਨੂੰ, ਭਾਵੇਂ ਕਿਸੇ ਵੀ ਅਕੀਦੇ ਨਾਲ ਸਬੰਧਤ ਹੋਵੇ, ਆਪਣੇ ਇਸ਼ਟ ਨੂੰ ਧਿਆਉਣ ਦਾ ਹੱਕ ਹੈ। ਇਸ ਲਈ ਉਨ੍ਹਾਂ ਨੇ ਹੱਕ ਅਤੇ ਸੱਚ ਲਈ ਸ਼ਹਾਦਤ ਦਿੱਤੀ। ਗੁਰੂ ਨਾਨਕ ਸਾਹਿਬ ਨੇ ਲੋਕਾਂ ਦੀ ਲੁੱਟ-ਖਸੁੱਟ ਕਰਨ ਵਾਲੇ ਰਾਜਿਆਂ, ਉਨ੍ਹਾਂ ਦੇ ਅਹਿਲਕਾਰਾਂ ਨੂੰ ਲੋਕਾਂ ਦਾ ਸ਼ਿਕਾਰ ਕਰਨ ਵਾਲੇ 'ਸੀਹ' ਅਤੇ 'ਕੁਤੇ'; ਧਾਰਮਿਕ ਹੋਣ ਦਾ ਦਿਖਾਵਾ ਕਰਦਿਆਂ ਲੋਕਾਂ ਦੇ ਹੱਕ ਖੋਹਣ ਵਾਲਿਆਂ ਨੂੰ 'ਜਗਤ ਕਾਸਾਈ' ਕਿਹਾ ਹੈ ਅਤੇ ਬਾਹਰੀ ਹਮਲਾਵਰਾਂ ਨੂੰ 'ਪਾਪ ਕੀ ਜੰਞ' ਕਹਿ ਕੇ ਵਿਰੋਧ ਕੀਤਾ। ਮਲਕ ਭਾਗੋ ਵਰਗਿਆਂ ਨੂੰ ਸਪੱਸ਼ਟ ਕੀਤਾ ਕਿ ਉਹ ਲੋਕਾਂ ਦਾ ਖ਼ੂਨ ਚੂਸ ਰਹੇ ਹਨ। ਗੁਰੂ ਤੇਗ ਬਹਾਦਰ ਨੇ ਮਾਨਵਤਾਵਾਦੀ ਕੀਮਤਾਂ ਦੀ ਸਥਾਪਤੀ ਲਈ ਸ਼ਹਾਦਤ ਦਿੱਤੀ। ਉਨ੍ਹਾਂ ਨੇ ਤਾਂ ਮਨੁੱਖ ਦੇ ਸਾਹਮਣੇ ਗਿਆਨਵਾਨ ਹੋਣ ਦਾ ਪੈਮਾਨਾ ਵੀ ਰੱਖਿਆ, ਜੋ ਮਨੁੱਖ ਕਿਸੇ ਨੂੰ ਨਾ ਡਰਾਉਂਦਾ ਹੈ ਅਤੇ ਨਾਹੀ ਕਿਸੇ ਤੋਂ ਡਰਦਾ ਹੈ,

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨਿ॥

(ਪੰਨਾ 1426-27)

ਇਨ੍ਹਾਂ ਹੀ ਮਾਨਵਤਾ ਨੂੰ ਪ੍ਰਣਾਈਆਂ ਕੀਮਤਾਂ ਨੂੰ ਅੱਗੇ ਲੈ ਜਾਂਦਿਆ ਇਨ੍ਹਾਂ ਦੀ ਸਥਾਪਤੀ ਲਈ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਾਜ ਕੇ ਗਰੀਬਾਂ, ਸਦੀਆਂ ਤੋਂ ਦੱਬੇ-ਕੁਚਲੇ, ਜ਼ੁਲਮ ਸਹਿ ਰਹੇ ਕਮਜ਼ੋਰਾਂ ਨੂੰ ਜ਼ਾਬਰਾਂ ਨਾਲ ਟੱਕਰ ਲੈਣ ਦੇ ਯੋਗ ਬਣਾਇਆ।

ਪਹਿਲੀ ਅਤੇ ਦੂਸਰੀ ਆਲਮੀ ਜੰਗਾਂ ਦੌਰਾਨ ਬਹੁਤ ਵੱਡੀ ਪੱਧਰ 'ਤੇ ਮਨੁੱਖੀ ਹੱਕਾਂ ਦਾ ਘਾਣ ਹੋਇਆ। ਮਨੁੱਖਤਾ ਨੂੰ ਵੱਡੀ ਪੱਧਰ 'ਤੇ ਜਿੱਥੇ ਜਾਨ ਅਤੇ ਮਾਲ ਤੋਂ ਹੱਥ ਧੋਣੇ ਪਏ, ਘਰੋਂ ਬੇਘਰ ਹੋਣਾ ਪਿਆ, ਉਥੇ ਹੀ ਅਣਮਨੁੱਖੀ ਵਤੀਰਾ ਸਹਿਨ ਕਰਦਿਆਂ ਜ਼ਲੀਲ ਹੋਣਾ ਪਿਆ। ਭਵਿੱਖ ਵਿਚ ਇਸ ਕਿਸਮ ਦੀ ਆਲਮੀ ਤਬਾਹੀ ਦੀ ਰੋਕਥਾਮ ਲਈ ਹੀ ਇਨ੍ਹਾਂ ਯੁੱਧਾਂ ਵਿਚੋਂ ਯੂ. ਐਨ. ਓ. ਵਰਗੀ ਸੰਸਥਾ ਦੀ ਸਥਾਪਨਾ ਹੋਈ। ਸੰਨ 1948 ਵਿਚ 10 ਦਸੰਬਰ ਨੂੰ ਵਿਸ਼ਵਵਿਆਪੀ ਮਨੁੱਖੀ ਅਧਿਕਾਰ ਦਿਵਸ ਐਲਾਨਿਆ ਗਿਆ ਤਾਂ ਕਿ ਹਰ ਮਨੁੱਖ ਨੂੰ ਬਰਾਬਰੀ, ਨਿਆਉਂ, ਆਜ਼ਾਦੀ ਅਤੇ ਸੁਰੱਖਿਆ ਮੁਹੱਈਆ ਕਰਾਉਣ ਲਈ ਯਤਨ ਕੀਤੇ ਜਾਣ। ਸਾਂਝੇ ਯਤਨਾਂ ਰਾਹੀਂ ਦੁਨੀਆਂ ਭਰ ਵਿਚ ਨਾਬਰਾਬਰੀ ਅਤੇ ਦੁਸ਼ਵਾਰੀਆਂ ਦਾ ਸਾਹਮਣਾ ਕਰ ਰਹੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਤੇ ਲੋਕਤੰਤਰੀ ਕੀਮਤਾਂ ਦੀ ਬਹਾਲੀ ਲਈ ਵੱਧ ਤੋਂ ਵੱਧ ਉਪਰਾਲੇ ਕੀਤੇ ਜਾ ਸਕਣ। ਇਸ ਤਰ੍ਹਾਂ 10 ਦਸੰਬਰ ਸੰਸਾਰ ਪੱਧਰ ਤੇ 'ਹਿਊਮਨ ਰਾਈਟਸ ਡੇ' ਕਰਕੇ ਮਨਾਇਆ ਜਾਂਦਾ ਹੈ।

ਦਿੱਲੀ ਨੂੰ ਜਾਂਦੇ ਸ਼ਾਹਰਾਹਾਂ 'ਤੇ ਦਿੱਲੀ ਦੁਆਲੇ ਸੰਘਰਸ਼ ਕਰ ਰਹੇ ਕਿਸਾਨਾਂ ਵਿਚ ਪੰਜਾਬ ਦੀਆਂ 32 ਜਥੇਬੰਦੀਆਂ ਦੇ ਨਾਲ ਹਰਿਆਣਾ, ਉੱਤਰ ਪ੍ਰਦੇਸ਼, ਉਤਰਾਖੰਡ, ਮੱਧ ਪ੍ਰਦੇਸ਼, ਰਾਜਸਥਾਨ ਅਤੇ ਹੋਰ ਵੱਖ ਵੱਖ ਪ੍ਰਾਂਤਾਂ ਤੋਂ ਕਿਸਾਨ ਜਥੇਬੰਦੀਆਂ ਸੰਘਰਸ਼ ਵਿਚ ਸ਼ਾਮਲ ਹਨ। ਭਾਜਪਾਈ ਸਰਕਾਰ ਵੱਲੋਂ ਵੱਖ ਵੱਖ ਸਮਿਆਂ 'ਤੇ ਆਪਣੇ ਹੱਕਾਂ ਲਈ ਅਵਾਜ਼ ਉਠਾਉਣ ਵਾਲੇ ਬੁੱਧੀਜੀਵੀਆਂ, ਵਿਦਿਆਰਥੀਆਂ, ਪੱਤਰਕਾਰਾਂ, ਮਾਨਵ ਅਧਿਕਾਰੀ ਕਾਰਕੁੰਨਾਂ ਅਤੇ ਸਮਾਜ ਸੇਵੀ ਪੁਰਸ਼ਾਂ ਅਤੇ ਔਰਤਾਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ ਹੋਇਆ ਹੈ। ਇਨ੍ਹਾਂ ਵਿਚੋਂ ਕਈ ਤਾਂ ਵੱਡੀ ਉਮਰ ਦੇ ਹਨ, ਜਿਨ੍ਹਾਂ ਦੀ ਸਿਹਤ ਵੀ ਠੀਕ ਨਹੀਂ ਹੈ, ਅਪੰਗ ਵੀ ਹਨ। 10 ਦਸੰਬਰ ਨੂੰ ਮਾਨਵ ਅਧਿਕਾਰ ਦਿਵਸ ਮਨਾਉਂਦੇ ਹੋਏ ਕਿਸਾਨ ਧਰਨੇ 'ਤੇ ਬੈਠੀਆਂ ਬੀਬੀਆਂ ਨੇ ਜੇਲ੍ਹਾਂ ਵਿਚ ਬੰਦ ਇਨ੍ਹਾਂ ਵਿਅਕਤੀਆਂ ਦੇ ਨਾਂਵਾਂ ਦੀਆਂ ਤਖ਼ਤੀਆਂ ਚੁੱਕੀਆਂ ਹੋਈਆਂ ਸਨ ਕਿ ਇਨ੍ਹਾਂ ਨੂੰ ਜੇਲ੍ਹਾਂ ਤੋਂ ਰਿਹਾ ਕੀਤਾ ਜਾਵੇ। ਇੱਥੇ ਇਹ ਵੀ ਯਾਦ ਰੱਖਣਾ ਬਣਦਾ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਨਾਲ ਗਵਾਲੀਅਰ ਦੇ ਕਿਲੇ ਵਿਚ ਭਾਰਤੀ ਰਿਆਸਤਾਂ ਦੇ 52 ਰਾਜੇ ਵੀ ਕੈਦ ਸਨ। ਜਦੋਂ ਗੁਰੂ ਹਰਗੋਬਿੰਦ ਦੀ ਰਿਹਾਈ ਲਈ ਜਹਾਂਗੀਰ ਨੇ ਕਿਹਾ ਤਾਂ ਗੁਰੂ ਹਰਗੋਬਿੰਦ ਨੇ ਉਨ੍ਹਾਂ 52 ਰਾਜਿਆਂ ਦੀ ਰਿਹਾਈ ਦੀ ਸ਼ਰਤ ਵੀ ਨਾਲ ਰੱਖ ਦਿੱਤੀ ਸੀ, ਜਿਸ 'ਤੇ ਜਹਾਂਗੀਰ ਨੇ ਕਿਹਾ ਸੀ ਕਿ ਗੁਰੂ ਦੇ ਚੋਲੇ ਦੀਆਂ ਕਲੀਆਂ ਫੜ ਕੇ ਜਿੰਨੇ ਜਾ ਸਕਦੇ ਹਨ, ਚਲੇ ਜਾਣ। ਗੁਰੂ ਹਰਗੋਬਿੰਦ ਸਾਹਿਬ ਨੇ ਸਿੱਖਾਂ ਨੂੰ ਕਹਿ ਕੇ 52 ਕਲੀਆਂ ਵਾਲਾ ਚੋਲਾ ਮੰਗਵਾਇਆ ਸੀ, ਜਿਸ ਦੀਆਂ ਕਲੀਆਂ ਫੜ ਕੇ ਉਹ 52 ਰਾਜੇ ਵੀ ਰਿਹਾ ਹੋ ਗਏ ਸਨ। ਇੱਥੋਂ ਹੀ ਗੁਰੂ ਹਰਗੋਬਿੰਦ ਸਾਹਿਬ ਦਾ ਨਾਮ 'ਬੰਦੀ ਛੋੜ ਗੁਰੂ' ਪਿਆ ਸੀ।

ਗੁਰੂ ਜੀ ਨੂੰ ਡਰਾਉਣ ਲਈ ਨਾਲ ਗਏ ਸਿੱਖਾਂ ਵਿਚੋਂ ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਨੂੰ ਬੜੀ ਕਰੂਰਤਾ ਨਾਲ ਸ਼ਹੀਦ ਕਰ ਦਿੱਤਾ ਗਿਆ। ਦਿਆਲਾ ਜੀ ਨੂੰ ਉਬਲਦੀ ਦੇਗ ਵਿਚ ਉਬਾਲ ਦਿੱਤਾ ਗਿਆ, ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ ਅਤੇ ਸਤੀ ਦਾਸ ਜੀ ਨੂੰ ਜ਼ਿੰਦਾ ਜਲਾ ਦਿੱਤਾ ਗਿਆ। ਇਹ ਸਭ ਵੇਖ ਕੇ ਵੀ ਗੁਰੂ ਜੀ ਉਸ ਦੇ ਜ਼ੁਲਮ ਅੱਗੇ ਨਹੀਂ ਝੁਕੇ। ਆਖ਼ਰ ਔਰੰਗਜ਼ੇਬ ਨੇ ਐਲਾਨ ਕਰ ਦਿੱਤਾ ਕਿ ਗੁਰੂ ਤੇਗ ਬਹਾਦਰ ਜੀ ਦਾ ਸੀਸ ਕਲਮ ਕਰਕੇ ਸੀਸ ਨੇਜ਼ੇ 'ਤੇ ਟੰਗ ਕੇ ਦਿੱਲੀ ਵਿਚ ਘੁਮਾਇਆ ਜਾਵੇਗਾ। ਚਾਂਦਨੀ ਚੌਕ, ਦਿੱਲੀ ਵਿਖੇ 1675 ਈਸਵੀ ਨੂੰ ਗੁਰੂ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ। ਜਲਾਦ ਨੇ ਜਿਵੇਂ ਹੀ ਗੁਰੂ ਜੀ ਦੇ ਸੀਸ ਉੱਪਰ ਤਲਵਾਰ ਦਾ ਵਾਰ ਕੀਤਾ ਤਾਂ ਅਚਾਨਕ ਖ਼ਤਰਨਾਕ ਹਨੇਰੀ ਅਤੇ ਝੱਖੜ ਝੁੱਲ ਪਿਆ। ਪਹਿਲਾਂ ਹੀ ਬਣਾਈ ਵਿਉਂਤ ਨਾਲ ਭਾਈ ਜੈਤਾ ਜੀ ਨੇ ਗੁਰੂ ਜੀ ਦਾ ਸੀਸ ਚੁੱਕਿਆ ਤੇ ਆਨੰਦਪੁਰ ਸਾਹਿਬ ਨੂੰ ਚੱਲ ਪਿਆ। ਭਾਈ ਲੱਖੀ ਸ਼ਾਹ ਵਣਜਾਰਾ ਨੇ ਕੁਝ ਹੋਰ ਸਿੱਖਾਂ ਦੀ ਮਦਦ ਨਾਲ ਗੁਰੂ ਜੀ ਦਾ ਧੜ ਚੁੱਕ ਕੇ ਆਪਣੇ ਘਰ ਪਿੰਡ ਰਾਏਸੀਨਾ ਵਿਚ ਲਿਜਾ ਕੇ ਘਰ ਨੂੰ ਅੱਗ ਲਗਾ ਦਿੱਤੀ। ਜਿੱਥੇ ਭਾਈ ਲੱਖੀ ਸ਼ਾਹ ਵਣਜਾਰਾ ਨੇ ਆਪਣੇ ਘਰ ਅੰਦਰ ਗੁਰੂ ਜੀ ਦੇ ਧੜ ਦਾ ਸਸਕਾਰ ਕੀਤਾ ਸੀ ਉੱਥੇ ਗੁਰਦੁਆਰਾ ਰਕਾਬਗੰਜ ਸਾਹਿਬ ਅਤੇ ਜਿੱਥੇ ਗੁਰੂ ਜੀ ਦਾ ਸੀਸ ਕੱਟਿਆ ਗਿਆ ਉੱਥੇ ਗੁਰਦੁਆਰਾ ਸੀਸਗੰਜ ਸਾਹਿਬ ਸੁਸ਼ੋਭਿਤ ਹੈ।

ਲਿਖਤ : ਬਲਵਿੰਦਰ ਬਾਲਮ ਗੁਰਦਾਸਪੁਰ
ਸੰਪਰਕ : 9815625409

# ਜੈਸਪਰ

## ਅਲਬਰਟਾ ਦੀਆਂ ਨੀਮ ਪਹਾੜੀਆਂ ਵਿੱਚ ਵਸਿਆ ਖ਼ੂਬਸੂਰਤ ਸ਼ਹਿਰ



ਜੈਸਪਰ ਸ਼ਹਿਰ ਕੈਨੇਡਾ (ਅਲਬਰਟਾ ਰਾਜ) ਦਾ ਖ਼ੂਬਸੂਰਤ ਸ਼ਹਿਰ ਹੈ। ਇਹ ਸ਼ਹਿਰ ਨੀਮ ਪਹਾੜੀਆਂ ਅਤੇ ਸੁੰਦਰ ਝੀਲਾਂ ਦੇ ਕੁਦਰਤੀ ਮਾਹੌਲ ਵਿਚ ਵੱਸਿਆ ਹੋਇਆ ਹੈ। ਸ਼ਹਿਰ ਦੇ ਚਾਰੇ ਪਾਸੇ ਖਿਡਾਉਣਿਆ ਵਾਂਗੂੰ ਸੁਸ਼ੋਭਿਤ ਵੱਖ-ਵੱਖ ਆਕਾਰ ਦੀਆਂ ਪਹਾੜੀਆਂ ਤਰ੍ਹਾਂ-ਤਰ੍ਹਾਂ ਦੇ ਮੂਰਤ ਬਿੰਬ ਬਣਾਉਂਦੀਆਂ ਹੋਈਆਂ ਸਮੋਹਿਤ ਖਿੱਚ ਰਖਦੀਆਂ ਹਨ। ਇਹ ਸੁੰਦਰ ਸਥਾਨ ਸਥਿਤੀਬੋਧ ਜਗਾਉਂਦਾ ਹੈ। ਆਪਣੀਆਂ ਜੜ੍ਹਾਂ ਦੀ ਪਹਿਚਾਣ ਛੱਡਦਾ ਹੈ। ਇਸ ਦੁਆਰਾ ਆਣੀ ਮਿੱਟੀ 'ਚੋਂ ਰਸ ਦੀਆਂ ਸੰਭਾਵਨਾਵਾਂ ਉਜਾਗਰ ਕਰਦਾ ਹੈ। ਇਸਦੇ ਕੁਦਰਤੀ ਅਤੇ ਖੋਜਮਈ ਲੁਭਾਉਣੇ ਦ੍ਰਿਸ਼ ਜੋ ਨਾ ਕੇਵਲ ਅੰਤਰਮਨ ਨੂੰ ਉਧੋਲਿਤ ਕਰਦੇ ਹਨ ਅਲਬੱਤਾ ਮਾਨਸ ਪਟਲ ਉਪਰ ਕੋਈ ਸਾਰਥਕ ਪ੍ਰਸ਼ਨ ਵੀ ਚਿੰਤਨ ਹੇਤੂ ਛੱਡ ਜਾਂਦੇ ਹਨ। ਚਾਰੇ ਪਾਸੇ ਹਰਿਆਲੀ ਦੀ ਕੁੱਖ ਸੰਵੇਦਨ ਨਾਲ ਭਰੀ ਹੁੰਦੀ ਹੈ।

ਇਸ ਇਲਾਕੇ ਦੇ ਰੁੱਖ-ਪੌਦੇ ਅਨੇਕ ਰੰਗਾਂ ਦਾ ਸੁਭਾਅ ਰਖਦੇ ਹਨ। ਸੜਕਾਂ ਦੇ ਕਿਨਾਰੇ ਸਫ਼ੇਦ ਤਨੇ, ਸਫ਼ੇਦ ਟਹਿਣੀਆਂ ਅਤੇ ਹਰੇ ਪਤਿਆਂ ਨਾਲ ਮਾਲਾ-ਮਾਲ ਰੁੱਖ ਇਕ ਜਾਦੂ ਪੈਦਾ ਕਰਦੇ ਹਨ। ਕਈ ਜਾਤੀਆਂ ਦੇ ਰੁੱਖ ਸੁੰਦਰਤਾ ਨਾਲ ਅਧਿਆਤਮਿਕਤਾ ਵਿਚ ਪਿਰੋਏ ਮਿਲਦੇ ਹਨ।

ਸ਼ਹਿਰ ਦੇ ਬਾਹਰ ਇਕ ਨਹੀਂ ਅਨੇਕਾਂ ਹੀ ਦੂਰ ਦੂਰ ਨੇੜੇ ਨੇੜੇ ਸੁੰਦਰ ਝੀਲਾਂ ਸ਼ੀਸ਼ੇ ਰੰਗੇ ਪਾਣੀ ਦੀ ਲਿਬਾਸ ਵਿਚ ਆਕਰਸ਼ਣ ਪੈਦਾ ਕਰਦੀਆਂ ਹਨ। ਇਥੇ ਯਾਤਰੀਆਂ ਦਾ ਤਾਂਤਾ ਲੱਗਾ ਰਹਿੰਦਾ ਹੈ। ਇਕ ਝੀਲ ਦੇ ਨੇੜੇ ਇਕ ਖੁੱਲ੍ਹਾ- ਡੁੱਲ੍ਹਾ ਵਿਹੜਾ ਹੈ ਕੁਦਰਤੀ ਮਾਹੌਲ ਨਾਲ ਮਾਲਾ-ਮਾਲ। ਇੱਥੇ ਕਨੇਡੀਅਨ ਲੋਕ ਵਿਆਹ-ਸ਼ਾਦੀਆਂ ਵੀ ਕਰਨ ਆ ਜਾਂਦੇ ਹਨ। ਇੱਥੋਂ ਦੇ ਲੋਕ ਕੁਦਰਤੀ ਨਜ਼ਾਰਿਆਂ ਨੂੰ ਆਪਣੇ ਸੁਭਾਅ ਦੇ ਅਨੁਕੂਲ ਬਣਾ ਕੇ ਉਤਸਵ ਰਚਨ ਵਿਚ ਮਾਹਿਰ ਹਨ। ਇਕ ਸਾਧਾਰਣ ਸ਼ਾਦੀ ਵਿਚ 20 ਤੋਂ 40 ਦੇ ਕਰੀਬ ਮਹਿਮਾਨ ਅਤੇ ਜਜ਼ਮਾਨ ਹੁੰਦੇ ਹਨ। ਖ਼ਾਣ-ਪੀਣ ਲਈ ਪੈਕਿੰਗ ਸਿਸਟਮ ਹੀ ਹੁੰਦਾ ਹੈ।

ਲੋਕ ਬੱਸਾਂ, ਟੈਕਸੀਆਂ ਜਾਂ ਨਿੱਜੀ ਕਾਰਾਂ ਵਿਚ ਤਿਆਰ ਕੀਤਾ ਭੋਜਨ ਜਾਂ ਕੱਚੀ ਰਸਦ ਤੇ ਹੋਰ ਜ਼ਰੂਰੀ ਸਾਮਾਨ ਨਾਲ ਲੈ ਆਉਂਦੇ ਹਨ। ਕੁਝ ਲੋਕ ਟਰਾਲਾ ਹਾਊਸ ਨਾਲ ਲੈ ਕੇ ਆਉਂਦੇ ਹਨ। ਇਹ ਟਰਾਲਾ ਇਕ ਵੈਨ ਹੁੰਦੀ ਹਨ। ਇਹ ਟਰਾਲੇ ਕਿਰਾਏ 'ਤੇ ਮਿਲਦੇ ਹਨ ਅਤੇ ਕਾਰ ਦੇ ਪਿੱਛੇ ਟੋਚਨ ਪਾ ਕੇ ਲੈ ਜਾਂਦੇ ਹਨ। ਇਸਦਾ ਆਪਣਾ ਇਕ ਵੱਖਰਾ ਹੀ ਲੁਤਫ਼-ਨਜ਼ਾਰਾ ਹੁੰਦਾ ਹੈ।

ਇਥੇ ਸਰਦੀਆਂ ਵਿਚ ਬਰਫ਼ ਬਹੁਤ ਪੈਂਦੀ ਹੈ ਪਰ ਗਰਮੀਆਂ ਵਿਚ ਚਾਂਦੀ ਦੀਆਂ ਝਾਂਜਰਾਂ ਵਾਂਗ ਪਿਘਲਦੀ ਬਰਫ਼ ਸੱਮੋਹਨ ਪੈਦਾ ਕਰਦੀ ਹੈ। ਗਰਮੀਆਂ ਵਿਚ ਵੀ ਮੌਸਮ ਠੰਢਾ ਰਹਿੰਦਾ ਹੈ ਨਜ਼ਾਰੇ ਵਾਲਾ ਪਰ ਬਰਫ਼ ਨਹੀਂ ਪੈਂਦੀ। ਇੱਥੇ ਬਾਰਿਸ਼ ਦਾ ਅਲੌਕਿਕ ਅਤੇ ਲੌਕਿਕ ਨਜ਼ਾਰਾ ਭੌਤਿਕ ਜ਼ਰੂਰਤਾਂ ਵਿਚ ਹੋਰ ਵੀ ਸੁੱਖਦਾਇਕ ਹੁੰਦਾ ਹੈ। ਕਦੋਂ ਬੱਦਲ ਆਏ ਕਦੋਂ ਚਲੇ ਗਏ, ਪਤਾ ਹੀ ਨਹੀਂ ਚਲਦਾ। ਧਰਤੀ-ਅਸਮਾਨ ਵਿਚਕਾਰ ਅੱਖ ਮਚੋਲੀ ਖੇਡਦੇ ਬੱਦਲ ਸੁਖਦ ਦ੍ਰਿਸ਼ ਪੈਦਾ ਕਰਦੇ ਹਨ ਜਿਹੜੇ ਮਗਰਸਪਰਸ਼ੀ ਮਾਹੌਲ ਪੈਦਾ ਕਰਦੇ ਹਨ।

ਜੈਸਪਰ 1813 ਵਿਚ ਸਥਾਪਿਤ ਹੋਇਆ। ਜੈਸਪਰ ਨੈਸ਼ਨਲ ਪਾਰਕ 1907 ਵਿਚ ਸਥਾਪਿਤ ਹੋਇਆ ਜੋ ਪ੍ਰਸਿੱਧ ਅਤੇ ਇਤਿਹਾਸਕ ਸਥਾਨ ਦਾ ਦਰਜ਼ਾ ਲੈ ਚੁਕਾ ਹੈ। 1931 ਵਿਚ ਜੈਸਪਰ ਐਡਮਿੰਟਨ ਦੀਆਂ ਸੜਕਾਂ ਨਾਲ ਜੁੜ ਚੁਕਾ ਸੀ। 1940 ਵਿਚ ਪ੍ਰਾਕ੍ਰਿਤਿਕ ਆਈਸ ਫੀਲਡ ਪਾਰਕ ਵੇ ਖੋਲ੍ਹਿਆ ਗਿਆ ਜਿਹੜਾ ਪ੍ਰਸਿੱਧ ਲੇਕ ਲੂਈਸ (ਝੀਲ) ਅਤੇ ਜੈਸਪਰ ਨੂੰ ਜੋੜਦਾ ਹੈ।

ਜੈਸਪਰ, ਅਤਬਾਸਾ ਰਿਵਰ ਘਾਟੀ ਨਾਲ ਸਥਿਤ ਹੈ। ਇੱਥੇ ਪਿਰਾਮਿਡ ਜਿਹੀਆਂ ਆਕਰਸ਼ਕ ਪਹਾੜੀਆਂ ਹਨ। ਨਦੀਆਂ ਦਾ ਅਦਭੁਤ ਸੰਗਮ। ਜੈਸਪਰ ਵਿਖੇ ਪਿਰਾਮਿਡ ਲੇਕ, ਪੈਟਰੀਸੀਆ ਲੇਕ, ਐਨਟ ਲੇਕ, ਏਡਿਸ ਲੇਕ, ਬਿਓਵਰਟ ਲੇਕ, ਮਲਗੀਨ ਲੇਕ, ਮੈਡੀਸਨਸ ਲੇਕ ਅਤੇ ਹੋਰ ਲਘੂ ਝੀਲਾਂ ਇਸ ਸਥਾਨਦੀ ਸ਼ੋਭਾ ਨੂੰ ਚਾਰ ਚੰਨ ਲਾਉਂਦੀਆਂ ਹਨ।

ਇੱਥੇ ਅਨੇਕਾਂ ਵਿਸ਼ਵ ਪ੍ਰਸਿੱਧ ਹੋਰ ਸਥਾਨ ਵੇਖਣਯੋਗ ਹਨ। ਇਸ ਇਲਾਕੇ ਵਲ ਲੱਖਾਂ ਹੀ ਯਾਤਰੀ ਹਰ ਸਾਲ ਆਉਂਦੇ ਹਨ। ਸ਼ਹਿਰ ਦੇ ਉਤਰ ਵਿਚ 'ਕਬਾਬਾਸਕਾ ਵੈਲੀ' ਵਿਚ ਇਕ ਪਠਾਰ ਸਥਿਤ ਹੈ। ਇੱਥੇ ਸਥਾਨ ਦੀ ਭਰਮਾਰ ਹੈ ਜਿੱਥੇ ਯਾਤਰੀ ਮਨੋਰੰਜਨ ਲਈ ਜਮ੍ਹਾਂ ਰਹਿੰਦੇ ਹਨ। ਇਸ ਸਥਾਨ ਵਿਖੇ ਹੀ ਇਕ ਇਤਿਹਾਸਕ ਆਰਕੀਟੈਕਚਰਲ ਸ਼ੈਲੀ ਸਥਾਨ ਵੀ ਹੈ ਜੋ ਆਪਣੇ ਪਹਾੜੀ ਵਾਤਾਵਰਣ ਨਾਲ ਸੰਪਰਕ ਬਣਾਉਂਦਾ ਹੈ।

ਇੱਥੋਂ ਦੇ ਇਨਫਰਮੇਸ਼ਨ ਸੈਂਟਰ ਨੂੰ 1996 ਵਿਚ ਇਕ ਰਾਸ਼ਟਰੀਏ ਇਤਿਹਾਸਕ ਸਥਾਨ ਕਿਹਾ ਗਿਆ। ਇੱਥੋਂ ਦਾ ਆਜਾਇਬ ਘਰ ਕੁਦਰਤੀ ਅਤੇ ਮਾਨਵੀ ਇਤਿਹਾਸ ਦੀਆਂ ਕਹਾਣੀਆਂ ਬਿਆਨ ਕਰਦਾ ਹੈ।

ਇੱਥੋਂ ਦੇ ਮਨਮੋਹਣੇ, ਸੁੰਦਰ ਪਾਰਕ ਇਸ ਤਰ੍ਹਾਂ ਡਿਜ਼ਾਇਨ ਕੀਤੇ ਹੋਏ ਹਨ ਕਿ ਜੰਨਤ ਪ੍ਰਤੀਤ ਹੁੰਦੇ ਹਨ। ਇਹ ਪਾਰਕ ਕੁਦਰਤ ਅਤੇ ਸਭਿਆਚਾਰਕ ਵਿਰਾਸਤ ਨੂੰ ਹਕੀਕਤ ਨਾਲ ਜੋੜਦੇ ਹਨ। ਹਰ ਤਰ੍ਹਾਂ ਦੀ ਸਹੂਲਤ, ਆਧੁਨਿਕਤਾ ਦੀ ਸੂਈ ਵਿਚ ਪਿਰੋ ਕੇ ਰੱਖੀ ਹੈ। ਲਾਜਵਾਬ ਹੈ ਜੈਪਸਰ। ਕਨੇਡਾ ਦਾ ਸੁੰਦਰ ਘੁੰਢ ਹੈ ਜੈਸਪਰ। ਜਿਸਦੇ ਅੰਦਰ ਪ੍ਰਕਿਰਤੀ ਅਤੇ ਮਾਨਵ ਦਾ ਆਵਿਸ਼ਕਾਰ ਛੁਪਿਆ ਹੈ।

# ਅੱਜ-ਕੱਲ੍ਹ ਨੌਜਵਾਨ ਆਪਣੇ ਪੁਰਖਿਆਂ ਦਾ ਵਤਨ ਪੰਜਾਬ ਤੇ ਜਨਮ-ਭੋਇੰ ਛੱਡਣ ਲਈ ਕਿਉਂ ਕਾਹਲੇ

ਲਿਖਤ : ਕੁਲਮਿੰਦਰ ਕੌਰ
ਮੋਬਾਈਲ : 98156-52272

ਅੱਜ ਵਿਸ਼ਵੀਕਰਨ ਦੇ ਦੌਰ 'ਚ ਵਿਦੇਸ਼ਾਂ ਵਿਚ ਪਰਵਾਸ ਨੇ ਲੱਖਾਂ ਪੰਜਾਬੀ ਬਾਹਰ ਢੋਅ ਦਿੱਤੇ ਹਨ। ਹੁਣ ਅਸੀਂ ਧਰਤੀ ਉੱਤੇ ਕਈ ਜਗ੍ਹਾ ਪੰਜਾਬ ਬਣੇ ਵੇਖ ਰਹੇ ਹਾਂ। ਪੰਜਾਬ 'ਚੋਂ ਰੋਜ਼ਾਨਾ ਔਸਤਨ 250 ਵਿਅਕਤੀ ਬਾਹਰ ਜਾਣ ਲਈ ਜਹਾਜ਼ ਚੜ੍ਹ ਰਹੇ ਹਨ। ਇਨ੍ਹਾਂ 'ਚ ਬਹੁ-ਗਿਣਤੀ ਨੌਜਵਾਨਾਂ ਦੀ ਹੁੰਦੀ ਹੈ। ਇਹ ਮੁੜ ਪੰਜਾਬ ਪਰਤਣ ਲਈ ਨਹੀਂ, ਬਲਕਿ ਹਮੇਸ਼ਾ ਲਈ ਬਾਹਰ ਵਸਣ ਦਾ ਸੁਪਨਾ ਸਜਾ ਕੇ ਹੀ ਸਫ਼ਰ ਸ਼ੁਰੂ ਕਰਦੇ ਹਨ। ਪਾਰਕ 'ਚ ਸੈਰ ਕਰਦਿਆਂ ਉੱਥੇ ਬਾਹਰਲੇ ਸੂਬਿਆਂ ਤੋਂ ਆਏ ਲੜਕੇ ਹਾਸਾ ਠੱਠਾ ਕਰਦੇ, ਰੋਜ਼ਾਨਾ ਵਿਖਾਈ ਦਿੰਦੇ ਹਨ। ਤਦ ਸਾਨੂੰ ਇੰਜ ਲੱਗਦਾ ਹੈ ਕਿ ਅਸੀਂ ਕਿਧਰੇ ਹੋਰ ਹੀ ਤੁਰੇ ਫਿਰਦੇ ਹਾਂ। ਸਾਡਾ ਆਪਣਾ ਪੰਜਾਬ ਤਾਂ ਕਿਧਰੇ ਨਜ਼ਰ ਨਹੀਂ ਆ ਰਿਹਾ। ਠੇਠ ਪੰਜਾਬੀ ਬੋਲਦੇ, ਉੱਚੇ-ਲੰਮੇ ਛੈਲ-ਛਬੀਲੇ, ਗੁੰਦਵੇਂ ਸਰੀਰ ਵਾਲੇ ਗੱਭਰੂ ਨੌਜਵਾਨ ਤਾਂ ਹੁਣ ਲੱਭਣੇ ਮੁਸ਼ਕਲ ਹੋ ਗਏ ਹਨ। ਪਤਾ ਨਹੀਂ ਕੇਹੀ ਨਜ਼ਰ ਲੱਗੀ ਹੈ ਪੰਜਾਬ ਨੂੰ।

ਅੱਜ ਬਾਰ੍ਹਵੀਂ ਜਮਾਤ ਕਰ ਕੇ ਹਰ ਦੂਸਰਾ ਨੌਜਵਾਨ ਕਹੇਗਾ ਕਿ ਉਹ ਆਈਲੈਟਸ ਕਰ ਰਿਹਾ ਹੈ। ਸਭ ਤੋਂ ਸੌਖਾ, ਵਧੀਆ ਤੇ ਸੁਰੱਖਿਅਤ ਰਸਤਾ ਬਾਹਰ ਜਾਣ ਦਾ ਇਹੀ ਜਾਣਿਆ ਜਾਂਦਾ ਹੈ। ਜਸਟਿਸ ਟਰੂਡੋ ਦੀ ਨਰਮ-ਦਿਲੀ ਤਹਿਤ ਵੀਜ਼ੇ ਲੱਗ ਜਾਣ ਵਾਲੇ ਵਿਦਿਆਰਥੀਆਂ ਦੇ ਮਾਪੇ, ਕੈਨੇਡਾ ਸਰਕਾਰ ਨੂੰ ਅਸੀਸਾਂ ਦੇ ਰਹੇ ਹਨ। ਕੁਝ ਦਿਨ ਪਹਿਲਾਂ ਜਦ ਮੈਂ ਗੁਰਦੁਆਰੇ ਗਈ ਤਾਂ ਉੱਥੇ ਇਕ ਬੀਬੀ ਵੱਲੋਂ ਅਰਦਾਸ ਕਰਵਾਈ ਗਈ ਕਿ ਮੇਰੇ ਬੱਚੇ ਦੇ ਪੇਪਰਾਂ 'ਚੋਂ ਚੰਗੇ ਨੰਬਰ ਆ ਜਾਣ। ਬਾਅਦ 'ਚ ਪੁੱਛਣ 'ਤੇ ਦੱਸਿਆ ਕਿ ਮੁੰਡਾ ਆਈਲੈਟਸ 'ਚ ਵਧੀਆ ਬੈਂਡ ਲੈ ਕੇ ਬਾਹਰ ਚਲਾ ਜਾਵੇ ਤਾਂ ਠੀਕ ਹੈ।

ਇੱਥੇ ਨੌਕਰੀ ਕੋਈ ਮਿਲਦੀ ਨਹੀਂ ਤੇ ਵਿਹਲੇ ਨਿਆਣੇ ਨਸ਼ੇ ਕਰ ਕੇ ਲੜਾਈ-ਝਗੜੇ ਹੀ ਕਰਨਗੇ। ਮੇਰੇ ਜ਼ਿਹਨ 'ਚ ਆਪਣੇ ਹੱਕ, ਮੰਗਾਂ ਤੇ ਰੁਜ਼ਗਾਰ ਖ਼ਾਤਰ ਨਿੱਤ ਮੁੱਖ ਮੰਤਰੀ ਦੀ ਰਿਹਾਇਸ਼ ਦੇ ਬਾਹਰ ਧਰਨੇ ਲਗਾਉਂਦੇ ਤੇ ਸੰਘਰਸ਼ ਕਰਦੇ ਨੌਜਵਾਨ ਘੁੰਮਦੇ ਹਨ। ਬਣਦੇ ਹੱਕ ਤੇ ਰੁਜ਼ਗਾਰ ਨਾ ਮਿਲਣ 'ਤੇ ਉਨ੍ਹਾਂ ਦਾ ਮਨੋਬਲ ਡਿੱਗਦਾ ਹੈ। ਨੌਜਵਾਨਾਂ ਦਾ ਭਵਿੱਖ ਅਸੁਰੱਖਿਅਤ ਹੈ ਜੋ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹਾ ਕਰਦਾ ਹੈ। ਪੰਜਾਬ 'ਚ ਵਧ ਰਹੇ ਗੈਂਗਸਟਰ ਕਲਚਰ ਤੇ ਅਸੁਰੱਖਿਅਤ ਮਾਹੌਲ ਤੋਂ ਤ੍ਰਹਿੰਦੇ ਮਾਪੇ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਮਜਬੂਰ ਹਨ। ਉਹ ਬੱਚਿਆਂ ਖ਼ਾਤਰ ਪੁਰਖਿਆਂ ਵੱਲੋਂ ਹੱਡ-ਭੰਨਵੀਂ ਮਿਹਨਤ ਨਾਲ ਬਣਾਈ ਜ਼ਮੀਨ-ਜਾਇਦਾਦ ਵੇਚ-ਵੱਟ ਕੇ ਵਿਦੇਸ਼ੀ ਕਾਲਜਾਂ ਤੇ ਏਜੰਟਾਂ ਦੀਆਂ ਫੀਸਾਂ ਭਰਦੇ ਹਨ। ਏਜੰਟਾਂ ਦੇ ਵਿਛਾਏ ਧੋਖਾਧੜੀ ਦੇ ਜਾਲ 'ਚ ਫਸ ਕੇ ਕਈ ਗ਼ੈਰ-ਕਾਨੂੰਨੀ ਢੰਗਾਂ ਰਾਹੀਂ ਆਪਣੀ ਕਿਸਮਤ ਅਜਮਾਈ ਕਰਦੇ ਹਨ। ਜਿਨ੍ਹਾਂ ਬਾਰੇ ਸੋਚਦਿਆਂ ਕਲੇਜਾ ਮੂੰਹ ਨੂੰ ਆਉਂਦਾ ਹੈ। ਰੂਹ ਕੰਬਦੀ ਹੈ ਪਰ ਇਹ ਵਰਤਾਰਾ ਹਾਲੇ ਤਕ ਵੀ ਠੱਲ੍ਹਿਆ ਨਹੀਂ ਗਿਆ ਹੈ। ਅਜਿਹੀ ਉਦਾਹਰਨ ਸਾਡੀ ਕਰੀਬੀ ਰਿਸ਼ਤੇਦਾਰੀ 'ਚ ਵੀ ਵੇਖਣ ਨੂੰ ਮਿਲੀ। ਹੋਇਆ ਇੰਜ ਕਿ ਮੇਰੀ ਭਤੀਜੀ ਨੇ ਇਕ ਦਿਨ ਫੋਨ 'ਤੇ ਦੱਸਿਆ ਕਿ ਮੇਰੇ ਦਿਓਰ ਦਾ ਲੜਕਾ ਸਰਹਿੰਦ ਸ਼ਹੀਦੀ ਜੋੜ ਮੇਲੇ 'ਤੇ ਜਾ ਰਿਹਾ ਸੀ। ਰਸਤੇ 'ਚ ਹੀ ਏਜੰਟ ਦਾ ਫੋਨ ਆ ਗਿਆ ਕਿ ਤੇਰਾ ਵੀਜ਼ਾ ਲੱਗ ਗਿਆ ਹੈ। ਉਹ ਆਪਣੀ ਸ਼ਰਧਾ ਇਸ ਬਹੁਤ ਹੀ ਵੱਡੇ ਕਾਰਜ ਨਾਲ ਜੋੜ ਰਹੀ ਸੀ। ਥੋੜ੍ਹੇ ਦਿਨਾਂ ਬਾਅਦ ਉਸ ਨੇ ਦੱਸਿਆ ਕਿ ਸਵੇਰੇ ਮੁੰਡੇ ਨੇ ਜਹਾਜ਼ ਚੜ੍ਹਨਾ ਹੈ। ਇਸੇ ਖ਼ੁਸ਼ੀ 'ਚ ਹੀ ਪਾਰਟੀ ਚੱਲ ਰਹੀ ਹੈ।

ਫਿਰ ਇਕ ਰੋਜ਼ ਮੈਂ ਉਸ ਲੜਕੇ ਦੀ ਸੁੱਖ-ਸਾਂਦ ਬਾਰੇ ਪੁੱਛਿਆ ਤਾਂ ਨਿਰਾਸ਼ਾਜਨਕ ਖ਼ਬਰ ਹੀ ਮਿਲੀ। ਤੁਰਕੀ ਪਹੁੰਚ ਕੇ ਇੰਗਲੈਂਡ ਵਾਲੇ ਜਹਾਜ਼ 'ਚ ਚੜ੍ਹਨ ਤੋਂ ਪਹਿਲਾਂ ਜਦੋਂ ਉਸ ਦੇ ਪੇਪਰ ਚੈੱਕ ਹੋਏ ਤਾਂ ਵਾਪਸ ਦਿੱਲੀ ਭੇਜ ਦਿੱਤਾ ਗਿਆ। ਉਸ ਨੇ ਉੱਥੋਂ ਆਪਣੇ ਕਿਸੇ ਦੋਸਤ ਨੂੰ ਫੋਨ 'ਤੇ ਆਪਣੇ ਨਾਲ ਬੀਤੀ ਦੱਸੀ ਤੇ ਉਹ ਉਸ ਨੂੰ ਲੈ ਕੇ ਆਇਆ। ਉਹ ਘਰ ਜਾਣ ਦੀ ਬਜਾਏ ਆਪਣੀ ਮਾਸੀ ਕੋਲ ਰਿਹਾ। ਅਖੇ ਪਿੰਡ 'ਚ ਲੋਕ ਮੈਨੂੰ ਟਿੱਚਰਾਂ ਕਰਨਗੇ। ਸਾਰਿਆਂ ਨੂੰ ਚਿੰਤਾ ਹੋਈ ਕਿ ਮੁੰਡਾ ਕੁਝ ਕਰ ਨਾ ਲਵੇ। ਥੋੜ੍ਹੀ ਜਿਹੀ ਪੈਲੀ ਸੀ ਤੇ ਨਾਲ ਦੁੱਧ ਵੇਚ ਕੇ ਗੁਜ਼ਾਰਾ ਚੱਲ ਰਿਹਾ ਸੀ। ਪਿਉ ਅੰਤਾਂ ਦਾ ਸ਼ਰਾਬੀ, ਵਿਹਲੜ ਤੇ ਨਿਕੰਮਾ ਹੈ। ਨਿੱਤ ਦੇ ਲੜਾਈ-ਕਲੇਸ਼ ਤੇ ਗਰੀਬੀ ਤੋਂ ਤੰਗ ਮਾਂ ਮੁੰਡੇ ਦਾ ਬਾਹਰ ਜਾਣਾ ਬਿਹਤਰ ਸਮਝਦੀ ਸੀ। ਡੰਗਰ ਤੇ ਅੱਧੀ ਪੈਲੀ ਵੇਚ ਕੇ ਏਜੰਟ ਨੂੰ 20 ਲੱਖ ਰੁਪਏ ਦਿੱਤੇ ਸਨ। ਉਸ ਦਾ ਇਹ ਦੁਖਾਂਤ ਤਾਂ ਕਾਫ਼ੀ ਲੰਬੇ ਸਮੇਂ ਤਕ ਚੱਲਿਆ। ਖ਼ਬਰ ਮਿਲੀ ਕਿ ਮੁੰਡਾ ਹੁਣ ਫਿਰ ਕਿਸੇ ਹੋਰ ਏਜੰਟ ਨੂੰ ਪੈਸੇ ਦੇ ਕੇ ਮੁੜ ਵੀਜ਼ਾ ਲਗਵਾ ਕੇ ਸਰਬੀਆ ਪਹੁੰਚ ਗਿਆ। ਉੱਥੇ ਵੀ ਇੰਗਲੈਂਡ ਵਾਲੇ ਜਹਾਜ਼ 'ਚੋਂ ਉਤਾਰ ਦਿੱਤਾ ਗਿਆ। ਇਸ ਵਾਰ ਉਹ ਵਾਪਸ ਨਹੀਂ ਮੁੜਿਆ ਤੇ ਉੱਥੇ ਹੀ ਲੁਕ ਗਿਆ। ਥੋੜ੍ਹੇ ਦਿਨਾਂ ਬਾਅਦ ਉਹ ਆਸਟਰੀਆ ਪਹੁੰਚ ਗਿਆ। ਬੁਰੇ ਹਾਲੀਂ ਸੜਕਾਂ 'ਤੇ ਰਾਤਾਂ ਗੁਜ਼ਾਰਦਾ ਰਿਹਾ। ਉਸ ਦੇ ਜਾਣਕਾਰ ਨੇ ਉਸ ਨੂੰ ਕੋਲ ਰੱਖਣ ਤੋਂ ਨਾਂਹ ਕਰ ਦਿੱਤੀ ਤਾਂ ਇੰਡੀਆ ਫੋਨ 'ਤੇ ਵਿਥਿਆ ਸੁਣਾਈ।

ਉੱਥੇ ਰਹਿੰਦੇ ਕਿਸੇ ਦੂਰ ਦੇ ਰਿਸ਼ਤੇਦਾਰ ਨੂੰ ਸੰਪਰਕ ਕਰ ਕੇ ਉਸ ਦੀ ਮਦਦ ਕਰਨ ਲਈ ਕਿਹਾ। ਉਹ ਉਸ ਨੂੰ ਘਰ ਲਿਆਇਆ, ਰਾਤ ਰੱਖਿਆ ਤੇ ਕੱਪੜੇ ਧੋਤੇ। ਸਵੇਰੇ ਉਸ ਨੂੰ ਸ਼ਰਨਾਰਥੀ ਕੈਂਪ 'ਚ ਚਲੇ ਜਾਣ ਲਈ ਕਹਿ ਦਿੱਤਾ। ਉੱਥੋਂ ਦੇ ਤੌਰ-ਤਰੀਕੇ ਸਮਝਾਏ ਤੇ ਦੱਸਿਆ ਕਿ ਸਿਰਫ਼ ਇਹੀ ਰਸਤਾ ਹੈ ਇੱਥੇ ਰਹਿਣ ਦਾ ਤੇ ਕੰਮ ਕਰਨ ਦਾ। ਹਾਲੇ ਵੀ ਸੰਘਰਸ਼ ਜਾਰੀ ਹੈ। ਕਹਿੰਦੇ ਹਨ ਕਿ ਜੰਗਲ ਨੂੰ ਅੱਗ ਲੱਗ ਜਾਵੇ ਤਾਂ ਪੰਛੀ ਆਪਣੇ ਆਲ੍ਹਣਿਆਂ 'ਚੋਂ ਨਿਕਲ ਕੇ ਸੁਰੱਖਿਅਤ ਥਾਵਾਂ ਦੀ ਭਾਲ 'ਚ ਏਧਰ-ਓਧਰ ਭਟਕਦੇ ਹਨ।

ਬੇਰੁਜ਼ਗਾਰੀ ਦੀ ਝੰਬੀ ਜਵਾਨੀ ਨਾਲ ਵੀ ਕੁਝ ਅਜਿਹਾ ਹੀ ਵਾਪਰਦਾ ਪ੍ਰਤੀਤ ਹੁੰਦਾ ਹੈ। ਉਨ੍ਹਾਂ ਲਈ ਆਪਣੇ ਪੁਰਖਿਆਂ ਦਾ ਵਤਨ ਤੇ ਜਨਮ-ਭੋਇੰ ਹੀ ਮਤਰੇਈ ਹੋ ਗਈ ਹੈ। ਬੇਗਾਨੀ ਧਰਤੀ 'ਤੇ ਵਸਣ ਦਾ ਜਨੂੰਨ ਅੱਜ ਇਨ੍ਹਾਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਹੈ। ਵਿਦੇਸ਼ ਜਾ ਕੇ ਨੌਜਵਾਨਾਂ ਨੂੰ ਕਈ ਮੁਸ਼ਕਲਾਂ ਤੇ ਹੋਰ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਦਿਮਾਗੀ ਬੋਝ ਵੀ ਸਹਿੰਦੇ ਹਨ ਪਰ ਫਿਰ ਵੀ ਹਰ ਨੌਜਵਾਨ 'ਉਡਣ' ਲਈ ਕਾਹਲਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਉੱਥੋਂ ਦੀਆਂ ਸਰਕਾਰਾਂ ਸਾਨੂੰ ਸਾਂਭਦੀਆਂ ਹਨ। ਉੱਥੋਂ ਦਾ ਵਧੀਆ ਨਿਜ਼ਾਮ, ਸਹੂਲਤਾਂ, ਅਨੁਸ਼ਾਸਨ-ਬੱਧ ਤੇ ਇਮਾਨਦਾਰੀ ਵਾਲਾ ਜੀਵਨ ਵੀ ਆਕਰਸ਼ਿਤ ਕਰਦਾ ਹੈ।

ਸਰਕਾਰ ਇਸ ਗੱਲ ਬਾਰੇ ਸੰਜੀਦਾ ਹੀ ਨਹੀਂ ਹੈ ਕਿ ਦੇਸ਼ ਦੀ ਜਵਾਨੀ ਵੀ ਵਿਦੇਸ਼ ਜਾ ਰਹੀ ਹੈ ਤੇ ਸਰਮਾਇਆ ਵੀ। ਨਾਲ ਹੀ ਵਿਸ਼ਵ ਨੂੰ ਪੈਗ਼ਾਮ ਵੀ ਦਿੱਤਾ ਜਾ ਰਿਹਾ ਹੈ ਕਿ ਦੇਸ਼ ਵਿਚ ਨਾ ਮਾਹੌਲ ਸੁਰੱਖਿਅਤ ਹੈ, ਨਾ ਹੀ ਭਵਿੱਖ। ਅੰਧ-ਵਿਸ਼ਵਾਸ, ਜਾਤੀਵਾਦ, ਰਾਜਨੀਤੀ ਤੇ ਸਭ ਧਰਮਾਂ ਤੋਂ ਉੱਪਰ ਉੱਠ ਕੇ ਅੱਜ ਪੰਜਾਬ ਨੂੰ ਨਵੀਆਂ ਨੀਤੀਆਂ ਘੜਨ ਦੀ ਜ਼ਰੂਰਤ ਹੈ। ਹਰ ਪੰਜਾਬੀ ਨੂੰ ਇਹ ਅਹਿਸਾਸ ਹੋਵੇ ਕਿ ਸਾਡਾ ਭਵਿੱਖ ਪੰਜਾਬ ਵਿਚ ਹੀ ਹੈ, ਵਿਦੇਸ਼ਾਂ ਵਿਚ ਨਹੀਂ।

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ

# Classified


ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਅੱਪ ਜਾਂ ਈ-ਮੇਲ ਕਰੋ :
604-584-5577
: infopunjabitribune@gmail.com




## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## BRIDE WANTED

**Professionally qualified match from decent Sikh family for our son 30, 5'10" federal government job. He is chartered professional Accountant and working in B.C.Contact Dr. Sidhu 778 829 0991**

ਸਰੀ ਵਿੱਚ ਰਹਿ ਰਹੇ ਉੱਪਲ ਸਿੱਖ ਉਮਰ 51 ਸਾਲ ਕੱਦ ਪੰਜ ਫੁੱਟ 11 ਇੰਚ ਕੈਨੇਡੀਅਨ ਸਿਟੀਜਨ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ ਲੜਕੀ ਦੀ ਉਮਰ ਘੱਟੋ ਘੱਟ 35 ਸਾਲ ਹੋਵੇ ਸੰਪਰਕ ਕਰੋ : 1 (403) 399-5130 AP 04-04


ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012

ਦਲਜੀਤ ਸਿੰਘ ਰਾਏ


## BRIDE WANTED

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ ਨਸ਼ਿਆਂ ਤੋਂ ਰਹਿਤ 25 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਸਾਂਝੇ ਪਰਿਵਾਰ ਵਿਚ ਰਹਿਣ ਵਾਲੀ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨਿਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਇੰਜੀਨਿਅਰ ਫਰਮ ਵਿਚ ਕੰਮ ਕਰ ਰਿਹਾ ਹੈ। ਲੜਕੇ ਦਾ ਕੱਦ 5'10" ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। USA ਦੀ ਲੜਕੀ ਨੂੰ ਪਹਿਲ। ਸੰਪਰਕ ਕਰਨ ਲਈ ਫੋਨ ਕਰੋ 604-902-9068 ਜਾਂ ਈ ਮੇਲ ਕਰੋ gillco1977@gmail.com, ਮੈਰਿਜ ਬਿਊਰੋ ਵਾਲੇ ਕਿਰਪਾ ਕਰਕੇ ਸੰਪਰਕ ਨਾ ਕਰਨ AP 13-02

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ 26 ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

ਕੈਨੇਡਾ ਸੈਟਲ ਜੱਟ ਸਿੱਖ ਸਿੱਧੂ ਪਰਿਵਾਰ ਦਾ ਲੜਕਾ, ਉਮਰ 30 ਸਾਲ, ਕੱਦ 5 ਫੁੱਟ 10 ਇੰਚ, ਸੀ.ਪੀ.ਏ. ਫੈਡਰਲ ਸਰਕਾਰ ਨੌਕਰੀ ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 778-829-0991 AP 02-04

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

# ਜੇ ਹਵਾ ਇਹੀ ਰਹੀ ਤਾਂ ?

ਲਿਖਤ : ਕੁਲਦੀਪ ਸਾਹਿਲ, 9417990040

ਦੇਸ਼ ਦੇ ਹੋਰ ਸੂਬਿਆਂ ਵਾਂਗ ਪੰਜਾਬ ਵਿੱਚ ਵੀ ਹਵਾ ਦੇ ਪ੍ਰਦੂਸ਼ਨ ਦਾ ਕਹਿਰ ਲਗਾਤਾਰ ਵਧਦਾ ਜਾ ਰਿਹਾ ਹੈ। ਪੰਜਾਬ ਦਾ ਪ੍ਰਸ਼ਾਸਨ, ਸਰਕਾਰ ਅਤੇ ਲੋਕ ਇਸ ਮੁੱਦੇ ਤੇ ਗੰਭੀਰ ਨਹੀਂ ਹਨ । ਪੰਜਾਬ ਵਿੱਚ ਟ੍ਰੈਫਿਕ ਪੁਲਿਸ ਵਲੋਂ ਕਦੇ ਵੀ ਵਾਹਨਾਂ ਦੇ ਪ੍ਰਦੂਸ਼ਨ ਸਰਟੀਫਿਕੇਟਾ ਦੀ ਜਾਂਚ ਤਾਂ ਬਹੁਤ ਦੂਰ ਦੀ ਗੱਲ ਹੈ ਵੱਡੀ ਮਾਤਰਾ ਵਿੱਚ ਧੂਆਂ ਛੱਡ ਰਹੇ ਵਾਹਨਾਂ ਵਲ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ। ਅਗਰ ਅੰਕੜਿਆਂ ਦੇ ਹਿਸਾਬ ਨਾਲ ਗੱਲ ਕਰੀਏ ਤਾਂ 80% ਤੋਂ ਵੱਧ ਵਾਹਨਾਂ ਦੇ ਪ੍ਰਦੂਸ਼ਨ ਸਰਟੀਫਿਕੇਟ ਨਹੀਂ ਹਨ ਅਗਰ ਚੰਡੀਗੜ੍ਹ ਦੀ ਗੱਲ ਕਰੀਏ ਤਾਂ ਸਿਰਫ 10% ਵਾਹਨਾਂ ਦੇ ਸਰਟੀਫਿਕੇਟ ਨਹੀਂ ਹਨ। ਚੰਡੀਗੜ੍ਹ ਵਿੱਚ ਡੀਜ਼ਲ ਆਟੋ ਰਿਕਸ਼ਾ ਤੇ ਪਬੰਦੀ ਹੈ ਜਦੋਂ ਕਿ ਪੰਜਾਬ ਵਿੱਚ ਇਹੋ ਜਿਹੇ ਵਾਹਨਾਂ ਤੇ ਕੋਈ ਰੋਕ ਨਹੀਂ ਹੈ। ਪੰਜਾਬ ਵਿੱਚ ਹਵਾ ਦੇ ਪ੍ਰਦੂਸ਼ਣ ਦੇ ਮੁੱਖ ਕਾਰਨ ਵਾਹਨਾਂ ਅਤੇ ਉਦਯੋਗਾਂ ਦੀ ਵਧਦੀ ਗਿਣਤੀ, ਨਿਰਮਾਣ ਕਾਰਜ, ਕੂੜੇ ਦੇ ਜਲਦੇ ਢੇਰ, ਥਰਮਲ ਪਲਾਂਟ, ਸੜਕਾਂ ਉਤੇ ਉਡਦੀ ਧੂੜ, ਉਤਰੀ ਰਾਜਾਂ ਵਿਚ ਫਸਲਾਂ ਦੀ ਰਹਿੰਦ-ਖੂੰਹਦ ਨੂੰ ਹਰ ਸਾਲ ਲੱਗਦੀ ਅੱਗ ਅਤੇ ਉਸ ਦਾ ਧੂੰਆਂ ਅਤੇ ਦੀਵਾਲੀ ਸਮੇਂ ਜਲਦੇ ਪਟਾਖੇ ਆਦਿ ਹਨ। ਕੋਵਿਡ-19 ਦੇ ਲੌਕਡਾਊਨ ਸਮੇਂ ਪ੍ਰਦੂਸ਼ਨ ਕਾਫੀ ਹੱਦ ਤੱਕ ਘੱਟ ਗਿਆਂ ਸੀ ਕਿਉਂਕਿ ਸਰਕਾਰ ਨੂੰ ਮਜ਼ਬੂਰੀ ਵੱਸ ਉਦਯੋਗ ਅਤੇ ਨਿੱਜੀਵਾਹਨ ਬੰਦ ਕਰਨੇ ਪਏ ਸਨ ਤਾਂ ਇੱਥੋਂ ਦਾ ਅਸਮਾਨ ਬਿਲਕੁਲ ਸਾਫ ਹੋ ਗਿਆ ਸੀ, ਜਦੋਂ ਕਿ ਉਸ ਸਮੇਂ ਪੰਜਾਬ ਅਤੇ ਹਰਿਆਣੇ ਦੇ ਕਿਸਾਨ ਆਪਣੀ ਹਾੜ੍ਹੀ ਦੀ ਫਸਲ ਚੁੱਕ ਰਹੇ ਅਤੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਵੀ ਅੱਗ ਲਾ ਰਹੇ ਸਨ। ਕੋਇਲੇ ਨਾਲ ਚੱਲਣ ਵਾਲੇ ਥਰਮਲ ਪਲਾਂਟਾਂ, ਜੋ ਹਰ ਰੋਜ਼ ਵਾਤਾਵਰਨ ਵਿਚ ਵੱਡੀ ਮਾਤਰਾ ਵਿਚ ਸਲਫਰਡਾਇਆਕਸਾਈਡ, ਨਾਈਟਰੋਜਨ ਆਕਸਾਈਡ ਅਤੇ ਪੀ. ਐੱਮ. 10 ਅਤੇ ਪੀ. ਐੱਮ. 2.5 ਦੇ ਕਣ ਸੁੱਟਦੇ ਹਨ, ਉਤੇ ਐਮ. ਓ. ਈ. ਐੱਫ. ਸੀ. ਸੀ. ਵੱਲੋਂ 2015 ਵਿਚ ਨਿਰਧਾਰਤ ਕੀਤੇ ਨਿਯਮ ਸਖਤੀ ਨਾਲ ਲਾਗੂ ਕਰਨੇ ਚਾਹੀਦੇ ਹਨ। ਥਰਮਲ ਪਲਾਂਟਾਂ ਦੇ ਮਾਲਕਾਂ ਨੇ 2015 ਦੇ ਵਾਤਾਵਰਣ ਨਿਯਮਾਂ ਵਿਚ ਢਿੱਲ ਦੇਣ ਲਈ ਸੁਪਰੀਮ ਕੋਰਟ ਵਿਚ ਅਰਜ਼ੀ ਦਿੱਤੀ ਸੀ ਅਤੇ ਉਸ ਵਿਚ ਉਨ੍ਹਾਂ ਨੂੰ 2022 ਤੱਕ ਢਿੱਲ ਮਿਲ ਗਈ ਹੈ। ਸੈਂਟਰ ਫਾਰ ਸਾਇੰਸ ਅਤੇ ਇਨਵਾਇਰਨਮੈਂਟ ਦੀ ਇਕ ਰਿਪੋਰਟ ਅਨੁਸਾਰ ਹਾਲ ਦੀ ਘੜੀ ਥਰਮਲ ਪਲਾਂਟਾਂ ਵਿਚੋਂ ਸਿਰਫ 2% ਪਲਾਂਟ ਹੀ ਵਾਤਾਵਰਨ ਨਿਯਮਾਂ ਉਤੇ ਖਰੇ ਉਤਰਦੇ ਹਨ। ਸਰਕਾਰ ਦੀਆਂ ਇਸ ਤਰ੍ਹਾਂ ਦੀਆਂ ਢਿੱਲਾਂ ਪੰਜਾਬ ਦੇ ਵਾਤਾਵਰਨ ਨੂੰ ਤੇਜ਼ੀ ਨਾਲ ਪ੍ਰਦੂਸ਼ਿਤ ਕਰਨ ਲਈ ਜ਼ਿੰਮੇਵਾਰ ਹਨ।

ਹਵਾ ਦਾ ਪ੍ਰਦੂਸ਼ਣ ਇੱਕ ਅਦਿੱਖ ਜ਼ਹਿਰ ਹੈ, ਜੋ ਰੋਜ਼ਾਨਾ ਹਜ਼ਾਰਾਂ ਜ਼ਿੰਦਗੀਆਂ ਨੂੰ ਨਿਗਲ ਰਿਹਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਹਵਾ ਪ੍ਰਦੂਸ਼ਣ ਸਾਡੇ ਫੇਫੜਿਆਂ ਨੂੰ ਕਿੰਨਾ ਪ੍ਰਭਾਵਿਤ ਕਰਦਾ ਹੈ, ਪਰ ਇਹ ਨੁਕਸਾਨ ਸਿਰਫ ਫੇਫੜਿਆਂ ਤੱਕ ਹੀ ਸੀਮਤ ਨਹੀਂ ਹੈ ਪ੍ਰਦੂਸ਼ਣ ਸਾਡੇ ਦਿਲ, ਦਿਮਾਗ, ਅੱਖਾਂ ਅਤੇ ਚਮੜੀ ਦੀ ਸਿਹਤ ਦੇ ਨਾਲ-ਨਾਲ ਗਠੀਏ ਵਰਗੀਆਂ ਆਟੋਇਮਿਊਨ ਬਿਮਾਰੀਆਂ ਦਾ ਕਾਰਨ ਵੀ ਬਣ ਰਿਹਾ ਹੈ। ਦੁਨੀਆਂ ਵਿੱਚ ਹਵਾ ਪ੍ਰਦੂਸ਼ਣ ਕਾਰਨ ਹਰ ਸਾਲ 7 ਮਿਲੀਅਨ ਲੋਕਾਂ ਦੀ ਮੌਤ ਹੁੰਦੀ ਹੈ। ਭਾਰਤ ਦੇ 22 ਦੇ ਕਰੀਬ ਸ਼ਹਿਰ ਦੁਨੀਆਂ ਦੇ ਸਭ ਤੋਂ ਵੱਧ ਪ੍ਰਦੂਸ਼ਤ ਸ਼ਹਿਰਾਂ ਵਿੱਚੋ ਆਉਂਦੇ ਹਨ। ਪ੍ਰਦੂਸ਼ਣ ਕਾਰਨ ਇਕ ਸਾਲ ਵਿਚ ਲਗਭਗ 24 ਲੱਖ ਭਾਰਤੀਆਂ ਦੀ ਮੌਤ ਹੋਈ, ਜਿਨ੍ਹਾਂ ਵਿਚੋਂ 16.7 ਲੱਖ ਲੋਕ ਇਕੱਲੇ ਹਵਾ ਪ੍ਰਦੂਸ਼ਣ ਕਾਰਨ ਆਪਣੀ ਜਾਨ ਗੁਆ ਬੈਠੇ ਹਨ। ਇਹ ਅੰਕੜਾ ਦੁਨੀਆ ਦੇ ਬਾਕੀ ਦੇਸ਼ਾਂ ਦੇ ਮੁਕਾਬਲੇ ਸਭ ਤੋਂ ਵੱਧ ਹੈ। ਪੰਜਾਬ ਵੀ ਹਵਾ ਪ੍ਰਦੂਸ਼ਨ ਕਰਕੇ ਸਿਹਤਮੰਦ ਨਹੀਂ ਰਿਹਾ।ਅਗਰ ਜ਼ਮੀਨੀ ਪੱਧਰ ਤੇ ਦੇਖਿਆ ਜਾਵੇ ਤਾਂ ਪ੍ਰਦੂਸ਼ਨ ਦੇ ਮੁੱਦੇ ਤੇ ਸਰਕਾਰਾਂ ,ਪ੍ਰਸ਼ਾਸਨ ਅਤੇ ਲੋਕ ਬੇਖਬਰ ਹਨ। ਹਵਾ ਪ੍ਰਦੂਸ਼ਨ ਇਨਸਾਨ ਲਈ ਇੱਕ ਮੌਤ ਵੱਲ ਜਾਂਦੇ ਰਸਤੇ ਦੇ ਬਰਾਬਰ ਹੀ ਹੈ।

ਜੇ ਜ਼ਿਆਦਾ ਨਹੀਂ ਤਾਂ ਚੰਡੀਗੜ੍ਹ ਦੀ ਤਰਜ਼ ਤੇ ਪੰਜਾਬ ਵਿੱਚ ਵੀ ਸਰਕਾਰ, ਪ੍ਰਸ਼ਾਸਨ, ਅਤੇ ਲੋਕਾ ਵਲੋਂ ਮਿਲਕੇ ਹਵਾ ਪ੍ਰਦੂਸ਼ਨ ਨੂੰ ਘੱਟ ਕਰਨ ਲਈ ਉਪਰਾਲੇ ਕਰਨੇ ਚਾਹੀਦੇ ਹਨ।



# ਹਵਾਈ ਜਹਾਜ਼ ਦੇ ਖੋਜੀ ਰਾਈਟ ਭਰਾ

ਪ੍ਰਿੰ:ਹਰੀ ਕ੍ਰਿਸ਼ਨ ਮਾਇਰ
97806-67686

ਰੌਚਕ ਜਾਣਕਾਰੀ



ਵਿਲਬਰ ਦਾ ਜਨਮ ਮਿਲਵਿਲੇ (ਇੰਡਿਆਨਾ) ਵਿਚ 16 ਅਪ੍ਰੈਲ 1867 ਨੂੰ ਹੋਇਆ ਸੀ। ਓਰਵਿਲੇ ਦਾ ਜਨਮ 19 ਅਗਸਤ 1871 ਨੂੰ ਡੇਅਟਨ (ਓਹਾਇਓ) ਵਿਚ ਹੋਇਆ। ਉਹ ਸੱਤ ਭੈਣ ਭਰਾ ਸਨ। ਉਹ ਦੋਵੇਂ ਹੋਰਾਂ ਨਾਲ਼ੋਂ ਛੋਟੇ ਸਨ। ਵਿਲਬਰ ਓਰਵਿਲੇ ਤੋਂ ਚਾਰ ਸਾਲ ਵੱਡਾ ਸੀ। ਦੋਹਾਂ ਭਰਾਵਾਂ ਦੀ ਰੁਚੀ ਬਚਪਨ ਤੋਂ ਹੀ ਨਵੀਂਆਂ ਖੋਜਾਂ ਖੋਜਣ ਵਿਚ ਸੀ। ਵਿਲਬਰ ਚਾਰ ਸਾਲ ਹਾਈ ਸਕੂਲ ਵਿਚ ਪੜ੍ਹਿਆ ਸੀ ਅਤੇ ਓਰਵਿਲੇ ਤਿੰਨ ਸਾਲ। ਉਨ੍ਹਾ ਦੀ ਦਿਲਚਸਪੀ ਉਦੋਂ ਉੱਡਦੀਆਂ ਚੀਜ਼ਾਂ ਵਿਚ ਹੋ ਗਈ, ਜਦੋਂ ਉਨ੍ਹਾ ਦਾ ਪਿਤਾ ਉਨ੍ਹਾ ਦੇ ਖੇਡਣ ਲਈ ਇਕ ਖਿਡੌਣਾ ਹੈਲੀਕਾਪਟਰ ਲੈ ਕੇ ਆਇਆ ਸੀ। ਇਹ ਖਿਡੌਣਾ ਫਰਾਂਸ ਦੇ ਖੋਜੀ ਐਲਫੋਨਸੇ ਪੇਨੌਡ ਦੀ ਖੋਜ 'ਤੇ ਆਧਾਰਤ ਸੀ। ਇਕ ਫੁੱਟ ਦੇ ਕਰੀਬ ਲੰਬਾ,ਇਹ ਜਹਾਜ਼ ਖਿਡੌਣਾ ਕਾਗ਼ਜ਼, ਬਾਂਸ, ਕਾਰਕ ਸਮੇਤ ਰਬੜ ਬੈਂਡ (ਰੋਟਰ ਨੂੰ ਘੁਮਾਉਣ ਲਈ ) ਦਾ ਬਣਿਆਂ ਹੋਇਆ ਸੀ। ਦੋਵੇ ਭਰਾ ਉਸ ਖਿਡੌਣੇ ਨਾਲ ਉਦੋ ਤੱਕ ਖੇਡਦੇ ਰਹੇ ਜਦੋਂ ਤੱਕ ਇਹ ਟੁੱਟ ਨਹੀਂ ਗਿਆ। ਫੇਰ ਉਨ੍ਹਾਂ ਨੇ ਖ਼ੁਦ ਜਹਾਜ਼ ਖਿਡੌਣਾ ਤਿਆਰ ਕਰ ਲਿਆ। ਓਰਵਿਲੇ ਨੂੰ ਪਤੰਗ ਤਿਆਰ ਕਰਨ ਅਤੇ ਉਡਾਣ ਦਾ ਪਹਿਲਾਂ ਹੀ ਸ਼ੌਕ ਸੀ। ਓਰਵਿਲੇ ਨੇ ਦੁਨੀਆਂ ਦੀ ਪਹਿਲੀ ਉਡਾਣ ਉੱਤਰੀ ਕੈਰੋਲੀਨਾ ਦੇ ਕਿੱਟੀ ਹਾਅਕ ਸਥਾਨ ਤੋਂ 17 ਦਿਸੰਬਰ 1903 ਨੂੰ ਭਰੀ। ਕਿੱਟੀ ਹਾਅਕ ਸਥਾਨ ਦੀ ਚੋਣ ਕਰਨ ਪਿੱਛੇ ਇਹੀ ਕਾਰਨ ਸੀ ਕਿ ਉਸ ਥਾਂ 'ਤੇ ਇਕ ਉੱਚੀ ਪਹਾੜੀ ਸੀ। ਉੱਥੇ ਮੱਠੀ ਮੱਠੀ ਹਵਾ ਰੁਮਕਦੀ ਸੀ। ਰੇਤੀਲੀ ਜਗ੍ਹਾ ਸੀ। ਇੱਥੇ ਸੰਕਟ ਸਮੇਂ ਜਹਾਜ਼ ਉਤਾਰਨਾ ਸੌਖਾ ਸੀ। ਪਹਿਲੀ ਉਡਾਣ ਵੇਲੇ ਜਹਾਜ਼ ਕੇਵਲ 12 ਸੈਕਿੰਡ ਹੀ ਉੱਡਿਆ। ਇਸ ਸਮੇਂ ਦੌਰਾਨ ਉਸ ਨੇ 120 ਫੁੱਟ ਦੀ ਦੂਰੀ ਤਹਿ ਕੀਤੀ। ਉਸ ਦਿਨ ਦੋਵੇਂ ਭਾਈਆਂ ਨੇ ਵਾਰੀ ਵਾਰੀ ਕਈ ਵਾਰੀ ਉਡਾਣਾਂ ਭਰੀਆਂ। ਥੋੜ੍ਹੀ ਲੰਬੀ ਦੂਰੀ ਵੀ ਉੱਡੇ। ਜਿਹੜਾ ਕਾਰਜ ਰਾਈਟ ਭਰਾਵਾਂ ਨੇ ਪੂਰਾ ਕਰ ਦਿਖਾਇਆ ਇਹ ਕੋਈ ਐਰਾ ਗੈਰਾ ਕੰਮ ਨਹੀਂ ਸੀ। ਫਿਰ ਉਹ ਸਾਲਾਂ ਵਧੀ ਗਲਾਈਡਰਾਂ, ਖੰਭਾ ਦੇ ਡਿਜ਼ਾਈਨ ਵਿਚ ਸੁਧਾਰ ਕਰਨ ਲਈ ਪ੍ਰਯੋਗ ਕਰਦੇ ਰਹੇ ਸਨ। ਹੁਣ ਤੀਕਰ ਉਨ੍ਹਾ ਨੂੰ ਪਤਾ ਲੱਗ ਚੁੱਕਾ ਸੀ ਕਿ ਦਮਦਾਰ ਪ੍ਰੋਪੈਲਰ ਅਤੇ ਘੱਟ ਵਜ਼ਨੀ ਇੰਜਣ ਤਿਆਰ ਕਰ ਕੇ ਹੋਰ ਲੰਬੀ ਦੂਰੀ ਤੀਕ ਉਡਾਣ ਭਰਨ ਦੇ ਸਮਰੱਥ ਹੋ ਸਕਣਗੇ। ਹੌਲੀ ਹੌਲੀ ਤਕਨੀਕ ਵਿਚ ਸੁਧਾਰ ਹੁੰਦੇ ਰਹੇ। ਪਰ ਸਭ ਤੋਂ ਵੱਡਾ ਸੀ, ਉਨ੍ਹਾਂ ਦਾ ਹੌਸਲਾ, ਜੋ ਪਹਿਲੀ ਉਡਾਣ ਭਰਨ ਵੇਲੇ ਉਨ੍ਹਾ ਦੋਵਾਂ ਭਰਾਵਾਂ ਵਿਚ ਮੌਜੂਦ ਸੀ। ਪਹਿਲੀ ਉਡਾਣ ਭਰਨ ਪਿੱਛੋਂ ਉਹ ਚੈਨ ਨਾਲ ਨਹੀਂ ਬੈਠੇ ਸਨ। ਉਹ ਆਪਣੇ ਜਹਾਜ਼ ਨੂੰ ਪੂਰਾ ਕਰਨ ਵਿਚ ਰੁੱਝੇ ਰਹੇ। ਇਕ ਸਾਲ ਪਿੱਛੋਂ ਨਵੰਬਰ 1904 ਨੂੰ ਵਿਲਬਰ ਨੇ ਆਪਣਾ ਸੁਧਰਿਆ ਨਵਾਂ ਹਵਾਈ ਜਹਾਜ਼, ਫਲਾਇਰ-2 ਹਵਾ ਵਿਚ ਉਡਾਇਆ । ਇਸ ਵਾਰ ਉਹ ਪੰਜ ਮਿੰਟ ਉਡਾਣ ਭਰ ਸਕਿਆ ਸੀ। ਇਸ ਤੋਂ ਉਪਰੰਤ ਰਾਈਟ ਭਰਾਵਾਂ ਨੇ ਏਅਰੋ ਡਾਇਨੈਮਿਕਸ, ਪ੍ਰੋਪੈਲਰ, ਖੰਭਾ ਨੂੰ ਡਿਜ਼ਾਈਨ ਕਰਨ ਹਿਤ ਬੜਾ ਕੰਮ ਕੀਤਾ। ਰਾਈਟ ਭਰਾਵਾਂ ਨਾਲ ਜੁੜੀਆਂ ਕੁਝ ਦਿਲਚਸਪ ਗੱਲਾਂ ਤੁਹਾਡੇ ਨਾਲ ਸਾਂਝੀਆਂ ਕਰੀਏ:

ਉਨ੍ਹਾਂ ਦਾ ਪਿਤਾ ਸੁਰੱਖਿਆ ਨੂੰ ਮੱਦੇਨਜਰ ਰੱਖਦਿਆਂ ਉਨ੍ਹਾਂ ਨੂੰ ਅਕਸਰ ਕਿਹਾ ਕਰਦਾ, ਓਏ ਤੁਸੀ ਦੋਵੇਂ ਇਕੱਠੇ ਨਾਂ ਜਹਾਜ਼ ਉਡਾਇਆ ਕਰੋ। ਜੇ ਕੱਠਿਆਂ ਦੇ ਸੱਟ ਫੇਟ ਲੱਗ ਗਈ, ਮੁਸੀਬਤ ਖੜ੍ਹੀ ਕਰ ਦਿਉਗੇ।


19 ਅਗਸਤ ਦੇ ਦਿਨ ਓਰੀਵਿਲੇ ਰਾਈਟ ਦਾ ਜਨਮ ਦਿਨ ਸੀ,ਉਸੇ ਦਿਨ 'ਨੈਸ਼ਨਲ ਏਵੀਏਸ਼ਨ ਦਿਵਸ' ਹੁੰਦਾ ਹੈ।

ਦੋਵੇਂ ਭਰਾ ਆਕਾਸ਼ ਵਿਚ ਪੰਛੀਆਂ ਨੂੰ ਉੱਡਦਿਆਂ ਦੇਖਦੇ ਸਨ ਕਿ ਕਿਵੇਂ ਉਹ ਆਪਣੇ ਖੰਭਾਂ ਦਾ ਉਪਯੋਗ ਕਰਦੇ ਸਨ। ਇਸ ਨਿਰੀਖਣ ਨਾਲ ਉਹ ਆਪਣੇ ਜਹਾਜ਼ ਦੇ ਖੰਭਾਂ ਨੂੰ ਆਕਾਰ ਤੇ ਦਿਸ਼ਾ ਦੇਂਦੇ ਸਨ। ਉੱਤਰੀ ਕੈਰੋਲੀਨ ਅਤੇ ਓਹਾਇਓ ਦੋਵੇਂ ਹੀ ਰਾਈਟ ਭਰਾਵਾ ਦੀ ਉਡਾਣ 'ਤੇ ਮਾਣ ਮਹਿਸੂਸ ਕਰਦੇ ਸਨ। ਓਹਾਇਓ ਵਿਚ ਉਹ ਰਹਿੰਦੇ ਰਹੇ ਸਨ। ਉੱਥੇ ਹੀ ਏਅਰ ਕਰਾਫ਼ਟ ਡਿਜ਼ਾਈਨ ਕੀਤਾ ਸੀ। ਉੱਤਰੀ ਕੈਰੋਲੀਨ ਵਿਚ ਉਨ੍ਹਾਂ ਪਹਿਲੀ ਉਡਾਣ ਭਰ ਕੇ ਇਤਿਹਾਸ ਸਿਰਜਿਆ ਸੀ।

## ਰਸਤਾ ਲੱਭੋ




## ਬਿੰਦੂ ਮਿਲਾਓ



# ਵੀਡੀਓ ਖੇਡਾਂ ਦਾ ਬਾਲ-ਮਨ 'ਤੇ ਪ੍ਰਭਾਵ

ਲਿਖਤ : ਹਰੀਦਾਸ ਕਾਲੋਨੀ, ਨਾਭਾ।
ਸੰਪਰਕ : 94178-97576




ਕੋਈ ਵੀ ਖੇਡ ਬਾਲ-ਮਨ ਦੀ ਪਹਿਲੀ ਪਸੰਦ ਹੋ ਸਕਦੀ ਹੈ, ਕਿਉਂਕਿ ਬਾਲ-ਮਨ ਹੁੰਦਾ ਹੀ ਚੰਚਲ ਹੈ। ਮਨ ਕਿਸੇ ਵੀ ਖੇਡ ਨੂੰ ਖੇਡਣ ਪਿੱਛੇ ਬੜੀ ਵੱਡੀ ਭੂਮਿਕਾ ਅਦਾ ਕਰਦਾ ਹੈ। ਖੇਡਾਂ ਬਾਲ-ਮਨਾਂ 'ਚ ਛੇਤੀ ਫ਼ੈਸਲਾ ਲੈਣ ਦੀ ਸਮਰੱਥਾ 'ਚ ਭਰਪੂਰ ਵਾਧਾ ਕਰਦੀਆਂ ਹਨ। ਬਾਲ-ਮਨ ਵਿਚ ਖੇਡ ਹਰ ਪਲ ਚਲਦੀ ਰਹਿੰਦੀ ਹੈ, ਕਿਉਂਕਿ ਬਾਲ-ਮਨ ਦਾ ਖੇਡ ਨਾਲ ਰਿਸ਼ਤਾ ਨਹੁੰ ਤੇ ਮਾਸ ਵਾਲਾ ਰਿਸ਼ਤਾ ਹੈ। ਇਸ ਰਿਸ਼ਤੇ ਨੂੰ ਹੋਰ ਮਜ਼ਬੂਤ ਅਤੇ ਹੰਢਣਸਾਰ ਬਣਾਉਣ ਲਈ ਸਹੀ ਸੇਧ ਅਤੇ ਚੰਗੀ ਸੋਚ ਦੀ ਬਹੁਤ ਲੋੜ ਹੈ।

ਖੇਡਾਂ ਬਾਲ-ਮਨ 'ਤੇ ਬਹੁਤ ਡੂੰਘੀ ਛਾਪ ਛੱਡਦੀਆਂ ਹਨ। ਖੇਡਾਂ ਬਾਲ-ਮਨ ਨੂੰ ਚੰਗੇ ਪਾਸੇ ਲਗਾਉਣ ਦਾ ਬੜਾ ਵਧੀਆ ਸਾਧਨ ਹਨ। ਬੱਚਿਆਂ ਅੰਦਰ ਛੁਪੀਆਂ ਅਸੀਮ ਸ਼ਕਤੀਆਂ ਖੇਡਾਂ ਰਾਹੀਂ ਹੀ ਬਾਹਰ ਲਿਆਂਦੀਆਂ ਜਾ ਸਕਦੀਆਂ ਹਨ, ਕਿਉਂਕਿ ਖੇਡਾਂ ਬਾਲ-ਮਨ ਦੀ ਤਰਜਮਾਨੀ ਕਰਦੀਆਂ ਹੋਈਆਂ ਬੱਚੇ ਦੇ ਭਵਿੱਖ ਦਾ ਫ਼ੈਸਲਾ ਕਰਦੀਆਂ ਹਨ। ਖੇਡਾਂ ਸਾਧਾਰਨ ਮਨੁੱਖ ਨੂੰ ਅਸਧਾਰਨ ਬਣਾਉਣ, ਨਿਵੇਕਲੀ ਦਿੱਖ ਦੇਣ ਅਤੇ ਆਤਮ-ਵਿਸ਼ਵਾਸੀ ਬਣਾਉਣ ਵਿਚ ਵਡਮੁੱਲਾ ਯੋਗਦਾਨ ਪਾਉਂਦੀਆਂ ਹਨ। ਖੇਡ ਜਗਤ ਵਿਚ ਇਸ ਦੀ ਇਕ ਉਦਾਹਰਨ ਮਿਲਖਾ ਸਿੰਘ ਹੈ।

ਜੇਕਰ ਗੱਲ ਆਧੁਨਿਕ ਯੁੱਗ ਦੀ ਕਰੀਏ ਤਾਂ ਬਾਲ-ਮਨਾਂ ਉੱਤੇ ਖੇਡਾਂ ਦਾ ਅਸਰ ਸਾਫ਼ ਨਜ਼ਰ ਆਉਂਦਾ ਹੈ। ਅੱਜਕਲ੍ਹ ਬੱਚੇ ਜ਼ਿਆਦਾਤਰ ਵੀਡੀਓ ਖੇਡਾਂ ਖੇਡਣ ਵਿਚ ਜ਼ਿਆਦਾ ਦਿਲਚਸਪੀ ਵਿਖਾਉਂਦੇ ਹਨ। ਵੀਡੀਓ ਖੇਡਾਂ ਅਤੇ ਇੰਟਰਨੈੱਟ ਖੇਡਾਂ ਦਾ ਬੱਚਿਆਂ ਦੇ ਬਾਲ-ਮਨਾਂ ਉੱਤੇ ਬੜਾ ਡੂੰਘਾ ਪ੍ਰਭਾਵ ਪੈ ਰਿਹਾ ਹੈ, ਜਿਸ ਦੇ ਦੂਰਗਾਮੀ ਸਿੱਟੇ ਨਿਕਲ ਕੇ ਸਾਡੇ ਸਾਹਮਣੇ ਆ ਰਹੇ ਹਨ।

ਮੇਰੇ ਖਿਆਲ ਅਨੁਸਾਰ ਜਿਸ ਤਰ੍ਹਾਂ ਇਕ ਵੀਡੀਓ ਵਿਚ ਦਿਖਾਇਆ ਜਾਂਦਾ ਹੈ ਕਿ ਇਕ ਆਦਮੀ ਆਪਣੀ ਕਾਰ ਵਿਚ ਤੇਜ਼ ਰਫ਼ਤਾਰ ਨਾਲ ਅੱਗੇ ਵਧ ਰਿਹਾ ਹੈ। ਰਸਤੇ ਵਿਚ ਉਹ ਨਵੀਂ ਕਾਰ ਲੈਣ ਵੇਲੇ ਦੂਜੇ ਆਦਮੀ ਨੂੰ ਮਾਰਦਾ ਹੈ ਅਤੇ ਨਵੀਂ ਕਾਰ ਲੈ ਕੇ ਅੱਗੇ ਚਲਾ ਜਾਂਦਾ ਹੈ। ਇੱਥੇ ਬਾਲ-ਮਨਾਂ ਅੰਦਰ ਇਹ ਗੱਲ ਅਪਰਾਧਕ ਗਤੀਵਿਧੀਆਂ ਨੂੰ ਜਨਮ ਦੇਣ ਲਈ ਬੜੀ ਵੱਡੀ ਹੈ। ਦੂਜਾ ਤੇਜ਼ ਰਫ਼ਤਾਰ ਨਾਲ ਆਪਣੀ ਮੰਜ਼ਿਲ 'ਤੇ ਪਹੁੰਚਣ ਲਈ ਕੋਸ਼ਿਸ਼ ਕਰਨਾ ਬੱਚਿਆਂ ਨੂੰ ਟ੍ਰੈਫ਼ਿਕ ਨਿਯਮਾਂ ਨੂੰ ਤੋੜਨ ਵੱਲ ਪ੍ਰੇਰਿਤ ਕਰਦਾ ਹੈ। ਤੀਸਰਾ ਇਨ੍ਹਾਂ ਖੇਡਾਂ ਵਿਚ ਮਾਰਧਾੜ ਆਮ ਜਿਹੀ ਗੱਲ ਹੈ, ਜਿਹੜਾ ਕਿ ਬੱਚਿਆਂ ਦੇ ਮਨਾਂ ਅੰਦਰ ਗੁੱਸਾ, ਹੰਕਾਰ ਅਤੇ ਜ਼ਿਦ ਆਦਿ ਵਰਗੇ ਔਗੁਣਾਂ ਵਿਚ ਵਾਧਾ ਕਰਦਾ ਹੈ। ਚੌਥਾ ਵਾਰ-ਵਾਰ ਆਪਣੇ ਮਿਥੇ ਨਿਸ਼ਾਨੇ ਤੋਂ ਖੁੰਝਣਾ ਵੀ ਬੱਚਿਆਂ ਅੰਦਰ ਬੇਚੈਨੀ, ਅਸਹਿਣਸ਼ੀਲਤਾ ਵਰਗੇ ਵਿਕਾਰਾਂ ਨੂੰ ਜਨਮ ਦੇ ਕੇ ਬਾਲ-ਮਨਾਂ ਦੀ ਕੋਮਲਤਾ, ਸਹਿਜਤਾ ਅਤੇ ਖੇਡਾਂ ਵਿਚਲੀ ਦਿਲਚਸਪੀ ਨੂੰ ਠੇਡਾ ਮਾਰਦਾ ਹੈ। ਬਾਲ-ਮਨਾਂ 'ਤੇ ਇਕ ਅਸਹਿ ਚੀਸ ਅਤੇ ਪੀੜ ਛੱਡਦਾ ਹੈ। ਪੰਜਵਾਂ ਐਕਸੀਡੈਂਟਾਂ ਵਿਚ ਭਾਰੀ ਵਾਧੇ ਲਈ ਵੀ ਇਹ ਖੇਡਾਂ ਬਾਲ-ਮਨਾਂ ਲਈ ਘਾਤਕ ਸਿੱਧ ਹੋ ਰਹੀਆਂ ਹਨ। ਇਕ ਗੱਡੀ ਦਾ ਦੂਜੀ ਗੱਡੀ ਨਾਲ ਟਕਰਾਉਣਾ ਅਤੇ ਉਸ ਨੂੰ ਹਵਾ ਵਿਚ ਉੱਡਦੀ ਵੇਖਣਾ, ਤੇਜ਼ ਰਫ਼ਤਾਰ ਨਾਲ ਕੋਲੋਂ ਲੰਘਣਾ ਜਾਂ ਫੇਟ ਮਾਰ ਕੇ ਅੱਗੇ ਲੰਘ ਜਾਣਾ ਜਿੱਥੇ ਬੱਚਿਆਂ ਨੂੰ ਅਤਿ ਦੀ ਖ਼ੁਸ਼ੀ ਦਿੰਦਾ ਹੈ, ਉੱਥੇ ਹੀ ਜਦੋਂ ਬੱਚਾ ਆਮ ਜ਼ਿੰਦਗੀ ਵਿਚ ਵਿਚਰਦਾ ਹੈ ਤਾਂ ਸੜਕ 'ਤੇ ਗੱਡੀ ਚਲਾਉਂਦੇ ਸਮੇਂ ਉਪਰੋਕਤ ਮਾਨਸਿਕਤਾ ਦਾ ਪੈਦਾ ਹੋਣਾ ਸੁਭਾਵਿਕ ਜਿਹੀ ਗੱਲ ਹੈ।

ਸਾਧਾਰਨ ਖੇਡਾਂ ਜਿੱਥੇ ਬੱਚਿਆਂ ਅੰਦਰ ਰਚਨਾਤਮਿਕਤਾ, ਮੇਲ-ਮਿਲਾਪ ਅਤੇ ਸਹਿਣਸ਼ੀਲਤਾ ਵਰਗੇ ਗੁਣ ਪੈਦਾ ਕਰਦੀਆਂ ਹਨ, ਉੱਥੇ ਇਨ੍ਹਾਂ ਖੇਡਾਂ ਨੇ ਬੜਾ ਨਾਕਾਰਾਤਮਕ ਪ੍ਰਭਾਵ ਪਾਇਆ ਹੈ। ਅੱਜ ਅਸੀਂ ਬੱਚਿਆਂ ਨੂੰ ਇਹ ਨਹੀਂ ਕਹਿ ਸਕਦੇ ਕਿ ਟੀ.ਵੀ. ਨਹੀਂ ਵੇਖਣਾ, ਇੰਟਰਨੈੱਟ ਨਹੀਂ ਵਰਤਣਾ ਜਾਂ ਵੀਡੀਓ ਖੇਡਾਂ ਨਹੀਂ ਖੇਡਣੀਆਂ, ਕਿਉਂਕਿ ਟੀ.ਵੀ. ਹਰ ਘਰ ਵਿਚ ਹੈ, ਇੰਟਰਨੈੱਟ ਦੀ ਵਰਤੋਂ ਹਰ ਥਾਂ ਕੀਤੀ ਜਾ ਸਕਦੀ ਹੈ, ਵੀਡੀਓ ਖੇਡਾਂ ਬੱਚਿਆਂ ਦੀ ਪਹਿਲੀ ਪਸੰਦ ਹਨ। ਇਸ ਕਰਕੇ ਬੱਚਿਆਂ ਨੂੰ ਥੋੜ੍ਹੀ ਜਿਹੀ ਚੰਗੀ ਸੇਧ ਦੇ ਕੇ ਇਨ੍ਹਾਂ ਨਾਲ ਜੋੜਿਆ ਜਾ ਸਕਦਾ ਹੈ, ਜਿਸ ਦੇ ਚੰਗੇ ਸਿੱਟੇ ਨਿਕਲ ਸਕਦੇ ਹਨ। ਵੀਡੀਓ ਖੇਡਾਂ ਦੇ ਕੁਝ ਸਾਰਥਕ ਪੱਖ ਵੀ ਸਾਡੇ ਸਾਹਮਣੇ ਆ ਰਹੇ ਹਨ। ਮਨ ਨੂੰ ਇਕਾਗਰ ਕਰਕੇ ਅਗਲੇ ਪੜਾਅ 'ਤੇ ਪਹੁੰਚਣਾ, ਹਰ ਕੰਮ ਨੂੰ ਪੂਰਾ ਕਰਕੇ ਹੀ ਦਮ ਲੈਣਾ, ਜਿੱਤ ਲਈ ਨਵੇਂ ਢੰਗ-ਤਰੀਕੇ ਅਪਣਾਉਣਾ, ਸੋਚ ਨੂੰ ਤਿੱਖਾ ਰੱਖਣਾ ਅਤੇ ਜਿੱਤ ਦੀ ਖ਼ੁਸ਼ੀ ਮਨਾਉਣਾ ਆਦਿ।



# ਕਾਵਿ-ਲਹਿਰਾਂ

## ਤੂੰ ਛਡ ਦੇ ਦਿਲਾ ਏਹਨਾਂ ਹਾਵਾਂ ਦੀ ਰਾਖੀ

ਤੂੰ ਛਡ ਦੇ ਦਿਲਾ ਏਹਨਾਂ ਹਾਵਾਂ ਦੀ ਰਾਖੀ,
ਕਦੀ ਹੋ ਨਈਂ ਸਕਦੀ, ਹਵਾਵਾਂ ਦੀ ਰਾਖੀ ।

ਕਦੋਂ ਤਾਈਂ ਰੋਕੇਂਗਾ, ਟੋਕੇਂਗਾ ਮੈਨੂੰ,
ਨਹੀਂ ਮੈਥੋਂ ਹੋਣੀ, ਨਿਗਾਹਵਾਂ ਦੀ ਰਾਖੀ?

ਬਸ ਇਕ ਸਾਹ ਦੇ, ਅਓਣ ਜਾਵਣ ਦੀ ਖ਼ਾਤਰ,
ਹੈ ਕਰਨੀ ਪਈ, ਲੱਖਾਂ ਸਾਹਵਾਂ ਦੀ ਰਾਖੀ ।

ਕਦੀ ਭੁਲ ਭੁਲੇਖੇ, ਓਹ ਐਧਰ ਨਾ ਆਇਆ,
ਮੈਂ ਕੀਤੀ ਏ ਬੇਕਾਰ, ਰਾਹਵਾਂ ਦੀ ਰਾਖੀ ।

ਜੇ ਕਾਲਜ ਚੋਂ ਮਿਲਦੀ, ਸਵਾਬਾਂ ਦੀ ਡਿਗਰੀ,
ਸ਼ਰੇ ਆਮ ਹੁੰਦੀ, ਗੁਨਾਹਵਾਂ ਦੀ ਰਾਖੀ ।

ਜੋ ਮਰਜ਼ੀ ਐ ਮਾਲਿਕ ਦੀ, ਹੁੰਦਾ ਹੀ ਰਹਿਣੈਂ,
ਨਾ ਧੁੱਪਾਂ ਦੀ ਹੋਣੀ, ਨਾ ਛਾਵਾਂ ਦੀ ਰਾਖੀ ।

ਸਿਤਮ ਨੇ ਤੇ, ਸੁਸਰੀ ਦੇ ਵਾਂਗੂੰ ਸੀ ਸੌਣਾਂ,
ਵਫ਼ਾ ਜੇ ਨਾ ਕਰਦੀ, ਜਫ਼ਾਵਾਂ ਦੀ ਰਾਖੀ ।

ਬਨਾਣਾਂ ਸੀ ਮੈਂ ਤੇ, ਨਿਗਾਹਾਂ ਨੂੰ ਪੱਥਰ,
ਕਰਨ ਦੇਂਦੋਂ ਜੇਕਰ, ਅਦਾਵਾਂ ਦੀ ਰਾਖੀ ।

ਜਿਵੇਂ ਕਰਦੀਆਂ 'ਮਾਵਾਂ' 'ਅਸ਼ਰਫ਼' ਹਿਫ਼ਾਜ਼ਤ,
ਨਾ ਹੋਵੇ ਓਵੇਂ ਸਾਥੋਂ 'ਮਾਵਾਂ' ਦੀ ਰਾਖੀ ।

**ਲਿਖਤ : ਅਸ਼ਰਫ਼ ਗਿੱਲ**

## ਦੁਨੀਆਦਾਰੀ

ਇਤਿਹਾਸ ਫੋਲ ਦੇਖ ਲਾ ਸਿਕੰਦਰ ਵੀ
ਗਿਆ ਦੋਵੇਂ ਹੱਥ ਲੈ ਕੇ ਖਾਲੀ ,
ਮਨ ਆਪਣਾ ਤਾ ਜਿੱਤ ਲੈ ਦੁਨੀਆ
ਜਿੱਤਣ ਦੀ ਪਈ ਤੈਨੂੰ ਕਾਹਲੀ।
ਹੱਥ ਕਿਸੇ ਦੇ ਨਾ ਆਉਣਾ ਜਗ
ਦੋ ਦੰਦਿਆਂ ਵਾਲੀ ਦਾਤੀ,
ਪਰਚਾ ਸਮਝ ਜ਼ਿੰਦਗੀ ਦਾ ਆਵਣਾ
ਜਦੋਂ ਸਾਰੀ ਉਮਰ ਲੰਘਾ ਤੀ ।
ਗੁਲਾਬਾਂ ਜਿਹੀ ਸਰ ਜਮੀਨ ਤੇ
ਕਿਉਂ ਕਿੱਕਰਾ ਦੀ ਖੇਲ ਉਗਾ ਤੀ,
ਹੀਰਿਆ ਰੂਪੀ ਸਵਾਸਾਂ ਦੀ ਪੂੰਜੀ
ਕੌਡੀਆਂ ਦੇ ਭਾਅ ਗੁਆ ਤੀ।
ਕੋਹਿਨੂਰ ਜਿਹੀ ਜਿੰਦ ਨੂੰ ਪੈਰਾਂ
ਚੋਂ ਰੋਲਦਾ ਕਰੇ ਕੋਲਿਆਂ ਦੀ ਰਾਖੀ,
ਸਫੇਦ ਬੱਦਲਾਂ ਵਰਗੀ ਰੂਹ ਕਾਲੇ
ਕਰਮਾ ਨਾਲ ਗਈ ਧੁਆਖੀ।
ਰਸ ਅੰਮ੍ਰਿਤ ਬੂੰਦ ਦਾ ਪੀਏ
ਰਲ ਮੇਰੇ ਮਨ ਸਾਥੀ,
ਓਟ ਤੇਰੀ ਤੇ ਜੀਵਨਾ
ਜਿਉ ਚਾਤ੍ਰਿਕ ਬੂੰਦ ਸਵਾਤੀ

**ਲਿਖਤ : ਨਵਦੀਪ ਕੌਰ**
**ਸੰਪਰਕ :** +1-672-272-3164

## 18 - 32

ਪੰਗਾ ਖਾਹ ਮਖਾਹ ਹੀ ਲੈ ਬੈਠਾ,
ਬੇ ਫਜੂਲਾ ਦੇ ਬਿਆਨ ਗਿਆ।

ਬਣੇ ਭੋਰਾ ਵੀ ਨਾ ਤੁਕ ਜੀਹਦੀ,
ਪੈ ਵਾਧੂ ਦਾ ਘਮਸਾਨ ਗਿਆ।

ਨਾਂ ਚਮਕਾਉਣ ਦੀ ਨਾ ਭੁੱਖ ਮਿਟੀ,
ਰਹਿ ਕਿਹੜਾ ਬਣਨੋ ਡਾਨ ਗਿਆ।

ਪੈਰੋਂ ਸਿਰ ਤੱਕ ਹਿੱਲ ਗਏ ਸਾਰੇ,
ਸੁੱਟ ਬੰਬਾਂ ਵਾਲਾ ਤੁਫ਼ਾਨ ਗਿਆ।

ਚੁਸਤ ਚਲਾਕੀ ਗਈਆਂ ਹੋ ਮਿੱਟੀ,
ਲੱਗ ਬਰਫ਼ ਦੇ ਵਿੱਚ ਸ਼ੈਤਾਨ ਗਿਆ।

ਆ ਬੋਤਾ ਗਿਆ ਪਹਾੜ ਥੱਲੇ,
ਢਹਿ ਆਪਣੇ ਆਪ ਭਲਵਾਨ ਗਿਆ।

ਫਿਰੇ ਲੱਭਦਾ ਹੁਣ ਵਕੀਲ 'ਭਗਤਾ',
ਆਈ ਸਕਿੰਜੇ ਬਚਾਉਂਦਾ ਜਾਨ ਪਿਆ।

ਹੁਣ ਚੁਗਣੀ ਵੀ ਗਈ ਹੋ ਔਖੀ,
ਜਿਹੜੀ ਬਹਿ ਖਿੰਡਾ ਕੇ ਭਾਨ ਗਿਆ।

**ਲਿਖਤ : ਬਰਾੜ-ਭਗਤਾ ਭਾਈ ਕਾ**
001-604-751-1113

## ਗ਼ਜ਼ਲ

ਪਤਝੜਾਂ ਜੇ ਆਣ ਤਾਂ ਰਿਸ਼ਤੇ ਮੁਕ ਜਾਂਦੇ।
ਦੂਰੀਆਂ ਪੈ ਜਾਣ ਤਾਂ ਰਿਸ਼ਤੇ ਮੁਕ ਜਾਂਦੇ।
ਨੇਰ੍ਹੀਆਂ ਬਣ ਕੇ ਜੇ ਜੀਵਨ ਵਿਚ ਆ ਜਾਵਣ,
ਫ਼ਰਜ਼ਾਂ ਵਿਚ ਅਹਿਸਾਨ ਤਾਂ ਰਿਸ਼ਤੇ ਮੁਕ ਜਾਂਦੇ।
ਧੀ ਦੇ ਘਰ ਵਿਚ ਜਾਂ ਫਿਰ ਨੂੰਹ ਦੇ ਘਰ ਅੰਦਰ,
ਸੱਸ ਰਵੇ ਪ੍ਰਧਾਨ ਤਾਂ ਰਿਸ਼ਤੇ ਮੁਕ ਜਾਂਦੇ।
ਜੇ ਹਨੇਰਾ ਚੰਨ ਦੀ ਲੋਅ ਨੂੰ ਖਾ ਜਾਵੇ,
ਮੁਕ ਗਈ ਪਹਿਚਾਣ ਤਾਂ ਰਿਸ਼ਤੇ ਮੁਕ ਜਾਂਦੇ।
ਲੋੜ ਤੋਂ ਵਧ ਖਾਦ ਵੀ ਪੌਦੇ ਸਾੜ ਦਵੇ,
ਬੇ ਵਜ੍ਹਾ ਮਹਿਮਾਨ ਤਾਂ ਰਿਸ਼ਤੇ ਮੁਕ ਜਾਂਦੇ।
ਪੈਰ੍ਹ ਚਾਦਰ ਦੇ ਮੁਤਾਬਿਕ ਹੀ ਜਚਦੇ ਨੇ,
ਲੋੜ ਤੋਂ ਵਧ ਦਾਨ ਤਾਂ ਰਿਸ਼ਤੇ ਮੁਕ ਜਾਂਦੇ।
ਜਦ ਵਿਭੀਸ਼ਨ ਵਰਗਾ ਕੋਈ ਆ ਟਪਕੇ ਹੈ,
ਘਰ ਦੇ ਵਿਚ ਸ਼ੈਤਾਨ ਤਾਂ ਰਿਸ਼ਤੇ ਮੁਕ ਜਾਂਦੇ
ਦੰਪਤੀ ਜੀਵਨ ਦੇ ਵਿਚ ਨੁਕਤਾਚੀਨੀ ਜੇ,
ਕਰਦਾ ਹੈ ਅਨਜਾਣ ਤਾਂ ਰਿਸ਼ਤੇ ਮੁਕ ਜਾਂਦੇ।
ਮੋਹ ਅਤੇ ਸਤਿਕਾਰ ਦੀ ਥਾਂ ਤੇ ਬਣ ਜਾਵੇ,
ਆਦਮੀ ਭਗਵਾਨ ਤਾਂ ਰਿਸ਼ਤੇ ਮੁਕ ਜਾਂਦੇ।
ਫੁੱਲ ਗਲਵਕੜੀ ਦੇ ਵਿਚ ਚੰਗੇ ਲਗਦੇ ਨੇ,
ਸੁੰਨੇ ਜੇ ਗੁਲਦਾਨ ਤਾਂ ਰਿਸ਼ਤੇ ਮੁਕ ਜਾਂਦੇ।
ਘਰ ਦੀਆਂ ਵੰਡਾ ਮਸੀਬਤ ਵਿਚ ਬਣ ਜਾਵਣ,
ਅਗਰ ਕਬਰਿਸਤਾਨ ਤਾਂ ਰਿਸ਼ਤੇ ਮੁਕ ਜਾਂਦੇ।
ਦੀਵਿਆਂ ਵਾਲੀ ਲੋਅ ਦੇ ਅੰਦਰ ਬਾਲਮ ਜੀ,
ਆ ਰਲੇ ਤੂਫ਼ਾਨ ਤਾਂ ਰਿਸ਼ਤੇ ਮੁਕ ਜਾਦੇ।

**ਲੇਖਕ : ਬਲਵਿੰਦਰ ਬਾਲਮ ਗੁਰਦਾਸਪੁਰ**
**ਸੰਪਰਕ :** 98156-25409

## ਮੇਰਾ ਪਿੰਡ

ਪਿੰਡਾਂ ਵਿੱਚੋਂ ਪਿੰਡ ਸੁਣੀਦਾ,
ਪਿੰਡ ਸੁਣੀਦਾ ਕੰਧ ਵਾਲਾ,
ਵੰਡ ਵੇਲੇ ਲੋਕੀ ਉੱਜੜ ਕੇ ਆਏ,
ਪਿੰਡ ਨਾਲ ਪੈ ਗਿਆ ਪਾਲ਼ਾ ।
ਇਸ ਪਿੰਡ ਦੀ ਧਰਤੀ ਨੂੰ ਲੋਕਾਂ,
ਰੀਝਾਂ ਦੇ ਨਾਲ ਵਾਹਿਆ,
ਮਿਹਨਤ ਨੂੰ ਫ਼ਲ ਸੀ ਲੱਗਾ,
ਲੋਕਾਂ ਰਿਜ਼ਕ ਕਮਾਇਆ।
ਸੇਪੀਆਂ ਵਾਲੇ ਤੇ ਹਾਲੀ ਪਾਲੀ,
ਸ਼ਾਹੂਕਾਰ ਵੀ ਸਾਰੇ ਚੰਗੇ,
ਜਗਨ ਸ਼ਾਹ ਤੇ ਰਾਮ ਰੱਖੇ ਨੇ,
ਸਭ ਨੂੰ ਲਾਇਆ ਬੰਨੇ।
ਭਗਵਾਨ ਸ਼ਾਹ ਦੇ ਭਾਈ ਭਤੀਜੇ,
ਸਾਰੇ ਜ਼ਮੀਨਾਂ ਵਾਲੇ,
ਦੁਕਾਨਦਾਰੀਆਂ ਖ਼ੂਬ ਚਲਾਉਂਦੇ,
ਨਾਲੇ ਹੱਲ ਵੀ ਵਾਹ ਲਏ।
ਨਵੇ ਯੁੱਗ ਆਮਦ ਦੇ ਵਿੱਚ
ਲੋਕਾਂ ਕੀਤੀ ਬਹੁਤ ਤਰੱਕੀ।
ਕੁੱਲ ਸਹੂਲਤਾਂ ਪਿੰਡ 'ਚ
ਆਈਆਂ ਇਹ ਗੱਲ ਵੀ ਪੱਕੀ ।
ਧਰਮ ਕਰਮ ਸ਼ਰਦਾ ਦੇ ਨਾਲ ਲੋਕੀ,
ਗੁਰਦੁਵਾਰਾ ਸਾਹਿਬ ਨੇ ਜਾਂਦੇ।
ਬਾਬੇ ਬੁੱਲ੍ਹੇ ਸ਼ਾਹ ਦੇ ਦਰਬਾਰ
ਜਾਕੇ ਹਾਜ਼ਰੀ ਲੋਕ ਲਵਾਂਦੇ।
ਹੋਰ ਵੀ ਜੇਕਰ ਲਿਖਣਾ ਹੋਵੇ
ਬੜੀ ਲੰਮੀ ਸੋਚ ਹੈ ਮੇਰੀ,
ਦਰਸ਼ਨ ਸੰਧੂਆ ਫੇਰ ਲਿਖੀ ਤੂੰ,
ਇਹ ਜੰਮਣ ਭੋਏ ਹੈ ਤੇਰੀ।

**ਦਰਸ਼ਨ ਸਿੰਘ ਸੰਧੂ**
**'ਕੰਧ ਵਾਲਾ ਹਾਜ਼ਰ ਖਾਂ'**
+91-98159-58382

## ਗ਼ਜ਼ਲ

ਜੋ ਤੁਰ ਚੱਲੀ ਪੈਰਾਂ ਦੇ ਵਿੱਚ ਰੋਲ ਪਿਤਾ ਦੀ ਪੱਗ,
ਉਸ ਨੂੰ ਆਪਣੀ ਗਲਤੀ ਦਾ ਛੇਤੀ ਪਤਾ ਜਾਣਾ ਲੱਗ।
ਆਪਣੇ ਘਰ ਲੱਗੀ ਤੇ ਉਹ ਰੋ,ਰੋ ਕਰਦੇ ਬੁਰਾ ਹਾਲ,
ਚੰਗੀ ਲੱਗੇ ਜਿਨ੍ਹਾਂ ਨੂੰ ਹੋਰਾਂ ਦੇ ਘਰ ਲੱਗੀ ਅੱਗ।
ਆਪਣੇ ਜੀਵਨ ਵਿੱਚ ਫੈਸਲੇ ਲੈ ਆਪੇ ਸੋਚ ਸਮਝ ਕੇ,
ਇਸ ਨੂੰ ਬਰਬਾਦ ਨਾ ਕਰ ਬੈਠੀਂ ਪਿੱਛੇ ਕਿਸੇ ਦੇ ਲੱਗ।
ਚੰਗੇ ਬੰਦੇ ਦੀ ਨਿਸ਼ਾਨੀ ਹੈ ਬਹਿ ਕੇ ਕਰਨੀ ਗੱਲ,
ਚੰਗੀ ਨ੍ਹੀ ਹੁੰਦੀ ਯਾਰਾ ਹਰ ਗੱਲ ਤੇ ਛੱਡਣੀ ਝੱਗ।
ਪੈਸੇ ਦੇ ਕੇ ਉਹਨਾਂ ਨੂੰ ਆਪਣੇ ਅੱਗੇ ਲਾ ਲੈਣ,
ਅੱਜ ਕੱਲ੍ਹ ਨੇਤਾ ਸਮਝਣ ਲੋਕਾਂ ਨੂੰ ਪਸ਼ੂਆਂ ਦਾ ਵੱਗ।
ਲੱਗਦੈ ਕੁੱਝ ਨ੍ਹੀ ਕਹਿਣਾ ਇਨ੍ਹਾਂ ਨੂੰ ਮੌਕੇ ਦੇ ਹਾਕਮ ਨੇ,
ਲੋਕਾਂ ਨੂੰ ਹੀ ਸਿੱਧੇ ਕਰਨੇ ਪੈਣੇ ਚੋਰ ਤੇ ਠੱਗ।
ਏਕੇ ਤੇ ਸ਼ਾਂਤੀ ਦੀ ਗੱਲ ਕਰੇਗਾ ਜਿਹੜਾ ਬੰਦਾ,
ਰੱਬ ਦੇ ਵਾਂਗੂੰ ਪੂਜੇਗਾ ਯਾਰੋ ਉਸ ਨੂੰ ਇਹ ਜੱਗ।

**ਲਿਖਤ : ਮਹਿੰਦਰ ਸਿੰਘ ਮਾਨ**
**ਨਵਾਂ ਸ਼ਹਿਰ-**9915803554

## ਗ਼ਜ਼ਲ

ਕਸੀਦੇ ਹਾਕਮਾਂ ਦੇ ਗਾ ਰਹੇ ਨੇ!
ਉਹ ਸ਼ਾਇਰ ਫੇਰ ਵੀ ਅਖਵਾ ਰਹੇ ਨੇ!
ਪਰਿੰਦੇ ਰੋ ਰਹੇ, ਕੁਰਲਾ ਰਹੇ ਨੇ,
ਸ਼ਹਿਰ 'ਚੋਂ ਬਿਰਖ ਕੱਟੇ ਜਾ ਰਹੇ ਨੇ!
ਮੁਸੱਲਸਲ ਸ਼ਹਿਰ ਦੀ ਇਹ ਰੁੱਤ ਕੈਸੀ,
ਕਿ ਸ਼ਾਇਰ ਏਸ ਤੋਂ ਉਕਤਾਅ ਰਹੇ ਨੇ!
ਉਨ੍ਹਾਂ ਦੀ ਨੀਤ ਸ਼ੱਕੀ ਜਾਪਦੀ ਹੈ,
ਜੁ ਚੋਗਾ ਪੰਛੀਆਂ ਨੂੰ ਪਾ ਰਹੇ ਨੇ!
ਉਨ੍ਹਾਂ ਪਰਵਾਜ਼ ਨੂੰ ਪਿੰਜਰੇ 'ਚ ਪਾਇਐ,
ਪਰਿੰਦੇ ਫੇਰ ਵੀ ਤਾਂ ਗਾ ਰਹੇ ਨੇ!
ਇਨ੍ਹਾਂ ਦੀ ਪੈੜ ਨਾ ਲੋਚੀ ਕਿਤੇ ਵੀ,
ਮੁਸਾਫ਼ਿਰ ਆ ਰਹੇ ਨੇ ਜਾ ਰਹੇ ਨੇ!

**ਲਿਖਤ : ਤ੍ਰੈਲੋਚਨ ਲੋਚੀ**
**ਸੰਪਰਕ:** 98142-53315

## ਦਿਲ ਦੀ ਘੁੰਡੀ

ਖਿੜਕੀਆਂ ਬੂਹੇ ਖੋਲ੍ਹ ਨੀਂ ਜਿੰਦੇ, ਕੁਝ ਤਾਂ ਮੂੰਹੋਂ ਬੋਲ ਨੀਂ ਜਿੰਦੇ
ਬੇ-ਦਿਲਿਆਂ ਦਾ ਕਾਹਦਾ ਜੀਣਾ, ਜੀਣ ਲਈ ਪਰ ਤੋਲ ਨੀਂ ਜਿੰਦੇ।
ਅੱਜ, ਜਦੋਂ ਇਤਿਹਾਸ ਹੋ ਗਿਆ, ਤੇ ਇਸਦਾ ਅਹਿਸਾਸ ਹੋ ਗਿਆ
ਇਹ ਪਛਤਾਵਾ ਬਣਨ ਤੋਂ ਪਹਿਲਾਂ, ਆਪਣਾ ਆਪ ਫਰੋਲ ਨੀਂ ਜਿੰਦੇ।

ਵਗਦੀ ਹਵਾ ਕੁਲਹਿਣੀ ਹੋਵੇ, ਗੱਲ ਕੋਈ ਸੱਚੀ ਕਹਿਣੀ ਹੋਵੇ
ਪੱਥਰ ਵਰਗੇ ਜਿਗਰੇ ਅੰਦਰ, ਪੁੱਗਦੀ ਨਾ ਕੋਈ ਝੋਲ ਨੀਂ ਜਿੰਦੇ।

ਲੋਕ ਰਾਜ 'ਚ ਤੇਰਾ ਵਾਸਾ ਹੋਵੇ, ਤੇਰਾ ਹੀ ਰੱਤ ਕਿਉਂ ਨਿੱਤ ਚੋਵੇ
ਸੋਚ-ਵਿਚਾਰ ਕਰਨ ਦਾ ਵੇਲਾ, ਪਾ ਕੇ ਗਲ਼ ਪਿੱਟ ਢੋਲ ਨੀਂ ਜਿੰਦੇ।
ਨ੍ਹੇਰਿਆਂ ਨੂੰ ਕਬਰੀਂ ਦਫਨਾ ਕੇ, ਚਾਨਣੀਆਂ ਦਾ ਸ਼ਹਿਰ ਵਸਾ ਕੇ
ਕਿਰਤ ਦਾ ਰੁਤਬਾ ਸਭ ਤੋਂ ਉੱਚਾ, ਹਰ ਥਾਵੇਂ ਸੱਚ ਬਲ ਨੀਂ ਜਿੰਦੇ।

ਲਫ਼ਜ਼ਾਂ ਨਾਲ ਮੁਹੱਬਤਾਂ ਪਾ ਕੇ, ਚਿੰਤਨ ਦਾ ਕੋਈ ਵੇਗ ਹੰਢਾ ਕੇ
ਆਪਣਿਆਂ ਦੇ ਗਲ਼ ਲੀਰਾਂ ਦੇਖੇਂ, ਕਰ ਕੋਈ ਅੱਥਰਾ ਘੋਲ਼ ਨੀਂ ਜਿੰਦੇ।

ਉਹ ਤੈਨੂੰ ਸਾਊ ਚੰਗਾ ਈ ਕਹਿੰਦੇ, ਆਪ ਸਦਾ ਸੁਖ ਵਿਚ ਹੀ ਰਹਿੰਦੇ
ਸੀਸ ਤਲੀ ਧਰ ਤੇ ਕੁੱਦ ਮੈਦਾਨੇ, ਸਹਿ ਸਾਰੇ ਬੋਲ-ਕੁਬੋਲ ਨੀਂ ਜਿੰਦੇ।
ਤਖ਼ਤ-ਤਾਜ ਮਨ ਆਈਆਂ ਕਰਦੇ, ਕਿਰਤੀ ਦੇ ਘਰ ਸੁਪਨੇ ਮਰਦੇ
ਮਸਲੇ ਪਰਬਤੋਂ ਭਾਰੇ ਹੋ ਗਏ, ਕੋਈ ਤਾਂ ਹੱਲ ਟੋਲ ਨੀਂ ਜਿੰਦੇ।

ਇਨਸਾਨਾਂ ਵਾਲੀ ਬਸਤੀ ਅੰਦਰ, ਹਰ ਪਾਸੇ ਕਿਉਂ ਲਿਸ਼ਕਣ ਖੰਜਰ
ਇਸ ਖ਼ਤਰੇ ਨੂੰ ਡੱਕਣ ਦੇ ਲਈ, ਬੈਠ ਤੂੰ ਆਪਣੇ ਕੋਲ ਨੀਂ ਜਿੰਦੇ।

ਹਾਕਮ ਦੀ ਹੈ ਸੋਚ ਕੁਲਹਿਣੀ, ਸਮਿਆਂ ਕਰਵਟ ਬਦਲ ਹੀ ਲੈਣੀ
ਭਗਤ, ਸਰਾਭੇ ਲੜਦੇ ਰਹਿੰਦੇ, ਦੇਖ ਇਤਿਹਾਸ ਫਰੋਲ ਨੀਂ ਜਿੰਦੇ।
ਵਕਤ ਨੇ ਉਨ੍ਹਾਂ ਨੂੰ ਚੇਤੇ ਰੱਖਿਆ, ਜਿਨ੍ਹਾਂ ਨੇ ਹੜ੍ਹ ਜਬਰ ਦਾ ਡੱਕਿਆ
ਸੰਘਰਸ਼ਾਂ ਵਾਲੇ 'ਕੱਠ 'ਚ ਬਹਿ ਕੇ, ਜਾਬਰ ਨੂੰ ਤੂੰ ਦੇਵੇਂ ਰੋਲ ਨੀਂ ਜਿੰਦੇ।
ਖਿੜਕੀਆਂ ਬੂਹੇ ਖੋਲ੍ਹ ਨੀਂ ਜਿੰਦੇ, ਕੁਝ ਤਾਂ ਮੂੰਹੋਂ ਬੋਲ ਨੀਂ ਜਿੰਦੇ।

**ਲਿਖਤ : ਕੇਹਰ ਸ਼ਰੀਫ਼, ਸੰਪਰਕ:** +491733546050

## ਧਰਤੀ

ਇਸ ਧਰਤੀ ਤੇ ਜੰਗਾਂ ਹੋਈਆਂ
ਏਸੇ ਤੇ ਹੀ ਭਗਤੀ
ਏਸੇ ਤੇ ਹੀ ਲੁੱਟਾਂ ਖੋਹਾਂ
ਕਈ ਥਾਂਈਂ ਗੁਰਬਤ ਵਰਤੀ
ਇਸ ਧਰਤੀ ਤੇ ਜੀਵਨ ਫਲਿਆ
ਏਸੇ ਤੇ ਹੀ ਮੌਤਾਂ ,
ਏਸੇ ਤੇ ਹੀ ਗਿਆਨ ਨੇ ਅੱਜ ਤੱਕ
ਲੱਭੀਆਂ ਇਲਮ,ਰਸੌਤਾਂ ।
ਇਸ ਧਰਤੀ ਤੇ ਪਾਣੀ ਵਗਿਆ
ਏਸੇ ਤੇ ਹੀ ਮਿੱਟੀ
ਕਈ ਥਾਂਈ ਏ ਮੱਸਿਆ ਵਾਂਗੂੰ
ਕਈ ਥਾਂਈ ਚੰਨ ਤੋਂ ਚਿੱਟੀ
ਏਸੇ ਦੇ ਹੀ ਵਿਚ ਸਮਾਏ
ਜੋ ਇਤਿਹਾਸ ਦੇ ਪੰਨੇ
ਸਭ ਕੋਲੇ ਥੋੜ੍ਹਾ ਥੋੜ੍ਹਾ ਸੱਚ ਐ
ਬੰਦਾ ਕੀਹਦੀ ਕੀਹਦੀ ਮੰਨੇ
ਏਸੇ ਤੇ ਹੀ ਇਸ਼ਕ ਸਿੱਖਾਇਆ
ਆਸ਼ਿਕ ਲੋਕ ਫਕੀਰਾਂ
ਏਸੇ ਨੂੰ ਅੰਬਰ ਚੁੰਮਣ ਦਿੰਦਾ
ਘੱਤ ਪਾਣੀ ਦੀਆਂ ਵਹੀਰਾਂ
ਇਸ ਧਰਤੀ ਨੂੰ ਸਮਝਣ ਖਾਤਰ
ਖੋਜੀਆਂ ਖੋਜ ਵੀ ਕੀਤੀ
ਲੱਖ ਚਾਣੱਕਯ ਹਾਰ ਕੇ ਬਹਿ ਗਏ
ਚੱਲੀ ਨਾ ਕੋਈ ਨੀਤੀ ।
ਤੇਰੇ ਜਿਹੇ ਸ਼ੀਰਾਜ਼ਾ ਏਥੇ
ਕਿੰਨੇ ਗਏ ਤੇ ਆਏ
ਉਹ ਆਖਿਰ ਨੂੰ ਚੁੱਪ ਹੋ ਜਾਂਦਾ
ਜੋ ਇਹ ਰਮਜ਼ਾਂ ਪਾਏ ।

**ਲਿਖਤ : ਹਰਦੀਪ ਸ਼ਿਰਾਜ਼ੀ**

## ਬੜਾ ਹੀ ਕੀਮਤੀ ਹੁੰਦਾ ਹੈ ਪਾਣੀ

ਬੜਾ ਹੀ ਕੀਮਤੀ ਹੁੰਦਾ ਹੈ ਪਾਣੀ
ਅਜਾਈ ਬੂੰਦ ਆਪਾਂ ਨਾ ਗਵਾਣੀ
ਬਣੂਗੀ ਚੁੱਲ੍ਹੇ ਚੌਂਕੇ ਦੀ ਉਹ ਰਾਣੀ
ਜੋ ਵਰਤੂਗੀ ਸੰਜਮ ਦੇ ਨਾਲ ਪਾਣੀ

ਹੈ ਅੱਜ ਕੱਲ ਵਿਕ ਰਿਹਾ ਹੱਟਾਂ ਤੇ ਪਾਣੀ
ਸ਼ਰਮ ਸੰਗ ਪਾਣੀ ਹੋਇਆ ਪਾਣੀ ਪਾਣੀ
ਪੜ੍ਹੋ ਤੇ ਵਾਚ ਲਓ ਗੁਰੂਆਂ ਦੀ ਬਾਣੀ
ਪਿਤਾ ਦੇ ਤੁੱਲ, ਕਹਿੰਦੇ ਉਹ ਤਾਂ ਪਾਣੀ

ਸਦਾ ਪੀ ਸ਼ਹਿਦ ਵਰਗਾ ਮਿੱਠਾ ਪਾਣੀ
ਤੇ ਟਲ ਜਾਂ ਪਾਣੀਆਂ ਵਿਚ ਵਿਸ਼ ਮਿਲਾਣੀ
ਜਦੋਂ ਸੀ ਕੱਢਦੀ ਖੂਹਾਂ 'ਚੋਂ ਪਾਣੀ
ਅਜਾਈਂ ਡੋਲਦੀ ਕਦ ਸੀ ਸੁਆਣੀ

ਹੋਵੇ ਨਾ ਆਖਰੀ ਕਤਰਾ ਇਹ ਪਾਣੀ
ਬਚਾਵੋ ਜੰਗੀ ਪੱਧਰ ਉੱਤੇ ਪਾਣੀ
ਨਾ ਸੋਨੇ ਚਾਂਦੀ ਨੇ ਹੈ ਤ੍ਰੇਹ ਬੁਝਾਉਣੀ
ਕਿ ਸਭ ਤੋਂ ਕੀਮਤੀ ਹੁੰਦਾ ਹੈ ਪਾਣੀ

ਬਚਾਣੀ ਹੈ ਜੇ ਆਪੋ ਅਪਣੀ ਢਾਣੀ
ਤਾਂ ਪਾਣੀ ਦੁਸ਼ਮਣੀ ਕਿਉਂ ਨਾਲ ਪਾਣੀ
ਫੁੱਲਾਂ ਵਿਚ 'ਮਹਿਕ' ਹੈ ਆਪਾਂ ਬਚਾਣੀ
ਬਚੂਗੀ ਜੇ ਬਚੂਗਾ ਸਾਡਾ ਪਾਣੀ

**ਲਿਖਤ : ਪਰਮਜੀਤ ਕੌਰ ਮਹਿਕ**

# ਧਰਤੀ ਦਿਵਸ ਅਤੇ ਜਲਵਾਯੂ ਸੰਕਟ

ਲਿਖਤ : ਰਜਵਿੰਦਰ ਪਾਲ ਸ਼ਰਮਾ, 7087367969




ਗੁਰਬਾਣੀ ਦੇ ਕਥਨ ਵਿੱਚ ਪਵਨ ਨੂੰ ਗੁਰੂ,ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦੇ ਕੇ ਵਡਿਆਇਆ ਗਿਆ ਹੈ। ਧਰਤੀ ਇੱਕ ਮਾਂ ਦਾ ਕਾਰਜ ਬਾਖੂਬੀ ਨਿਭਾਉਂਦੀ ਨਜ਼ਰ ਆਉਂਦੀ ਹੈ। ਧਰਤੀ ਦੇ ਸੂਰਜ ਨਾਲੋਂ ਅਲੱਗ ਹੋਣ ਤੋਂ ਬਾਅਦ ਵੱਖ ਵੱਖ ਪੜਾਵਾਂ ਵਿਚੋਂ ਗੁਜ਼ਰਦਿਆਂ ਧਰਤੀ ਤੇ ਇੱਕ ਸੈਲੀ ਜੀਵਾਂ ਦੀ ਉਤਪਤੀ ਹੋਈ ਅਤੇ ਉਸ ਵਿਚੋਂ ਹੀ ਹੌਲੀ ਹੌਲੀ ਅਜੋਕੇ ਮਨੁੱਖ ਦੀ ਹੋਂਦ ਬਣੀ। ਸ਼ੁਰੂ ਵਿੱਚ ਮਨੁੱਖ ਜੰਗਲਾਂ ਵਿੱਚ ਰਹਿੰਦਾ ਸੀ ਤੇ ਉਸਦੀਆਂ ਲੋੜਾਂ ਬਹੁਤ ਘੱਟ ਅਤੇ ਨਿਯਮਤ ਸਨ। ਸ਼ੁਰੂ ਵਿੱਚ ਮਨੁੱਖ ਨੇ ਰੁੱਖਾਂ ਦੇ ਪੱਤਿਆਂ ਅਤੇ ਕੱਚੇ ਮਾਸ ਨੂੰ ਹੀ ਆਪਣਾ ਭੋਜਨ ਬਣਾਇਆ।ਤੀਖਣ ਬੁੱਧੀ ਦੀ ਵਰਤੋਂ ਕਰਦਿਆਂ ਹੌਲੀ ਹੌਲੀ ਹੋਈ ਅੱਗ ਦੀ ਖੋਜ ਨੇ ਮਨੁੱਖ ਦੀ ਜ਼ਿੰਦਗੀ ਵਿੱਚ ਬਦਲਾਅ ਲਿਆਂਦਾ। ਪਸ਼ੂਆਂ ਦੇ ਮਾਸ ਨੂੰ ਉਹ ਪਕਾ ਕੇ ਖਾਂਦਾ ਅਤੇ ਪਸ਼ੂਆਂ ਦੇ ਸ਼ਿਕਾਰ ਕਰਨ ਲਈ ਉਸ ਨੇ ਪੱਕੇ ,ਨੌਕੀਲੇਅਤੇ ਤਿੱਖੇ ਹਥਿਆਰ ਬਣਾਉਣੇ ਸ਼ੁਰੂ ਕੀਤੇ। ਲੰਮੇ ਸਮੇਂ ਤੱਕ ਇਹ ਸਿਲਸਿਲਾ ਜਾਰੀ ਰਿਹਾ ਜਿਸ ਦੇ ਨਤੀਜਿਆਂ ਵਜੋਂ ਮਨੁੱਖ ਜੰਗਲਾਂ ਵਿੱਚੋਂ ਨਿਕਲ ਕੇ ਆਬਾਦੀ ਵਿਚ ਰਹਿਣਾ ਸ਼ੁਰੂ ਕੀਤਾ। ਪਿੰਡਾਂ ਅਤੇ ਸ਼ਹਿਰੀ ਜੀਵਨ ਵਿੱਚ ਆਇਆ। ਪਰ ਇਹ ਕੁਦਰਤ ਦਾ ਅਟੱਲ ਨਿਯਮ ਹੈ ਕਿ ਜੋ ਕੁਦਰਤ ਦਾ ਨਾਸ਼ ਕਰਦਾ ਹੈ,ਜੋ ਕੁਦਰਤ ਦੇ ਨਿਯਮਾਂ ਦੇ ਵਿਪਰੀਤ ਚਲਦਾ ਹੈ ਉਹ ਦਾ ਵਿਨਾਸ਼ ਸੰਭਵ ਹੈ।ਇਹੀ ਸਭ ਕੁਝ ਅਜੋਕੇ ਸਮੇਂ ਵਿੱਚ ਹੋ ਰਿਹਾ ਹੈ।

ਮਨੁੱਖ ਦੀ ਕੀਤੀ ਅਥਾਹ ਤਰੱਕੀ ਅਤੇ ਵਿਕਾਸ ਨੇ ਧਰਤੀ ਦੀ ਹੋਂਦ ਨੂੰ ਖ਼ਤਰੇ ਵਿੱਚ ਪਾ ਦਿੱਤਾ ਹੈ। ਦਿਨੋਂ ਦਿਨ ਵਧ ਰਿਹਾ ਪ੍ਰਦੂਸ਼ਣ ਨੇ ਕਈ ਪ੍ਰਕਾਰ ਦੀਆਂ ਨਵੀਆਂ ਬਿਮਾਰੀਆਂ ਨੂੰ ਜਨਮ ਦੇ ਕੇ ਸਿਹਤ ਵਿਭਾਗ ਨੂੰ ਚੁਣੌਤੀ ਦਿੱਤੀ ਹੈ ਜਿਸਦੀ ਤਰੋਤਾਜ਼ਾ ਉਦਾਹਰਣ ਕਰੋਨਾ ਲਈ ਜਾ ਸਕਦੀ ਹੈ ਜਿਸਨੇ ਮੌਜੂਦਾ ਸਮੇਂ ਵਿੱਚ ਵੀ ਤਹਿਲਕਾ ਮਚਾ ਰੱਖਿਆ ਹੈ ਜਿਸਦੇ ਨਤੀਜੇ ਵਜੋਂ ਕਿੰਨੇ ਹੀ ਤਰ੍ਹਾਂ ਦੇ ਜਾਨ ਅਤੇ ਮਾਲ ਦਾ ਨੁਕਸਾਨ ਹੋ ਚੁੱਕਿਆ ਹੈ।

ਦਿਨੋਂ ਦਿਨ ਵਧ ਰਹੀ ਗਰਮੀਂ ਅਤੇ ਆਲਮੀ ਤਪਸ਼ ਸੰਸਾਰ ਲਈ ਬਹੁਤ ਪੱਖੀ ਸੰਕਟ ਲੈ ਕੇ ਆ ਰਿਹਾ ਹੈ।ਦਿਨੋਂ ਦਿਨ ਗਰਮੀ ਦੇ ਵਧਣ ਨਾਲ ਗਲੇਸ਼ੀਅਰਾਂ ਵਿਚ ਹੁੰਦਾ ਲਗਾਤਾਰ ਪਿਘਲਾਅ ਜਿਸਦੇ ਨਤੀਜੇ ਵਜੋਂ ਨਦੀਆਂ ਵਿੱਚ ਪਾਣੀ ਦੀ ਮਾਤਰਾ ਦਾ ਵਧਣਾ ਅਤੇ ਨਤੀਜੇ ਵਜੋਂ ਹੜ੍ਹਾਂ ਵਰਗੀਆਂ ਕੁਦਰਤੀ ਆਫਤਾਂ ਦਸਤਕ ਦਿੰਦੀਆਂ ਹਨ। ਕਾਰਨਾਮੇ ਲਾਲਚੀ ਮਨੁੱਖ ਦੇ ਤੇ ਬਦਨਾਮ ਕੁਦਰਤ ਜਾਂ ਜ਼ਿੰਮੇਵਾਰ ਕੁਦਰਤ।ਇਹ ਕਿਹੋ ਜਿਹਾ ਇਨਸਾਫ਼ ਹੈ।

ਮਨੁੱਖ ਨੇ ਲਾਲਚ ਵਿੱਚ ਆ ਕੇ ਵਿਕਾਸ ਦੇ ਨਾਂ ਤੇ ਧੜਾਂ ਧੜ ਰੁੱਖਾਂ ਦੀ ਕਟਾਈ ਕੀਤੀ।ਪੂਰੀ ਧਰਤੀ ਹੀ ਕੱਖੋਂ ਹੌਲੀ ਕਰ ਦਿੱਤੀ। ਜੰਗਲਾਂ ਹੇਠ ਰਕਬਾ ਘਟ ਰਿਹਾ ਹੈ ।ਉਪਜਾਊ ਭੂਮੀ ਘਟ ਰਹੀ ਹੈ, ਉਦਯੋਗਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਧਰਤੀ ਦੇ ਬੰਜ਼ਰ ਹੋਣ ਨਾਲ ਭਵਿੱਖ ਵਿੱਚ ਭੋਜਨ ਸੰਕਟ ਦਾ ਵੀ ਗਹਿਰਾ ਖਦਸ਼ਾ ਬਣਿਆ ਹੋਇਆ ਹੈ। ਦਿਨੋਂ ਦਿਨ ਵਧ ਰਹੀ ਆਬਾਦੀ ਦੇ ਪੇਟ ਦਾ ਬੋਝ ਧਰਤੀ ਤੇ ਹੀ ਹੈ। ਧਰਤੀ ਨੇ ਕਈ ਪੂਰੀ ਦੁਨੀਆ ਦੀ ਭੁੱਖ ਮਿਟਾਉਣੀ ਹੈ।ਪਰ ਦਿਨੋਂ ਦਿਨ ਘੱਟ ਰਹੀ ਉਪਜਾਊ ਭੂਮੀ ਕਰਕੇ ਭਵਿੱਖ ਵਿੱਚ ਭੁੱਖਮਰੀ ਦਾ ਸਾਹਮਣਾ ਕਰਨਾ ਤਹਿ ਹੈ।

ਧਰਤੀ ਦੇ ਵਾਯੂਮੰਡਲ ਦੀਆਂ ਪਰਤਾਂ ਜਿਸ ਵਿੱਚ ਪਹਿਲੇ ਨੰਬਰ ਤੇ ਟਰੋਪੋਸਫੀਅਰ, ਦੂਜੇ ਨੰਬਰ ਤੇ ਸਟੈਟੋਸਫੀਅਰ ਤੀਜੇ ਨੰਬਰ ਤੇ ਮੀਜੋਸਫੀਅਰ ਅਤੇ ਚੌਥੇ ਨੰਬਰ ਤੇ ਆਇਨੋ ਸਫੀਅਰ ਸ਼ਾਮਿਲ ਹਨ। ਸਟੈਟੋਸਫੀਅਰ ਵਿੱਚ ਓਜ਼ੋਨ ਪਰਤ ਜਾਂ ਓਜ਼ੋਨ ਪੱਟੀ ਮੌਜੂਦ ਹੈ ਜੋ ਸੂਰਜ ਤੋਂ ਆਉਣ ਵਾਲੀਆਂ ਪਰਾਵੈਂਗਣੀ ਕਿਰਨਾਂ ਨੂੰ ਆਪਣੇ ਵਿੱਚ ਸੋਖਦੀ ਹੈ ਅਤੇ ਪਰਾਵੈਂਗਣੀ ਅਤੇ ਹਾਨੀਕਾਰਕ ਕਿਰਨਾਂ ਨੂੰ ਧਰਤੀ ਤੇ ਪਹੁੰਚਣ ਤੋਂ ਰੋਕਦੀ ਹੈ।ਪਰ ਵਾਤਾਵਰਨ ਵਿੱਚ ਆਏ ਵਿਗਾੜ ਅਤੇ ਰੁੱਖਾਂ ਦੀ ਲਗਾਤਾਰ ਕਟਾਈ ਨੇ ਓਜ਼ੋਨ ਪਰਤ ਨੂੰ ਪਤਲਾ ਕਰ ਦਿੱਤਾ ਹੈ ਅਤੇ ਪਰਾਵੈਂਗਣੀ ਕਿਰਨਾਂ ਦੀ ਧਰਤੀ ਤੇ ਪਹੁੰਚ ਬਣਨ ਲੱਗੀ ਹੈ।

ਧਰਤੀ ਨੂੰ ਪੇਸ਼ ਆ ਰਹੀਆਂ ਦਰਪੇਸ਼ ਚੁਣੌਤੀਆਂ ਨਾਲ ਨਜਿੱਠਣ ਲਈ ਹਰ ਸਾਲ 22 ਅਪ੍ਰੈਲ ਨੂੰ ਧਰਤੀ ਦਿਵਸ਼ ਮਨਾਉਣ ਦੀ ਸ਼ੁਰੂਆਤ ਕੀਤੀ ਗਈ ਹੈ।ਸਭ ਤੋਂ ਪਹਿਲਾਂ ਧਰਤੀ ਦਿਵਸ਼ 1970 ਵਿੱਚ ਮਨਾਇਆ ਗਿਆ ਜੋ ਹੁਣ ਲਗਾਤਾਰ ਸਾਲ ਸਾਲ ਦੇ ਵਕਫੇ ਤੇ ਵਿਸ਼ਵ ਪੱਧਰ ਤੇ ਮਨਾਇਆ ਜਾਂਦਾ ਹੈ।ਇਸ ਵਿੱਚ ਹਰ ਸਾਲ ਜਲਵਾਯੂ ਸੰਕਟ ਨੂੰ ਧਿਆਨ ਵਿੱਚ ਰੱਖਦਿਆਂ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਵਿਚਾਰ ਚਰਚਾ ਕੀਤੀ ਜਾਂਦੀ ਹੈ।ਪਰ ਇਹਨਾਂ ਸਾਲਾਂ ਵਿੱਚ ਕੋਈ ਤਸੱਲੀਬਖ਼ਸ਼ ਨਤੀਜੇ ਨਹੀਂ ਮਿਲੇ , ਬਲਕਿ ਪਰਨਾਲਾ ਉਥੇ ਦਾ ਉਥੇ ਹੀ ਹੈ।

ਕਾਰਵਾਈਆਂ ਅਤੇ ਯੋਜਨਾਵਾਂ ਕੇਵਲ ਕਾਗਜ਼ਾਂ ਅਤੇ ਫਾਈਲਾਂ ਤੱਕ ਸਿਮਟ ਕੇ ਰਹਿ ਗਈਆਂ।ਇਸ ਤਰ੍ਹਾਂ ਇਹ ਮਸਲੇ ਕਦੇ ਨਹੀਂ ਸੁਲਝਣਗੇ।ਲੋੜ ਹੈ ਧਰਤੀ ਨੂੰ ਬਚਾਉਣ ਅਤੇ ਇਸ ਨੂੰ ਪੇਸ਼ ਆ ਰਹੀਆਂ ਦਰਪੇਸ਼ ਚੁਣੌਤੀਆਂ ਪ੍ਰਤੀ ਜਨ ਜਨ ਨੂੰ ਜਾਗਰੂਕ ਕਰਨ ਦੀ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਇੱਕ ਠੋਸ ਅਤੇ ਕਾਰਗਰ ਨੀਤੀ ਬਣਾ ਕੇ ਉਸ ਨੂੰ ਪਾਰਦਰਸ਼ੀ ਨਾਲ ਲਾਗੂ ਕਰਨ ਦੀ ਤਾਂ ਜੋ ਧਰਤੀ ਦਿਵਸ਼ ਮਨਾਉਣ ਦਾ ਸੁਪਨਾ ਪੂਰਾ ਕਰਦੇ ਹੋਈਏ ਧਰਤੀ ਤੇ ਜੀਵਨ ਦੀ ਹੋਂਦ ਬਚਾਈ ਅਤੇ ਬਣਾਈ ਰੱਖੀ ਜਾ ਸਕੇ ।

# ਖੇਤੀ ਵਿੱਚ ਰਸਾਇਣਾਂ ਦੀ ਵਰਤੋਂ ਅਤੇ ਇਨ੍ਹਾਂ ਦਾ ਪ੍ਰਭਾਵ

ਡਾ. ਐੱਸਪੀ ਐੱਸ ਬਰਾੜ*
ਸੰਪਰਕ: 99151-94104



ਕੋਈ ਸਮਾਂ ਸੀ ਪੰਜਾਬ ਦੀ ਧਰਤੀ ਨੂੰ ਉਪਜਾਊ, ਲੋਕਾਂ ਨੂੰ ਮਿਹਨਤੀ ਅਤੇ ਇੱਥੋਂ ਦੀ ਉਪਜ ਜਿਸ ਨੇ ਦੇਸ਼ ਦੇ ਲੋਕਾਂ ਦਾ ਢਿੱਡ ਭਰਿਆ, ਨੂੰ ਸਲਾਹਿਆ ਜਾਂਦਾ ਸੀ ਪਰ ਪਿਛਲੇ ਕੁਝ ਅਰਸੇ ਤੋਂ ਕੁਝ ਸਾਜਿਸ਼ੀ ਲੋਕਾਂ ਨੇ ਤੇ ਉਨ੍ਹਾਂ ਪਿੱਛੇ ਲੱਗ ਕੇ ਕੁਝ ਪੰਜਾਬੀਆਂ ਨੇ ਅਣਜਾਣਪੁਣੇ ਵਿੱਚ ਇਨ੍ਹਾਂ ਤਿੰਨਾਂ ਨੂੰ ਹੀ ਭੰਡਣਾ ਸ਼ੁਰੂ ਕੀਤਾ ਹੋਇਆ ਹੈ। ਇਹ ਲੋਕ ਜ਼ਮੀਨ ਨੂੰ ਬੰਜਰ ਹੋਣ ਦੇ ਕੰਢੇ ਦੱਸਦੇ ਹਨ। ਇੱਥੋਂ ਦੇ ਲੋਕਾਂ ਨੂੰ ਨਸ਼ੇੜੀ ਅਤੇ ਅਨਾਜ ਨੂੰ ਜ਼ਹਿਰਾਂ ਦੀ ਖੇਤੀ ਦੱਸਦੇ ਹਨ। ਇੱਥੋਂ ਤੱਕ ਕਿ ਕਈ ਡਾਕਟਰ ਜੋ ਦੱਸਦੇ ਤਾਂ ਆਪਣੇ ਆਪ ਨੂੰ ਪੰਜਾਬ ਹਿਤੈਸ਼ੀ ਹਨ ਪਰ ਬਹਿਸਾਂ ਵਿੱਚ ਇਨ੍ਹਾਂ ਮੁੱਦਿਆਂ ਦੇ ਪ੍ਰਚਾਰ ਵਿੱਚ ਕੋਈ ਕਸਰ ਨਹੀਂ ਛੱਡਦੇ। ਲੋਕ ਬਿਨਾਂ ਤੱਥਾਂ ਨੂੰ ਪਰਖਿਆਂ ਮੱਧ ਪ੍ਰਦੇਸ਼ (ਐਮਪੀ) ਦੀ ਕਣਕ ਦਾ ਆਟਾ ਮਹਿੰਗੇ ਭਾਅ ਵਰਤ ਰਹੇ ਹਨ। ਇਨ੍ਹਾਂ ਨੂੰ ਕਦੇ ਖ਼ਿਆਲ ਨਹੀਂ ਆਇਆ ਕਿ ਉਹ ਖੇਤੀਬਾੜੀ ਯੂਨੀਵਰਸਿਟੀ ਵਿੱਚ ਵੜ ਕੇ ਪੁੱਛ ਹੀ ਲੈਣ ਕਿ ਜਿਹੜੀ ਕਣਕ ਪੰਜਾਬ ਵਿੱਚ ਪੈਦਾ ਹੋ ਰਹੀ ਹੈ, ਉਸ ਵਿੱਚ ਕੀ ਕਮੀ ਹੈ ਤੇ ਐਮਪੀ ਵਾਲੀ ਵਿੱਚ ਕੀ ਖ਼ਾਸੀਅਤ ਹੈ।

ਜ਼ਮੀਨ: ਪੰਜਾਬ ਦੀ ਜ਼ਮੀਨ ਦਰਿਆਵਾਂ ਦੀ ਰੋੜ੍ਹ ਨਾਲ ਲਿਆਂਦੀ ਮਿੱਟੀ ਤੋਂ ਬਣੀ ਹੈ। ਇਸੇ ਕਰ ਕੇ ਕਿਤੇ ਰੇਤਲੀ ਅਤੇ ਕਿਤੇ ਮੈਰਾ ਹੈ। ਜਿੱਥੋਂ ਤੱਕ ਟੌਪੋਗ੍ਰਾਫੀ ਦਾ ਸਵਾਲ ਹੈ 1950-70 ਤੱਕ ਜ਼ਮੀਨਾਂ ਬਹੁਤੀਆਂ ਉੱਚੀਆਂ-ਨੀਵੀਆਂ ਸਨ। ਸਿਰਫ਼ ਮਾਝੇ ਅਤੇ ਦੁਆਬੇ ਦਾ ਹੀ ਕੁਝ ਇਲਾਕਾ ਪੱਧਰਾ ਸੀ ਜਿੱਥੇ ਸਿੰਜਾਈ ਦੇ ਸਾਧਨ ਪਹਿਲਾਂ ਆਏ। ਕੰਡੀ ਦਾ ਇਲਾਕਾ ਤਾਂ ਉੱਚਾ ਨੀਵਾਂ ਹੋਣਾ ਹੀ ਸੀ, ਮਾਲਵਾ ਵੀ ਸਾਰਾ ਟਿੱਬਿਆਂ ਨਾਲ ਭਰਿਆ ਪਿਆ ਸੀ। ਪੰਜਾਬ ਦੇ 42 ਲੱਖ ਹੈਕਟੇਅਰ ਵਾਹੀਯੋਗ ਰਕਬੇ ਵਿੱਚੋਂ ਕਰੀਬ ਸੱਤ ਲੱਖ ਹੈਕਟੇਅਰ ਸੇਮ ਅਤੇ ਕੱਲਰ ਵਾਲੀਆਂ ਜ਼ਮੀਨਾਂ ਸਨ। ਅੱਜ ਪੰਜਾਬ ਦੀ ਜ਼ਮੀਨ ਤੇ ਫ਼ਸਲ ਜੋ ਇਕਸਾਰ ਨਜ਼ਰ ਆਉਂਦੀ ਹੈ ਇਹ ਪੰਜਾਬੀਆਂ ਦੀ ਮਿਹਨਤ ਦਾ ਹੀ ਨਤੀਜਾ ਹੈ।

ਉਪਜਾਊ ਸ਼ਕਤੀ: ਜ਼ਮੀਨ ਰੇਤਲੀ ਮੈਰਾ ਹੋਣ ਕਰ ਕੇ ਕੁਦਰਤੀ ਉਪਜਾਊ ਸ਼ਕਤੀ ਘੱਟ ਹੈ। ਵੱਧ ਪੈਦਾਵਾਰ ਲੈਣ ਲਈ ਉਸ ਨੂੰ ਖ਼ੁਰਾਕ ਖਾਦਾਂ ਵਜੋਂ ਦੇਣੀ ਪੈਂਦੀ ਹੈ। ਜਾਨਵਰ ਤੋਂ ਵੀ ਬੱਚਾ ਲੈਣਾ ਹੋਵੇ ਤਾਂ ਪਹਿਲਾਂ ਉਸ ਨੂੰ ਖ਼ੁਰਾਕ ਚਾਰ ਕੇ ਉਸ ਕਾਬਿਲ ਬਣਾਉਣਾ ਪੈਂਦਾ ਹੈ। ਫ਼ਸਲਾਂ ਦੀ ਖ਼ੁਰਾਕ ਰੂੜੀ ਜਾਂ ਰਸਾਇਣਕ ਖਾਦਾਂ ਤੋਂ ਮਿਲਦੀ ਹੈ। ਰੂੜੀ ਫ਼ਸਲਾਂ, ਸਬਜ਼ੀਆਂ ਆਦਿ ਦੀ ਰਹਿੰਦ-ਖੂੰਹਦ ਅਤੇ ਜਾਨਵਰਾਂ ਦੇ ਗੋਹੇ ਤੋਂ ਬਣਦੀ ਹੈ ਜੋ ਫ਼ਸਲਾਂ ਦੀ ਸਾਰੀ ਖ਼ੁਰਾਕੀ ਲੋੜ ਪੂਰਾ ਨਹੀਂ ਕਰਦੀ। ਇਸ ਲਈ ਰਸਾਇਣਕ ਖਾਦਾਂ ਦੀ ਵਰਤੋਂ ਹੁੰਦੀ ਹੈ।

ਕੀ ਰਸਾਇਣਕ ਖਾਦਾਂ ਜ਼ਹਿਰਾਂ ਹਨ: ਰਸਾਇਣਕ ਖਾਦਾਂ ਫ਼ਸਲਾਂ ਦੇ ਵਾਧੇ ਲਈ ਜ਼ਰੂਰੀ ਤੱਤ ਹਨ, ਜ਼ਹਿਰ ਨਹੀਂ। ਅਸੀਂ ਕਣਕ-ਝੋਨੇ ਨੂੰ ਮੁੱਖ ਤੌਰ 'ਤੇ ਦੋ ਖਾਦਾਂ ਯੂਰੀਆ ਤੇ ਡੀਏਪੀ ਅਤੇ ਥੋੜ੍ਹੀ ਮਾਤਰਾ ਵਿੱਚ ਜ਼ਿੰਕ ਪਾਉਂਦੇ ਹਾਂ। ਰੇਤਲੀਆਂ ਜ਼ਮੀਨਾਂ ਵਿੱਚ ਝੋਨੇ 'ਤੇ ਫੈਰਸ ਸਲਫੇਟ (ਲੋਹੇ ਦੀ ਘਾਟ) ਅਤੇ ਕਣਕ ਨੂੰ ਮੈਗਨੀਜ਼ ਸਲਫੇਟ (ਮੈਗਨੀਜ਼ ਦੀ ਘਾਟ ਲਈ) ਸਪਰੇਅ ਕਰਦੇ ਹਾਂ। ਯੂਰੀਆ ਵਿੱਚ ਨਾਈਟ੍ਰੋਜਨ, ਹਾਈਡ੍ਰੋਜਨ, ਕਾਰਬਨ ਤੇ ਆਕਸੀਜਨ ਹਨ। ਯੂਰੀਆ ਪਾਉਣ 'ਤੇ ਪਹਿਲਾਂ ਅਮੋਨੀਅਮ ਅਤੇ ਫਿਰ ਨਾਈਟ੍ਰੇਟ ਬਣ ਕੇ ਨਾਈਟ੍ਰੋਜਨ ਬੂਟੇ ਅੰਦਰ ਚਲੀ ਜਾਂਦੀ ਹੈ। ਇਸ ਤੋਂ ਅੱਗੇ ਪ੍ਰੋਟੀਨ ਬਣਦੀ ਹੈ। ਬਾਕੀ ਦਾ ਹਿੱਸਾ (ਪਾਣੀ ਅਤੇ ਕਾਰਬਨ ਡਾਇਕਸਾਈਡ) ਬਣ ਕੇ ਫਿਰ ਵਾਯੂਮੰਡਲ ਵਿੱਚ ਚਲਾ ਜਾਂਦਾ ਹੈ। ਜੋ ਯੂਰੀਆ ਅਸੀਂ ਪਾਉਂਦੇ ਹਾਂ ਉਸ ਦਾ 80 ਫ਼ੀਸਦੀ ਤੋਂ ਵੱਧ ਅਸੀਂ ਫ਼ਸਲ ਰਾਹੀਂ ਕੱਢ ਲੈਂਦੇ ਹਾਂ ਬਾਕੀ ਗੈਸ ਬਣ ਕੇ ਹਵਾ ਵਿੱਚ ਚਲੀ ਜਾਂਦੀ ਹੈ ਜਿੱਥੇ ਪਹਿਲਾਂ ਹੀ 79 ਫ਼ੀਸਦੀ ਨਾਈਟ੍ਰੋਜਨ ਹੈ, ਫਿਰ ਜ਼ਮੀਨ ਵਿੱਚ ਜ਼ਹਿਰ ਕਿੱਥੇ ਰਹਿ ਗਈ। ਦੂਜੀ ਖਾਦ ਹੈ ਡੀਏਪੀ, ਇਸ ਵਿੱਚ ਦੋ ਤੱਤ ਹਨ ਅਮੋਨੀਅਮ ਅਤੇ ਫਾਸਫੇਟ। ਇਹ ਜਦੋਂ ਖੇਤ ਵਿੱਚ ਪਾਈ ਜਾਂਦੀ ਹੈ ਤਾਂ ਪਾਣੀ ਵਿੱਚ ਘੁਲ ਕੇ ਅਮੋਨੀਅਮ ਅਤੇ ਫਾਸਫੇਟ ਅੱਡ-ਅੱਡ ਹੋ ਜਾਂਦੇ ਹਨ। ਅਮੋਨੀਅਮ ਯੂਰੀਆ ਦੀ ਨਾਈਟ੍ਰੋਜਨ ਦੀ ਤਰ੍ਹਾਂ ਵਰਤਿਆ ਜਾਂਦਾ ਹੈ ਅਤੇ ਫਾਸਫੋਰਸ ਵੀ ਜੜ੍ਹਾਂ ਰਾਹੀਂ ਬੂਟੇ ਅੰਦਰ ਜਾ ਕੇ ਮੈਟਾਬੋਲਿਜਮ ਵਿੱਚ ਸਹਾਈ ਹੁੰਦਾ ਹੈ। ਫਾਸਫੋਰਸ ਸਾਡੀ ਸਿਹਤ ਲਈ ਜ਼ਰੂਰੀ ਹੈ, ਹੱਡੀਆਂ ਕੈਲਸ਼ੀਅਮ ਫਾਸਫੇਟ ਹੀ ਤਾਂ ਹਨ। ਜਿੰਨੀ ਫਾਸਫੇਟ ਖਾਦ ਅਸੀਂ ਦੋਵੇਂ ਫ਼ਸਲਾਂ ਨੂੰ ਪਾਉਂਦੇ ਹਾਂ ਤਕਰੀਬਨ ਉਨੀ ਹੀ ਕੱਢ ਲੈਂਦੇ ਹਾਂ। ਜੇ ਕੋਈ ਜ਼ਿਆਦਾ ਪਾਉਣ ਨਾਲ ਬਚ ਵੀ ਜਾਵੇ ਤਾਂ ਉਹ ਜ਼ਮੀਨ ਵਿਚਲੇ ਕੈਲਸ਼ੀਅਮ ਫਾਸਫੇਟ ਦਾ ਹਿੱਸਾ ਬਣ ਜਾਂਦਾ ਹੈ ਜਿਸ ਵਿੱਚ ਕੋਈ ਜ਼ਹਿਰੀਲਾ ਮਾਦਾ ਨਹੀਂ ਹੁੰਦਾ। ਜ਼ਿੰਕ ਵੀ ਮਨੁੱਖੀ ਸਿਹਤ ਲਈ ਜ਼ਰੂਰੀ ਤੱਤ ਹੈ। ਡਾਕਟਰ ਵੀ ਬੀਕਾਸੂਲ ਜ਼ੈਡ ਦੇ ਕੈਪਸੂਲ ਸਿਫ਼ਾਰਸ਼ ਕਰਦੇ ਹਨ। ਤਰੱਕੀ ਯਾਫਤਾ ਦੇਸ਼ਾਂ ਵਿੱਚ ਘੱਟ ਜ਼ਿੰਕ ਕੁਪੋਸ਼ਣ ਦਾ ਵਿਸ਼ਾ ਬਣਿਆ ਹੋਇਆ ਹੈ। ਖ਼ਾਸਕਰ ਉਨ੍ਹਾਂ ਇਲਾਕਿਆਂ ਵਿੱਚ ਜਿੱਥੇ ਲੋਕ ਚੌਲ ਜ਼ਿਆਦਾ ਖਾਂਦੇ ਹਨ ਪਰ ਸਾਡੇ ਪੈਦਾ ਕੀਤੇ ਕਣਕ ਅਤੇ ਚੌਲ ਦੋਵਾਂ ਵਿੱਚ ਹੀ ਜ਼ਿੰਕ ਦੀ ਘਾਟ ਨਹੀਂ। ਜਿਹੜਾ ਜ਼ਿੰਕ ਸਲਫੇਟ ਫਾਲਤੂ ਜ਼ਮੀਨ ਵਿੱਚ ਬਚਦਾ ਹੈ, ਜ਼ਮੀਨ ਦੇ ਖਣਿਜਾਂ ਦਾ ਹਿੱਸਾ ਬਣ ਜਾਂਦਾ ਹੈ ਭਾਵ ਬਹੁਤ ਘੱਟ ਘੁਲਣਸ਼ੀਲ ਰਹਿੰਦਾ ਹੈ ਤੇ ਉਸ ਦਾ ਜ਼ਮੀਨ ਦੀ ਸਿਹਤ 'ਤੇ ਕੋਈ ਨੁਕਸਾਨ ਨਹੀਂ ਹੁੰਦਾ। ਫੈਰਸ ਸਲਫੇਟ ਅਤੇ ਮੈਗਨੀਜ਼ ਸਲਫੇਟ ਤਾਂ ਫ਼ਸਲ ਵਿੱਚ ਘਾਟ ਦੂਰ ਕਰਨ ਲਈ ਹੀ ਸਪਰੇਅ ਕੀਤੇ ਜਾਂਦੇ ਹਨ। ਕੋਈ ਵੀ ਰਸਾਇਣਕ ਖਾਦ ਖੇਤ ਵਿੱਚ ਜ਼ਹਿਰ ਨਹੀਂ ਛੱਡ ਕੇ ਜਾਂਦੀ। ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ਸ਼ੁਦਾ ਰਸਾਇਣਕ ਖਾਦਾਂ ਨਾਲ ਫ਼ਸਲ ਚੰਗੀ ਹੋਈ ਹੈ। ਚੰਗੀ ਫ਼ਸਲ ਦੀਆਂ ਜੜ੍ਹਾਂ ਤੇ ਹੋਰ ਰਹਿੰਦ-ਖੂੰਹਦ ਵੀ ਵੱਧ ਹੋਵੇਗਾ ਜਿਸ ਨਾਲ ਜ਼ਮੀਨ ਵਿੱਚ ਜੀਵਕ ਮਾਦਾ ਵਧਿਆ ਹੈ। ਜੀਵਕ ਮਾਦਾ ਵਧਣ ਦਾ ਮਤਲਬ ਜ਼ਮੀਨ ਦੀ ਉਪਜਾਊ ਸ਼ਕਤੀ ਤੇ ਉਸ ਦੀ ਬਫਰਿੰਗ ਸਮਰੱਥਾ ਵੀ ਵਧੀ ਭਾਵ ਜਿਹੜੇ ਰਸਾਇਣ ਨਦੀਨਨਾਸ਼ਕ ਜਾਂ ਕੀਟਨਾਸ਼ਕ ਜ਼ਮੀਨ ਉੱਪਰ ਡਿੱਗਦੇ ਹਨ, ਉਨ੍ਹਾਂ ਨੂੰ ਆਪਣੀ ਪਕੜ ਵਿੱਚ ਲਿਆਉਂਦੀ ਹੈ ਤੇ ਹੇਠਾਂ ਵੱਲ ਜਾਣ ਤੋਂ ਰੋਕਦੀ ਹੈ। ਜਿੱਥੇ ਜੀਵਕ ਮਾਦਾ ਜ਼ਿਆਦਾ ਹੋਵੇਗਾ, ਉੱਥੇ ਮਾਈਕਰੋਬਸ (ਬੈਕਟੀਰੀਆ, ਉੱਲੀ ਤੇ ਐਕਟੀਨੋਮਾਈਸਿਟੀਸ) ਵੀ ਵੱਧ ਹੋਣਗੇ ਜਿਹੜੇ ਬਚੇ-ਖੁਚੇ ਨਦੀਨਨਾਸ਼ਕਾਂ ਜਾਂ ਕੀਟਨਾਸ਼ਕਾਂ ਨੂੰ ਤੋੜ ਕੇ ਵੱਖ-ਵੱਖ ਕਰ ਕੇ ਉਸ ਨੂੰ ਐਲੀਮੈਂਟਲ ਸ਼ਕਲ 'ਚ ਬਦਲਦੇ ਹਨ ਤੇ ਜ਼ਹਿਰੀਲਾ ਮਾਦਾ ਖ਼ਤਮ ਹੋ ਜਾਂਦਾ ਹੈ। ਜਿੰਨੀਆਂ ਖਾਦਾਂ ਦਾ ਜ਼ਿਕਰ ਕੀਤਾ ਗਿਆ ਹੈ, ਸਿਰਫ਼ ਨਾਈਟ੍ਰੋਜਨ ਨੂੰ ਛੱਡ ਕੇ ਕੋਈ ਵੀ ਜ਼ਮੀਨ 'ਚ ਪਾਣੀ ਨਾਲ ਹਲ ਦੀ ਵਾਹ ਤੋਂ ਹੇਠਾਂ ਨਹੀਂ ਜਾਂਦੀ। ਨਾਈਟ੍ਰੋਜਨ ਵਾਲੀ ਖਾਦ ਨਾਈਟ੍ਰੇਟ ਦੇ ਰੂਪ ਵਿੱਚ ਪਾਣੀ ਲਾਉਣ ਨਾਲ ਹੇਠਾਂ ਜਾਂਦੀ ਹੈ। ਪਾਣੀ ਉੱਪਰੋਂ ਸੁੱਕਣ 'ਤੇ ਜਦੋਂ ਸਿੱਲ੍ਹ ਉੱਪਰ ਨੂੰ ਆਉਂਦੀ ਹੈ ਤਾਂ ਇਹ ਵੀ ਉੱਪਰ ਆ ਜਾਂਦੀ ਹੈ।

**ਨਦੀਨਨਾਸ਼ਕ:** ਜਿਹੜੇ ਵੀ ਨਦੀਨਨਾਸ਼ਕ ਪੰਜਾਬ ਵਿੱਚ ਵਰਤੇ ਜਾਂਦੇ ਹਨ, ਸਾਰੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਜਾਂਚ ਕਰ ਕੇ ਸਿਫ਼ਾਰਸ਼ ਕੀਤੇ ਜਾਂਦੇ ਹਨ। ਇਹ ਸਾਰੇ ਹੀ ਬਾਇਓਡਿਗਰੇਡੇਬਲ ਹਨ, ਇਸ ਦਾ ਮਤਲਬ ਇਸ ਨੂੰ ਛੋਟੇ ਜੀਵ ਜੰਤੂ (ਬੈਕਟੀਰੀਆ, ਉੱਲੀ, ਐਕਟੀਨੋਮਾਈਸਿਟੀਸ) ਆਦਿ ਤੋੜ ਦਿੰਦੇ ਹਨ। ਇਨ੍ਹਾਂ ਦੀ ਨਦੀਨਾਂ ਦੀ ਨਾਸ਼ ਕਰਨ ਦੀ ਸ਼ਕਤੀ ਥੋੜ੍ਹਾ ਸਮਾਂ ਹੀ ਰਹਿੰਦੀ ਹੈ। ਕਹਿਣ ਦਾ ਭਾਵ ਜਿਹੜੀ ਫ਼ਸਲ ਅਸੀਂ ਖਾਣ ਲਈ ਵਰਤਣੀ ਹੈ, ਉਸ 'ਤੇ ਤਾਂ ਨਦੀਨਨਾਸ਼ਕ ਦਾ ਅਸਰ ਹੈ ਨਹੀਂ ਅਤੇ ਅਗਲੀ ਫ਼ਸਲ ਤਕ ਰਹਿੰਦਾ ਨਹੀਂ।

**ਕੀਟਨਾਸ਼ਕ:** ਬਿਮਾਰੀ ਜਾਂ ਕੀੜਿਆਂ ਲਈ ਜਿਹੜੀ ਵੀ ਜ਼ਹਿਰ ਸਪਰੇਅ ਕੀਤੀ ਜਾਂਦੀ ਹੈ, ਉਹ ਵੀ ਖੇਤੀਬਾੜੀ 'ਵਰਸਿਟੀ ਤੋਂ ਪ੍ਰਮਾਣਿਤ ਹੁੰਦੀ ਹੈ। ਇਹ ਵੀ ਸਾਰੀਆਂ ਹੀ ਬਾਇਓਡਿਗਰੇਡੇਬਲ ਹਨ। ਕੁਝ ਸਮੇਂ ਬਾਅਦ ਇਨ੍ਹਾਂ ਦਾ ਜ਼ਹਿਰੀਲਾਪਣ ਖ਼ਤਮ ਹੋ ਜਾਂਦਾ ਹੈ। ਕੀੜਿਆਂ ਦਾ ਜ਼ਿਆਦਾ ਹਮਲਾ ਬਾਸਮਤੀ ਦੀ ਫ਼ਸਲ 'ਤੇ ਹੋਣ ਦੀ ਸੰਭਾਵਨਾ ਹੈ ਹੁੰਦੀ ਕਿਉਂਕਿ ਝੋਨੇ ਦੀ ਕਟਾਈ ਪਿੱਛੋਂ ਬਾਸਮਤੀ ਖੇਤ ਵਿੱਚ ਖੜ੍ਹੀ ਹੁੰਦੀ ਹੈ। ਜੇ ਬਾਸਮਤੀ ਅਮਰੀਕਾ ਤੱਕ ਪਹੁੰਚ ਗਈ ਤਾਂ ਇਸ ਦਾ ਮਤਲਬ ਇਸ ਵਿੱਚ ਜ਼ਹਿਰੀਲਾ ਮਾਦਾ ਨਹੀਂ ਹੈ।

**ਸਮੱਸਿਆ ਕਿੱਥੇ ਹੈ:** ਸਮੱਸਿਆ ਹੈ ਸਾਡੇ ਪੀਣ ਵਾਲੇ ਪਾਣੀ ਵਿੱਚ ਜਿਹੜਾ ਸ਼ਹਿਰਾਂ ਦੇ ਸੀਵਰ ਤੇ ਸਨਅਤ ਨੇ ਖ਼ਰਾਬ ਕੀਤਾ ਹੈ। ਅੱਜ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੇ 29 ਫ਼ੀਸਦੀ ਨਮੂਨਿਆਂ ਵਿੱਚ ਯੂਰੇਨੀਅਮ 30 ਪੀਪੀਬੀ ਤੋਂ ਵੱਧ ਪਾਇਆ ਗਿਆ ਜੋ ਭਾਰੀ ਧਾਤ ਹੈ। ਇਹ ਸਿਹਤ ਲਈ ਹਾਨੀਕਾਰਕ ਹੈ। ਸਮੱਸਿਆ ਸਾਡੀ ਐਂਟੀਬਾਇਟਿਕ ਦੀ ਵਰਤੋਂ ਵਿੱਚ ਹੈ। ਕਦੇ ਇਨ੍ਹਾਂ ਦੀ ਗੁਣਵੱਤਾ ਨੂੰ ਜਾਂਚਿਆ ਹੀ ਨਹੀਂ ਜਾਂਦਾ। ਸਮੱਸਿਆ ਸਾਡੇ ਪ੍ਰਾਸੈਸਡ ਫੂਡ ਵਿੱਚ ਵੀ ਹੈ ਜਿਨ੍ਹਾਂ ਵਿੱਚ ਲੰਬੇ ਸਮੇਂ ਲਈ ਸੁਰੱਖਿਅਤ ਰੱਖਣ ਲਈ ਰਸਾਇਣ ਪਾਏ ਜਾਂਦੇ ਹਨ। ਇਨ੍ਹਾਂ ਤੋਂ ਧਿਆਨ ਹਟਾਉਣ ਲਈ ਸਾਰਾ ਦੋਸ਼ ਕਿਸਾਨੀ ਸਿਰ ਮੜ੍ਹਿਆ ਜਾ ਰਿਹਾ ਹੈ।

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

| | |
|---|---|
| ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |
| **ਸਮਾਪਤੀ** | : 8:00 ਵਜੇ |

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |
| ਸਮਾਪਤੀ | : 8:00 ਵਜੇ |

#### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ ਤੱਕ
ਕੀਤਾ ਜਾਂਦਾ ਹੈ।

- ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਪ੍ਰਕਾਸ਼ ਦਿਹਾੜਾ ਗੁਰੂ ਅੰਗਦ ਸਾਹਿਬ ਜੀ ਅਤੇ ਪ੍ਰਕਾਸ਼ ਦਿਹਾੜਾ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਮਨਾਇਆ ਜਾਵੇਗਾ। ਇਸ ਮੌਕੇ ਦੋ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ।

1. **ਬੀਬੀ ਮਨਦੀਪ ਕੌਰ ਅਟਵਾਲ ਪਰਿਵਾਰ ਵਲੋਂ** 2. **ਭਾਈ ਨਰਿੰਦਰ ਸਿੰਘ ਖਹਿਰਾ ਪਰਿਵਾਰ ਵਲੋਂ**

- ਇਨ੍ਹਾਂ ਅਖੰਡਪਾਠ ਸਾਹਿਬ ਦੀ ਅਰੰਭਤਾ 18 ਅਪ੍ਰੈਲ ਦਿਨ ਸ਼ੁੱਕਰਵਾਰ 9:30 ਵਜੇ ਹੋਵੇਗੀ ਅਤੇ ਭੋਗ ਦਿਨ ਐਤਵਾਰ 20 ਅਪ੍ਰੈਲ ਨੂੰ 9:30 ਵਜੇ ਪਾਏ ਜਾਣਗੇ ਉਪਰੰਤ ਖੁੱਲ੍ਹੇ ਦੀਵਾਨ ਸਜਣਗੇ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
- ਸ਼ੁੱਕਰਵਾਰ 18 ਅਪ੍ਰੈਲ 9:30 ਵਜੇ ਭਾਈ ਰਾਜਵਿੰਦਰ ਸਿੰਘ ਪਰਵਾਰ ਵੱਲੋਂ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।
- ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਸਤਨਾਮ ਸਿੰਘ ਪਨੂੰ ਪਰਿਵਾਰ ਵਲੋਂ ਆਪਣੇ ਬੇਟੇ ਦੀ ਸਲਾਨਾ ਯਾਦ ਵਿੱਚ ਹੋਵੇਗੀ।
- ਐਤਵਾਰ 20 ਅਪ੍ਰੈਲ ਨੂੰ 9:30 ਵਜੇ ਦੋ ਪਰਿਵਾਰਾਂ ਵਲੋਂ ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ:
- **1.ਭਾਈ ਹਰਮਨਦੀਪ ਸਿੰਘ ਪਰਿਵਾਰ ਵਲੋਂ** 2. **ਬੀਬੀ ਕੁਲਵਿੰਦਰ ਕੌਰ ਖਹਿਰਾ ਪਰਿਵਾਰ ਵਲੋਂ**
- ਅੰਤਮ ਸਸਕਾਰ ਸਵ: ਭਾਈ ਦਰਸ਼ਨ ਸਿੰਘ ਸੰਘੇੜਾ ਦਾ ਰਿਵਰ ਸਾਈਡ ਡੈਲਟਾ ਵਿਖੇ 10 ਵਜੇ ਹੋਵੇਗਾ ਉਪਰੰਤ ਭੋਗ ਸ੍ਰੀ ਗੁਰੂ ਸਿੰਘ ਸਭਾ ਵਿਖੇ 11:30 ਵਜੇ ਪਾਏ ਜਾਣਗੇ ਉਪਰੰਤ ਅਤੇ ਅੰਤਮ ਅਰਦਾਸ ਹੋਵੇਗੀ।
- ਅੰਤਮ ਸਸਕਾਰ 11:00 ਵਜੇ ਸਵ: ਭਾਈ ਭਾਗ ਸਿੰਘ ਜਸਲ ਦਾ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ ਅਤੇ ਭੋਗ 12:30 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- ਅੰਤਮ ਸੰਸਕਾਰ ਸਵ: ਬੀਬੀ ਰਜਿੰਦਰ ਕੌਰ ਸੇਖੋਂ ਦਾ 12:00 ਵਜੇ ਐਬਟਸਫੋਰਡ ਵਿਖੇ ਹੋਵੇਗਾ। ਭੋਗ ਅਤੇ ਅੰਤਮ ਅਰਦਾਸ 2:30 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਹੋਵੇਗੀ।
- **ਸ਼ਾਮ ਦੇ ਕੀਰਤਨ ਅਤੇ ਲੰਗਰ ਦੀ ਸੇਵਾ ਪੰਜ ਪਰਿਵਾਰਾਂ ਵਲੋਂ ਹੋਵੇਗੀ:**
- **1.ਭਾਈ ਸ਼ਮਸ਼ੇਰ ਸਿੰਘ ਅਫ਼ਗਾਨੀ** **2.ਭਾਈ ਦਰਸਪ੍ਰੀਤ ਸਿੰਘ ਕੰਬੋ**
- **3.ਭਾਈ ਗੁਰਪ੍ਰੀਤ ਸਿੰਖ ਪਰਿਵਾਰ ਵਲੋਂ ਬੱਚੇ ਦੇ ਜਨਮ ਦੀ ਖੁਸ਼ੀ ਵਿੱਚ**
- **4.ਭਾਈ ਜਸਪ੍ਰੀਤ ਸਿੰਘ ਪਰਿਵਾਰ ਵਲੋਂ ਬੱਚਿਆਂ ਦੇ ਜਨਮ ਦੀ ਖੁਸ਼ੀ ਵਿੱਚ**
- **5.ਭਾਈ ਸਰਬਜੀਤ ਸਿੰਘ ਖਹਿਰਾ ਪਰਿਵਾਰ ਵਲੋਂ** **6.ਭਾਈ ਕੁਲਵਿੰਦਰ ਸਿੰਘ ਲਾਲੀ ਪਰਿਵਾਰ ਵਲੋਂ**
- ਸੋਮਵਾਰ 21 ਅਪ੍ਰੈਲ 9:30 ਵਜੇ ਅਨੰਦਕਾਰਜ ਬੱਚੀ ਰਾਜਵਿੰਦਰ ਕੌਰ, ਬੱਚਾ ਮਨਰਾਜ ਸਿੰਘ ਹੋਠੀ ਦਾ ਹੋਵੇਗਾ।
- ਸੋਮਵਾਰ 21 ਅਪ੍ਰੈਲ ਸ਼ਾਮ ਨੂੰ 2:30 ਵਜੇ ਅੰਤਮ ਸਸਕਾਰ ਬੱਚੀ ਰਾਵੀਆ ਦਾ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ ਅਤੇ ਅੰਤਮ ਅਰਦਾਸ 3:30 ਵਜੇ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਵਿਖੇ ਹੋਵੇਗੀ।
- ਵੀਰਵਾਰ ਅਪ੍ਰੈਲ 22 ਨੂੰ 9:30 ਵਜੇ ਅਨੰਦਕਾਰਜ ਬੱਚੀ ਗੁਰਸ਼ਰਨਜੀਤ ਕੌਰ ਦਾ ਹੋਵੇਗਾ।

**ਰਾਗੀ ਜੱਥਾ : ਭਾਈ ਜਸਵੰਤ ਸਿੰਘ ਅੰਮ੍ਰਿਤਸਰ ਵਾਲੇ**
**ਭਾਈ ਪ੍ਰਿਤਪਾਲ ਸਿੰਘ ਬੰਗਲਾ ਸਾਹਿਬ ਵਾਲੇ**

**ਕਥਾਵਾਚਕ : ਭਾਈ ਨਿਸ਼ਾਨ ਸਿੰਘ**

**ਢਾਡੀ ਜਥਾ : ਭਾਈ ਜਗਜੀਵਨ ਸਿੰਘ ਅਰਜਨਵਾਲ ਵਾਲੇ**

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**

# HAPPY VAISAKHI

ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ

## CityMed Pharmacy

Your Partner in Health



FREE DELIVERY

**Our Services :**

- Compliance Packaging
- Specialty Compounding
- Travel Vaccinations
- Home Monitoring Program
- Best Prices!

www.citymedhealth.ca

**2 Locations: Surrey & White Rock**

107 - 14818 60 Ave, Surrey BC, V3S 0B5

604-593-8866

4 - 1493, Foster St, White Rock BC, V4B 0C4

604-385-1490





# ਕੈਨੇਡਾ ਸਟਰੌਂਗ

# CANADA STRONG

ਮਾਰਕ ਕਾਰਨੀ ਟੈਕਸ ਘਟਾਉਣਗੇ, ਇਕੋਨੋਮੀ ਮਜ਼ਬੂਤ ਕਰਨਗੇ, ਅਤੇ ਕਰਾਈਮ ਨੂੰ ਨੱਥ ਪਾਉਣਗੇ

Mark Carney will cut taxes, build a stronger economy and cut down on crime

ਵੋਟ ਲਿਬਰਲ • VOTE LIBERAL

Authorized by the registered agent for the Liberal Party of Canada.

ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Christine Dear**
christine@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Erin McNab**
erin@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

# 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

**6878 King Gorge Blvd. Surrey**

# HAPPY VAISAKHI

ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ

## Mortgage Pre-Approved

ANCHOR MORTGAGES CANADA LTD.

MORTGAGE ALLIANCE

# ANCHOR MORTGAGES CANADA

**Specilazing in**

- Residential • Refinance/Renewal
- Private Mortgage • Construction

**ਸ਼ਪੈਸ਼ਲਿਸਟ**

- ਰੈਜ਼ੀਡੈਂਸ਼ਲ/ਰੀਨਯੂਲ • ਰੀਫਾਈਨੈਂਸ
- ਪ੍ਰਾਈਵੇਟ ਮੋਰਗੇਜ਼ • ਕੰਨਸਟ੍ਰਕਸ਼ਨ



## SPECIAL OFFER

FOR FIRTS-TIME HOME BUYER

APPROVED



**GURDEEP (GARY) KALOTI**
PH: 778-255-4292

**KANWALJIT DHALIWAL**
PH: 778-893-7445

## CALL US TODAY : 778-882-2345

Email : info@anchormortgagescanada.com

**We do Commercial Vehicle loan too!**

Address : 2589 Cedar Park Pl unit #204, Abbotsford, BC V2T 3S4

fruiticana kee jaana!

HAPPY EASTER

Rajan MANGOES ARE HERE!

UNBEATABLE BIGGEST SALE IN CANADA

**UNBEATABLE EXTRA SUPER SPECIAL**
BC Hot House & Mexican Round Tomatoes
ਹੌਟ ਹਾਉਸ ਅਤੇ ਮੈਕਸੀਕਨ ਗੋਲ ਟਮਾਟਰ
99¢ lb

**EXTRA SUPER SUPER SPECIAL**
Red Onions 25 lbs
ਪੀਲੇ ਗੰਢੇ
No Limit
$8.99 bag

**SUPER SPECIAL**
Yellow Onions 50 lbs
ਪੀਲੇ ਗੰਢੇ
No Limit
$9.98 bag

Fine Cane Sugar (Indican) 8 lbs
ਗੰਨੇ ਦੀ ਖੰਡ 8lbs
$5.99 bag

Aashirvaad Whole Wheat Atta 20 lbs
ਆਸ਼ੀਰਵਾਦ ਹੋਲ ਵਿਟ ਆਟਾ
$13.99 bag

Indican Punjabi Biscuits 2.2 lbs
ਇੰਡੀਕਨ ਪੰਜਾਬੀ ਕੁਕੀਜ਼
$4.99 pkg.

Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$11.98 bottle

White Guava Juice (Indican) 2.1L
ਚਿੱਟੇ ਅਮਰੂਦ ਦਾ ਜੂਸ ਇੰਡੀਕਨ 2.1 lt
$3.99 ea.+tax

Gachak (Indican) 400 g
ਇੰਡੀਕਨ ਗੁੜ ਗਚਕ
$1.98 pkg.

**SUPER SPECIAL**
Rajan Mangoes (Haden) 4 kg
ਰਾਜਨ ਹੇਡਨ ਅੰਬ
$18.99 box

**SUPER SPECIAL**
English Cucumbers
ਇੰਗਲਿਸ਼ ਖੀਰੇ
2 for 99¢

**SUPER SPECIAL**
Brown Sugar 4 lbs Indican
ਇੰਡੀਕੇਨ ਭੂਰੀ ਖੰਡ
$3.99 bag

**SUPER SPECIAL**
Cilantro
ਧਣੀਆ
2 bunches for 98¢

Fresh Daikon (Moli)
ਮੂਲੀ
99¢ lb

Indian Eggplants
ਦੇਸੀ ਬਤਾਊਂ
$1.49 lb

Sher Besan (Flour) 4 lbs
ਸ਼ੇਰ ਵੇਸਣ
$3.99 bag

Pink Lady Apples
ਗੁਲਾਬੀ ਲੇਡੀ ਸੇਬ
98¢ lb

Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.99 bag

Red Delicious Apples
ਲਾਲ ਸਵਾਦ ਸੇਬ
98¢ lb

Fresh Garlic
ਤਾਜਾ ਲਸਣ
$1.68 lb

Fresh Ginger
ਤਾਜਾ ਅੱਦਰਕ
$1.59 lb

Rapini (Sarson da Saag)
ਸਰਸੋਂ ਦਾ ਸਾਗ
$2.99 bunch

Fresh Spinach
ਪਾਲਕ
$1.49 bunch

Jumbo Cauliflower Size 9
ਵੱਡਾ ਗੋਭੀ ਦਾ ਫੁੱਲ ਸਾਈਜ਼ ੯
$3.88 ea.

Heer Multigrain Atta 10 lbs
ਹੀਰ ਮਲਟੀਗਰੇਨ ਆਟਾ 10 lbs
$9.99 bag

Heer Apna Desi Atta 20 lbs
ਹੀਰ ਆਪਣਾ ਦੇਸੀ ਆਟਾ 20 lbs
$12.99 bag

Chickpeas & Red Lentil Whole
ਚਿੱਟੇ ਛੋਲੇ ਧੋਤੀ ਮਸਰਾਂ ਦੀ ਦਾਲ
88¢ lb

Red Lentil Whole, Red Lentil Split, Black Chana & Chickpeas 4 lbs (Indican)
ਧੋਤੀ ਮਸਰਾਂ ਦੀ ਦਾਲ ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ ਚਿੱਟੇ ਛੋਲੇ (ਇੰਡੀਕੈਨ)
$3.98 bag

Roasted Peanuts in Shell
ਭੁੱਜੀ ਮੂੰਗਫਲੀ
99¢ lb

Party Trays 6 Sections 40's (Royal)
ਪਾਰਟੀ ਟ੍ਰੇ ਸ਼ਾਹੀ ਬਾਇਓਡੀਗਰੇਡੇਬਲ 6 ਭਾਗ
$7.98 pkg.

Nanak Paneer 341 g
ਨਾਨਕ ਪਨੀਰ
$4.98 pkg.

Nanak Ghee 1.6 kg
ਨਾਨਕ ਘਿਓ
$26.98 ea.

Nanak Rasmalai 850 g
ਨਾਨਕ ਰਸਮਲਾਈ
$8.89 ea.

Indican Premium Tea 216's
ਇੰਡੀਕਨ ਚਾਹ
$5.99 box

Basmati Rice 10 lbs (Taj Mahal Relish)
ਬਾਸਮਤੀ ਚਾਵਲ 10 lb (ਤਾਜ ਮਹਿਲ)
$9.98 bag

Product images may differ from the actual product.

**Thur Apr 17, 2025 - Wed Apr 23, 2025**
We reserve the right to limit the quantities while they last
**Specials valid for Lower Mainland only**

23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005

fruiticana SINCE 1994

BUSINESS HOURS 9 AM - 9 PM 7 DAYS A WEEK

Disclaimer: We reserve the right to add restrictions on products with a minimum purchase

THE SOUTH SURREY/WHITE ROCK FRUITICANA NOW OPEN AT 1812, 152ND ST.

| | | |
|---|---|---|
| Newton | 13783 72nd Ave. Surrey | 604-590-2080 |
| Newton | 13156 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| Surrey | 101-1812 152St. | 604-539-5736 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |